ਉਨੀਵਾਂ ਸਾਲ

# ਪਰਦੇਸ ਟਾਇਮਜ਼

ਮਾਂ ਬੋਲੀ ਨੂੰ ਸਮਰਪਿਤ

www.pardestimes.com

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 | No. 464 | January 9, 2025 | E-mail : info@pardestimes.com | Ph 510-938-7771

## ਪੰਜਾਬ ਵਿਚ ਜਲਦੀ ਖੜ੍ਹਾ ਹੋ ਸਕਦਾ ਹੈ ਨਵਾਂ ਅਕਾਲੀ ਦਲ

ਫਰੀਦਕੋਟ- ਪੰਜਾਬ ਵਿਚ ਅਕਾਲੀ ਦਲ ਦੀ ਸਿਆਸਤ ਲਗਾਤਾਰ ਦਮ ਤੋੜਦੀ ਨਜ਼ਰ ਆ ਰਹੀ ਹੈ। ਅਕਾਲੀ ਦਲ (ਬਾਦਲ) ਦੇ ਬਿਖਰਾਅ ਅਤੇ ਅਕਾਲ ਤਖਤ ਵੱਲੋਂ ਸੁਖਬੀਰ ਬਾਦਲ ਸਮੇਤ ਅਕਾਲੀ ਦਲ ਦੇ ਕਈ ਲੀਡਰਾਂ ਨੂੰ ਧਾਰਮਿਕ ਸਜ਼ਾ




ਸੁਣਾਏ ਜਾਣ ਦੇ ਬਾਵਜੂਦ ਅਜਿਹੀ ਉਮੀਦ ਫਿਲਹਾਲ ਨਜ਼ਰ ਨਹੀਂ ਆਉਂਦੀ ਕਿ ਅਕਾਲੀ ਦਲ (ਬਾਦਲ) ਦੁਬਾਰਾ ਇੰਨੀ ਜਲਦੀ ਖੜ੍ਹਾ ਹੋ ਸਕਦਾ ਹੈ। ਪਰ ਅਕਾਲੀ ਦਲ ਦੀ ਇਸ ਦੁਰਦਸ਼ਾ ਤੋਂ ਬਾਅਦ ਨਵੀਂ ਪੰਥਕ ਸਿਆਸਤ ਉਭਰਨ ਦੇ ਸੰਕੇਤ ਮਿਲਣਾ ਸੁਭਾਵਿਕ ਹੈ।


ਜਾਣਕਾਰੀ ਮੁਤਾਬਕ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਵੱਲੋਂ 14 ਜਨਵਰੀ ਨੂੰ ਨਵੀ ਖੇਤਰੀ ਪਾਰਟੀ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਪਿੰਡ ਜੱਲੂਪੁਰ ਖੇੜਾ ਵਿੱਚ ਇਕੱਠ ਬੁਲਾ ਕੇ ਸਮਰਥਕਾਂ ਤੋਂ ਪ੍ਰਵਾਨਗੀ ਲਈ ਗਈ ਹੈ। ਇਸ ਮੌਕੇ ਪਾਰਟੀ ਦੇ ਨਾਮ ਨੂੰ ਲੈ ਕੇ ਵੀ ਕਈ ਚਰਚਾਵਾਂ ਚੱਲ ਰਹੀਆਂ ਹਨ। ਜਿਸ 'ਚ ਪਾਰਟੀ ਦੇ ਮੈਂਬਰਾਂ ਵੱਲੋਂ ਤਿੰਨ ਨਾਮਾਂ ਨੂੰ ਗੁਪਤ ਰੱਖਿਆ ਗਿਆ ਹੈ ਅਤੇ ਮਾਘੀ ਵਾਲੇ ਦਿਨ ਇਸ ਦਾ ਖ਼ੁਲਾਸਾ ਹੋਵੇਗਾ।

# ਗੋਲੀਬਾਰੀ ਅਤੇ ਦਹਿਸ਼ਤਗਰਦੀ ਦੀਆਂ ਘਟਨਾਵਾਂ ਹੋਣਗੀਆਂ ਟਰੰਪ ਪ੍ਰਸ਼ਾਸਨ ਲਈ ਚੁਣੌਤੀ

## ਅਮਰੀਕਾ ਵਿਚ ਬੀਤੇ ਸਾਲ 414 ਘਟਨਾਵਾਂ ਵਿਚ ਹਜ਼ਾਰਾਂ ਲੋਕਾਂ ਅਤੇ ਬੱਚਿਆਂ ਨੇ ਗੁਆਈ ਜਾਨ

ਵਾਸ਼ਿੰਗਟਨ- ਅਮਰੀਕਾ ਦੇ ਨਿਊ ਓਰਲੀਨਜ਼ ਵਿੱਚ ਨਵੇਂ ਸਾਲ ਦਾ ਜਸ਼ਨ ਅਚਾਨਕ ਸੋਗ ਵਿੱਚ ਬਦਲ ਗਿਆ। ਦਰਅਸਲ, ਨਿਊ ਓਰਲੀਨਜ਼ ਦੀ ਬੋਰਬਨ ਸਟ੍ਰੀਟ 'ਤੇ ਨਵੇਂ ਸਾਲ ਲਈ ਤਿਉਹਾਰ ਦਾ ਮਾਹੌਲ ਸੀ। ਨਵੇਂ ਸਾਲ ਦਾ ਜਸ਼ਨ ਮਨਾਉਣ ਲਈ ਵੱਡੀ ਗਿਣਤੀ ਵਿੱਚ ਲੋਕ ਉੱਥੇ ਇਕੱਠੇ ਹੋਏ ਸਨ। ਉਦੋਂ ਅਚਾਨਕ ਇੱਕ ਤੇਜ਼ ਰਫ਼ਤਾਰ ਪਿਕਅੱਪ ਟਰੱਕ ਵੈਨ ਭੀੜ ਨੂੰ ਕੁਚਲਦੀ ਹੋਈ ਲੰਘ ਗਈ। ਇਸ ਹਾਦਸੇ ਵਿੱਚ 15 ਲੋਕਾਂ ਦੀ ਜਾਨ ਚਲੀ ਗਈ। ਉਥੇ ਕਈ ਜ਼ਖਮੀ ਹੋ ਗਏ। ਇੱਕ ਹਮਲਾਵਰ ਨੇ ਕੁਈਨਜ਼, ਨਿਊਯਾਰਕ ਵਿੱਚ ਇੱਕ ਨਾਈਟ ਕਲੱਬ ਵਿੱਚ ਅੰਨ੍ਹੇਵਾਹ ਗੋਲ਼ੀਬਾਰੀ ਕੀਤੀ, ਜਿਸ ਵਿੱਚ ਕਈ ਲੋਕ ਜ਼ਖ਼ਮੀ ਹੋ ਗਏ। ਜਿਸ ਨਾਈਟ ਕਲੱਬ ਵਿਚ ਇਹ ਘਟਨਾ ਵਾਪਰੀ ਉਸ ਦਾ ਨਾਂ ਅਮਜੁਰਾ ਨਾਈਟ ਕਲੱਬ ਹੈ। ਗੋਲ਼ੀਬਾਰੀ ਬੀਤੀ ਰਾਤ ਕਰੀਬ 11.45 ਵਜੇ ਹੋਈ।





ਲਾਸ ਵੇਗਾਸ ਦੇ ਟਰੰਪ ਹੋਟਲ ਦੇ ਬਾਹਰ ਇੱਕ ਟੈਸਲਾ ਸਾਈਬਰ ਟਰੱਕ ਵਿਚ ਹੋਏ ਧਮਾਕੇ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਘੱਟੋ ਘੱਟ ਸੱਤ ਹੋਰ ਜ਼ਖਮੀ ਹੋ ਗਏ। ਐੱਫਬੀਆਈ ਨੇ ਕਿਹਾ ਕਿ ਉਹ ਜਾਂਚ ਕਰ ਰਹੇ ਹਨ। ਘਟਨਾ ਮੌਕੇ ਹੋਟਲ ਦੇ ਅੰਦਰ ਅਤੇ ਬਾਹਰ ਮੌਜੂਦ ਚਸ਼ਮਦੀਦਾਂ ਵੱਲੋਂ ਲਈਆਂ ਗਈਆਂ ਵੀਡੀਓਜ਼ ਵਿੱਚ ਇਕ ਵਾਹਨ ਵਿੱਚ ਧਮਾਕਾ ਹੁੰਦਾ ਨਜ਼ਰ ਆ ਰਿਹਾ ਸੀ ਅਤੇ ਇਸ ਵਿੱਚੋਂ ਅੱਗ ਦੀਆਂ ਲਪਟਾਂ ਨਿਕਲਦੀਆਂ ਸਨ। ਇਹ ਤਾਂ ਕੁਝ ਘਟਨਾਵਾਂ ਹਨ ਜੋ ਹਾਲ ਹੀ ਵਿਚ ਵਾਪਰੀਆਂ ਹਨ। ਅਮਰੀਕਾ ਦਾ ਮਾਹੌਲ ਇੰਨਾ ਖਤਰਨਾਕ ਹੋ ਗਿਆ ਹੈ ਕਿ ਹੁਣ ਪਤਾ ਨਹੀਂ ਚੱਲਦਾ ਕਿ ਕਿੱਥੇ ਕੋਈ ਸਿਰਫਿਰਿਆ ਗੋਲੀਆਂ ਚਲਾ ਕੇ ਨਿਰਦੋਸ਼ ਲੋਕਾਂ ਦੀ ਜਾਨ ਲੈ ਲਵੇ। ਪ੍ਰਾਪਤ ਅੰਕੜਿਆਂ ਮੁਤਾਬਕ ਬੀਤੇ ਸਾਲ 2014 ਵਿਚ 491 ਤੋਂ ਵੱਧ ਘਟਨਾਵਾਂ ਗੋਲੀਬਾਰੀ ਦੀਆਂ ਵਾਪਰੀਆਂ। ਹਾਲਾਂਕਿ ਮੌਜੂਦਾ ਬਾਈਡਨ ਪ੍ਰਸ਼ਾਸਨ ਦਾ ਕਹਿਣਾ ਹੈ ਸਾਲ 2019 ਦੇ ਮੁਕਾਬਲੇ ਘਟਨਾਵਾਂ ਵਿਚ ਕੰਮੀ ਆਈ ਹੈ। ਪਰ ਇਸ ਸਾਲ ਇਹਨਾਂ ਘਟਨਾਵਾਂ ਵਿਚ 500 ਤੋਂ ਜ਼ਿਆਦਾ ਲੋਕੀ ਮਾਰੇ ਜਾ ਚੁੱਕੇ ਹਨ ਅਤੇ 2134 ਲੋਕੀ ਜਖ਼ਮੀ ਹੋਏ ਹਨ। ਬੀਤੇ ਸਾਲ 2023 ਵਿਚ ਅਜਿਹੀਆਂ ਘਟਨਾਵਾਂ ਵਿਚ ਮਰਨ ਵਾਲਿਆਂ ਦੀ ਗਿਣਤੀ 656 ਰਹੀ ਸੀ।ਅੰਕੜੇ ਜੋ ਮਰਜ਼ੀ ਕਹੀ ਜਾਣ ਪਰ ਅਮਰੀਕਾ ਵਿਚ ਇਹ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਇਸੇ ਮਹੀਨੇ ਅਮਰੀਕਾ ਦੇ ਰਾਸ਼ਟਰਪਤੀ ਦੀ ਕਮਾਨ ਸੰਭਾਲਣ ਜਾ ਰਹੇ ਸ੍ਰੀ ਡੋਨਾਲਡ ਟਰੰਡ ਲਈ ਇਹ ਸਭ ਤੋਂ ਵੱਡੀ ਚੁਣੌਤੀ ਹੈ।

# ਟਰੂਡੋ ਦੀਆਂ ਵਧੀਆਂ ਮੁਸ਼ਕਿਲਾਂ, ਚੋਣਾਂ ਦੀਆਂ ਤਿਆਰੀਆਂ ਦੇ ਸੰਕੇਤ

ਟਰਾਂਟੋ- ਨਵੇਂ ਸਾਲ ਦੀਆਂ ਛੁੱਟੀਆਂ ਵਿੱਚ ਕੈਨੇਡਾ ਦੀ ਸਿਆਸਤ ਗਰਮਾਈ ਹੋਈ ਹੈ। ਉਨ੍ਹਾਂ ਦੀ ਕਾਕਸ ਵੱਲੋਂ ਬਹੁਮਤ ਦੇ ਨਾਲ ਟਰੂਡੋ ਨੂੰ ਅਸਤੀਫਾ ਦੇਣ ਲਈ ਮਨਾਇਆ ਜਾ ਰਿਹਾ ਹੈ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਛੁੱਟੀਆਂ 'ਤੇ ਚੱਲ ਰਹੇ ਸਨ, ਇਸ ਬਾਰੇ ਸੋਚ ਰਹੇ ਸਨ ਕਿ ਕੀ ਅਹੁਦੇ 'ਤੇ ਰਹਿਣਾ ਹੈ ਜਾਂ ਜਾਣਾ ਹੈ। ਬੀਤੇ ਵਿੱਚ ਹੋਈਆਂ ਮੱਧਕਾਲੀ ਚੋਣਾਂ ਵਿੱਚ ਟਰੂਡੋ ਬਹੁਤ ਨਿਰਾਸ਼ ਹਨ ਅਤੇ ਆਪਣੀ ਪਾਰਟੀ ਦੇ ਅੰਦਰੋਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਕੀ ਉਹ ਕੈਨੇਡੀਅਨਾਂ ਨੂੰ ਇੱਕਜੁੱਟ ਕਰਨ ਲਈ ਸਹੀ ਆਗੂ ਹਨ। ਉਸ ਦਾ ਇਹ ਫੈਸਲਾ ਉਦੋਂ ਆਇਆ ਹੈ ਜਦੋਂ ਕੈਨੇਡਾ ਟੈਰਿਫ ਯੁੱਧ ਲਈ ਤਿਆਰ ਹੈ ਜਦੋਂ ਡੋਨਾਲਡ ਟਰੰਪ ਦੋ ਹਫ਼ਤਿਆਂ ਵਿੱਚ ਵ੍ਹਾਈਟ ਹਾਊਸ ਵਾਪਸ ਪਰਤਣਗੇ।



ਕੈਨੇਡੀਅਨ ਲੋਕ ਛੇਤੀ 2025 ਵਿੱਚ ਚੋਣਾਂ ਵਿੱਚ ਹਿੱਸਾ ਲੈਣਗੇ, ਇਸ ਲਈ ਫੈਡਰਲ ਚੋਣਾਂ ਦਾ ਐਲਾਨ ਜਨਵਰੀ ਦੇ ਅਖੀਰ ਵਿੱਚ ਹੋ ਸਕਦਾ ਹੈ ਜੇਕਰ ਟਰੂਡੋ ਦੇ ਵਿਰੋਧੀ ਸਦਨ ਦੇ ਬਰੇਕ ਤੋਂ ਵਾਪਸ ਆਉਣ 'ਤੇ ਘੱਟ ਗਿਣਤੀ ਸਰਕਾਰ ਨੂੰ ਡੇਗ ਦਿੰਦੇ ਹਨ। ਕੈਲਗਰੀ ਦੇ ਪੰਜਾਬੀ ਸੰਸਦ ਮੈਂਬਰ ਜਾਰਜ ਚਹਿਲ ਨੇ 27 ਦਸੰਬਰ ਨੂੰ ਕਾਕਸ ਨੂੰ ਲਿਖੇ ਇੱਕ ਪੱਤਰ ਵਿੱਚ ਲਿਖਿਆ, "ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਹੁਣ ਕਾਕਸ ਦਾ ਸਮਰਥਨ ਨਹੀਂ ਹੈ ਅਤੇ ਕੁਝ ਮਾਣ ਬਰਕਰਾਰ ਰੱਖਣ ਲਈ ਉਹਨਾਂ ਨੂੰ ਤੁਰੰਤ ਆਪਣਾ ਅਸਤੀਫਾ ਦੇ ਦੇਣਾ ਚਾਹੀਦਾ ਹੈ।ਇਸਤੋਂ ਇਲਾਵਾ ਮਾਂਟਰੀਅਲ ਤੋਂ ਮੈਂਬਰ ਪਾਰਲੀਮੈਂਟ ਅੰਜੂ ਢਿੱਲੋਂ ਨੇ ਵੀ ਅਸਤੀਫੇ ਦੀ ਮੰਗ ਕੀਤੀ ਹੈ। ਇੱਕ ਤਾਜ਼ਾ ਵਰਚੁਅਲ ਮੀਟਿੰਗ ਤੋਂ ਬਾਅਦ ਜਿਸ ਦੌਰਾਨ ਨਟਾਰੀ ਤੋਂ ਸੰਸਦ ਦੇ 51 ਲਿਬਰਲ ਮੈਂਬਰਾਂ ਨੇ ਟਰੂਡੋ ਦੀ ਲੀਡਰਸ਼ਿਪ ਬਾਰੇ ਚਰਚਾ ਕੀਤੀ। ਇਕੱਠ ਤੋਂ ਬਾਅਦ, ਪਾਰਟੀ ਦੇ ਸਭ ਤੋਂ ਵੱਡੇ ਕਾਕਸ ਸਮੂਹ ਨੇ ਪ੍ਰਧਾਨ ਮੰਤਰੀ ਨੂੰ ਇੱਕ ਸੰਦੇਸ਼ ਜਾਰੀ ਕੀਤਾ ਛੇਤੀ ਅਸਤੀਫ਼ਾ ਦੇਣ। ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਇੱਕ ਲਿਬਰਲ ਨੇ ਕਿਹਾ, "ਅਸੀਂ ਇੱਕ ਬ੍ਰੇਕਿੰਗ ਪੁਆਇੰਟ ਉੱਤੇ ਪਹੁੰਚ ਗਏ ਹਾਂ, ਸਮਾਂ ਇੱਕ ਨਾਜ਼ੁਕ ਸਥਿਤੀ ਵਿੱਚ ਪਹੁੰਚ ਗਿਆ ਹੈ ਅਤੇ ਇਹ ਪਹਿਲਾਂ ਨਹੀਂ ਸੀ। ਇਹ ਚਰਚਾਵਾਂ ਵੀ ਚੱਲ ਰਹੀਆਂ ਹਨ ਜਸਟਿਨ ਟਰੂਡੋ ਛੁੱਟੀਆਂ ਤੋਂ ਬਾਅਦ ਪਹਿਲੇ ਹਫ਼ਤੇ ਅਸਤੀਫਾ ਦੇ ਦੇਣਗੇ।

MST INS SERV INC
Long Haul
A Rated Market
Licensed



Washington/CA/Indiana/Texas/nevada/New Jersey ਦੇ ਲਈ Insurance ਜੋ ਬਹੁਤ ਵਧੀਆ ਰੇਟ 'ਤੇ ਕਰਵਾ ਸਕਦੇ ਹੋ।
ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ
Mandeep Thiara
Owner/Broker-Agent
Lic #600363
Tel (209) 407-4236
Fax (209) 666-1428
Cell (209) 666-0032
info@mstinsurance.net
3941 Holly Drive Suite #1 Tracy, CA 95304



Turning 65 Years Old?
If you've got questions, I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ
ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ
ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਸਹਿਯੋਗ ਕਰਨ ਵਾਲੀਆਂ ਪਾਰਟੀਆਂ ਦੇ ਨਿਸ਼ਾਨੇ 'ਤੇ ਕਾਂਗਰਸ



ਸੰਜੇ ਗੁਪਤ

ਬੀਤੇ ਕੁਝ ਸਮੇਂ ਤੋਂ ਵਿਰੋਧੀ ਗੱਠਜੋੜ ਆਈਐਂਨਡੀਆਈਏ ਵਿਚ ਉਥਲ-ਪੁਥਲ ਜਿਹੀ ਮਚੀ ਹੋਈ ਹੈ। ਇਹ ਉਥਲ-ਪੁਥਲ ਸਭ ਤੋਂ ਵੱਧ ਕਾਂਗਰਸ ਨੂੰ ਅਸਹਿਜ ਕਰ ਰਹੀ ਹੈ। ਆਈਐਂਨਡੀਆਈਏ ਵਿਚ ਸਭ ਕੁਝ ਠੀਕ ਨਹੀਂ, ਇਸ ਦਾ ਪਹਿਲਾ ਸੰਕੇਤ ਹਾਲ ਹੀ ਵਿਚ ਉਦੋਂ ਮਿਲਿਆ ਜਦ ਤ੍ਰਿਣਮੂਲ ਕਾਂਗਰਸ ਦੀ ਨੇਤਾ ਮਮਤਾ ਬੈਨਰਜੀ ਨੇ ਕਿਹਾ ਕਿ ਉਹ ਗੱਠਜੋੜ ਦੀ ਅਗਵਾਈ ਕਰਨ ਲਈ ਤਿਆਰ ਹਨ।

ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਆਇਆ ਜਦ ਕਾਂਗਰਸ ਅਡਾਨੀ ਮਾਮਲੇ ਨੂੰ ਲੈ ਕੇ ਸੰਸਦ ਵਿਚ ਹੰਗਾਮਾ ਕਰਨ ਵਿਚ ਲੱਗੀ ਹੋਈ ਸੀ। ਇਸ ਤੋਂ ਇਹੀ ਸਾਫ਼ ਹੋਇਆ ਕਿ ਗੱਠਜੋੜ ਦੀਆਂ ਸਾਰੀਆਂ ਪਾਰਟੀਆਂ ਅਡਾਨੀ ਮਾਮਲੇ ਨੂੰ ਤੂਲ ਦੇਣ ਨੂੰ ਤਿਆਰ ਨਹੀਂ ਹਨ। ਇਹ ਅਜੀਬੋ-ਗ਼ਰੀਬ ਹੈ ਕਿ ਅਡਾਨੀ ਮਾਮਲੇ 'ਤੇ ਕਾਂਗਰਸ ਨੂੰ ਖੇਤਰੀ ਪਾਰਟੀਆਂ ਦੀ ਨਸੀਹਤ ਸੁਣਨੀ ਪਈ।

ਮਮਤਾ ਬੈਨਰਜੀ ਨੂੰ ਗੱਠਜੋੜ ਦਾ ਢੁੱਕਵਾਂ ਨੇਤਾ ਦੱਸਣ ਵਾਲੇ ਬਿਆਨਾਂ ਦਾ ਸਮਰਥਨ ਕੁਝ ਹੋਰ ਨੇਤਾਵਾਂ ਅਤੇ ਖ਼ਾਸ ਤੌਰ 'ਤੇ ਲਾਲੂ ਪ੍ਰਸਾਦ ਯਾਦਵ ਨੇ ਵੀ ਕਰ ਦਿੱਤਾ। ਜਦ ਸਮਾਜਵਾਦੀ ਪਾਰਟੀ ਦੇ ਜਨਰਲ ਸਕੱਤਰ ਰਾਮ ਗੋਪਾਲ ਯਾਦਵ ਨੇ ਕਿਹਾ ਕਿ ਆਈਐਂਨਡੀਆਈਏ ਦੇ ਨੇਤਾ ਰਾਹੁਲ ਨਹੀਂ, ਮੱਲਿਕਾਰਜੁਨ ਖੜਗੇ ਹਨ, ਤਾਂ ਇਹ ਸਾਫ਼ ਹੋਇਆ ਕਿ ਕਾਂਗਰਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਰਾਹੁਲ ਦੀ ਅਗਵਾਈ ਰਾਸ ਨਹੀਂ ਆ ਰਹੀ ਹੈ। ਕਾਂਗਰਸ ਦੀ ਮੁਸ਼ਕਲ ਇਹ ਹੈ ਕਿ ਉਹ ਰਾਹੁਲ ਗਾਂਧੀ ਨੂੰ ਗੱਠਜੋੜ ਦੇ ਨੇਤਾ ਹੀ ਨਹੀਂ, ਭਾਵੀ ਪ੍ਰਧਾਨ ਮੰਤਰੀ ਦੇ ਰੂਪ ਵਿਚ ਵੀ ਦੇਖਦੀ ਹੈ। ਬੀਤੇ ਦਿਨੀਂ ਕਾਂਗਰਸ ਦੀ ਕਠਿਨਾਈ ਉਦੋਂ ਹੋਰ ਵਧ ਗਈ ਜਦ ਆਮ ਆਦਮੀ ਪਾਰਟੀ (ਆਪ) ਦੇ ਨੇਤਾਵਾਂ ਨੇ ਦਿੱਲੀ ਵਿਚ ਕੁਝ ਕਾਂਗਰਸੀਆਂ 'ਤੇ ਦੋਸ਼ ਲਗਾਇਆ ਕਿ ਉਹ ਭਾਜਪਾ ਨਾਲ ਮਿਲ ਕੇ ਉਸ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਹਰਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਆਮ ਆਦਮੀ ਪਾਰਟੀ ਦੇ ਨੇਤਾ ਕਾਂਗਰਸ 'ਤੇ ਇਸ ਲਈ ਭੜਕੇ ਕਿਉਂਕਿ ਅਜੈ ਮਾਕਨ ਨੇ ਕੇਜਰੀਵਾਲ ਨੂੰ ਫਰਜੀਵਾਲ ਕਰਾਰ ਦਿੰਦੇ ਹੋਏ ਕਿਹਾ ਸੀ ਕਿ ਉਹ ਉਨ੍ਹਾਂ ਯੋਜਨਾਵਾਂ ਜ਼ਰੀਏ ਲੋਕਾਂ ਨੂੰ ਧੋਖਾ ਦੇ ਰਹੇ ਹਨ ਜੋ ਹੋਂਦ ਵਿਚ ਹੀ ਨਹੀਂ ਹਨ। ਅਜੈ ਮਾਕਨ ਨੇ ਇਹ ਵੀ ਕਿਹਾ ਕਿ 2013 ਵਿਚ ਆਮ ਆਦਮੀ ਪਾਰਟੀ ਨੂੰ ਸਮਰਥਨ ਦੇ ਕੇ ਉਸ ਦੀ ਸਰਕਾਰ ਬਣਵਾਉਣਾ ਕਾਂਗਰਸ ਦੀ ਭੁੱਲ ਸੀ। ਉਨ੍ਹਾਂ ਨੇ ਬੀਤੀਆਂ ਲੋਕ ਸਭਾ ਚੋਣਾਂ ਵਿਚ ਦਿੱਲੀ ਵਿਚ ਆਮ ਆਦਮੀ ਪਾਰਟੀ ਨਾਲ ਸਮਝੌਤੇ ਨੂੰ ਵੀ ਸਹੀ ਨਹੀਂ ਮੰਨਿਆ। ਅਜੈ ਮਾਕਨ ਨੇ ਕੇਜਰੀਵਾਲ ਨੂੰ ਰਾਸ਼ਟਰ ਵਿਰੋਧੀ ਵੀ ਕਿਹਾ।

ਉਨ੍ਹਾਂ ਦੇ ਇਸ ਬਿਆਨ ਤੋਂ ਬਾਅਦ ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਅਤੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਚੇਤਾਵਨੀ ਦਿੱਤੀ ਕਿ ਜੇ ਕਾਂਗਰਸ ਅਜੈ ਮਾਕਨ ਵਿਰੁੱਧ ਕਾਰਵਾਈ ਨਹੀਂ ਕਰਦੀ ਤਾਂ ਆਮ ਆਦਮੀ ਪਾਰਟੀ ਗੱਠਜੋੜ ਦੀਆਂ ਪਾਰਟੀਆਂ ਤੋਂ ਇਹ ਮੰਗ ਕਰੇਗੀ ਕਿ ਉਹ ਕਾਂਗਰਸ ਨੂੰ ਬਾਹਰ ਕਰ ਦੇਣ। ਇਹ ਹਾਸੋਹੀਣੀ ਮੰਗ ਹੈ ਪਰ ਇਸ ਤੋਂ ਪਤਾ ਲੱਗਦਾ ਹੈ ਕਿ ਆਈਐਂਨਡੀਆਈਏ ਦੀਆਂ ਸਹਿਯੋਗੀ ਪਾਰਟੀਆਂ ਵਿਚ ਤਨਾਤਨੀ ਵਧ ਰਹੀ ਹੈ। ਉਨ੍ਹਾਂ ਦਾ ਏਕਾ ਤਿੜਕਣ ਦਾ ਵੱਡਾ ਫ਼ਾਇਦਾ ਭਾਜਪਾ ਨੂੰ ਹੋਵੇਗਾ।



ਇਸੇ ਲਈ ਉਹ ਚਾਹੁੰਦੀ ਹੈ ਕਿ ਆਈਐਂਨਡੀਆਈਏ ਵਿਚ ਫੁੱਟ ਪੈ ਜਾਵੇ। ਜਦ ਕਾਂਗਰਸ ਦੀ ਅਗਵਾਈ ਵਿਚ ਆਈਐਂਨਡੀਆਈਏ ਦਾ ਗਠਨ ਹੋਇਆ ਸੀ ਤਾਂ ਇਹ ਮੰਨਿਆ ਗਿਆ ਸੀ ਕਿ ਇਹ ਗੱਠਜੋੜ ਆਪਣੀਆਂ ਬਦਲਵੀਆਂ ਨੀਤੀਆਂ ਅਤੇ ਵਿਚਾਰਾਂ ਜ਼ਰੀਏ ਭਾਜਪਾ ਦਾ ਮੁਕਾਬਲਾ ਕਰਨ ਦੇ ਨਾਲ ਹੀ ਦੇਸ਼ ਨੂੰ ਰਾਜਨੀਤਕ ਦਿਸ਼ਾ ਦੇਣ ਦਾ ਵੀ ਕੰਮ ਕਰੇਗਾ ਪਰ ਉਹ ਬਦਲਵੇਂ ਵਿਚਾਰ ਦੇਣ ਵਿਚ ਅਸਮਰੱਥ ਰਿਹਾ। ਆਈਐਂਨਡੀਆਈਏ ਆਪਣਾ ਕੋਈ ਅਸਰਦਾਰ ਦ੍ਰਿਸ਼ਟੀਕੋਣ ਜਾਂ ਘੱਟੋ-ਘੱਟ ਸਾਂਝਾ ਪ੍ਰੋਗਰਾਮ ਦੇਸ਼ ਦੇ ਸਾਹਮਣੇ ਨਹੀਂ ਰੱਖ ਸਕਿਆ। ਉਸ ਨੇ ਕਾਂਗਰਸ ਦੀ ਅਗਵਾਈ ਵਿਚ ਸਿਰਫ਼ ਇਹ ਮਾਹੌਲ ਬਣਾਇਆ ਕਿ ਭਾਜਪਾ ਸੰਵਿਧਾਨ ਬਦਲਣਾ ਚਾਹੁੰਦੀ ਹੈ। ਅਜਿਹੇ ਮਾਹੌਲ ਦੇ ਚੱਲਦੇ ਜਦ ਕਾਂਗਰਸ ਨੂੰ ਲੋਕ ਸਭਾ ਚੋਣਾਂ ਵਿਚ 99 ਸੀਟਾਂ ਮਿਲੀਆਂ ਅਤੇ ਭਾਜਪਾ 240 ਸੀਟਾਂ 'ਤੇ ਸਿਮਟ ਗਈ ਤਾਂ ਅਜਿਹਾ ਪ੍ਰਚਾਰ ਕੀਤਾ ਗਿਆ ਜਿਵੇਂ ਵਿਰੋਧੀ ਗੱਠਜੋੜ ਦੀ ਜਿੱਤ ਹੋਈ ਹੈ। ਇਹ ਪ੍ਰਚਾਰ ਸਭ ਤੋਂ ਜ਼ਿਆਦਾ ਕਾਂਗਰਸ ਨੇ ਕੀਤਾ ਪਰ ਹਰਿਆਣਾ ਤੇ ਫਿਰ ਮਹਾਰਾਸ਼ਟਰ ਦੇ ਚੋਣ ਨਤੀਜਿਆਂ ਨੇ ਉਸ ਦੀ ਹਵਾ ਕੱਢ ਦਿੱਤੀ।

ਕਾਂਗਰਸ ਦੀ ਅਸਰਦਾਰ ਹੋਂਦ ਕਰਨਾਟਕ, ਤੇਲੰਗਾਨਾ, ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਹਿਮਾਚਲ ਪ੍ਰਦੇਸ਼ ਅਤੇ ਕੁਝ ਹੱਦ ਤੱਕ ਹਰਿਆਣਾ-ਪੰਜਾਬ ਵਿਚ ਹੈ। ਹੋਰ ਸੂਬਿਆਂ ਵਿਚ ਜਾਂ ਤਾਂ ਉਹ ਬਹੁਤ ਕਮਜ਼ੋਰ ਹੈ ਜਾਂ ਫਿਰ ਖੇਤਰੀ ਪਾਰਟੀਆਂ ਦੇ ਰਹਿਮੋ-ਕਰਮ 'ਤੇ ਹੈ। ਕਾਂਗਰਸ ਨੂੰ ਆਪਣੀ ਸਿਆਸੀ ਸਥਿਤੀ ਮਜ਼ਬੂਤ ਕਰਨ ਲਈ ਜ਼ੋਰਦਾਰ ਹੰਭਲੇ ਮਾਰਨੇ ਪੈਣਗੇ। ਲੋਕ ਸਭਾ ਵਿਚ ਉਹ ਦੂਜੀ ਸਭ ਤੋਂ ਵੱਡੀ ਪਾਰਟੀ ਬਣ ਕੇ ਜ਼ਰੂਰ ਉੱਭਰਦੀ ਹੈ ਪਰ ਇਸ ਵਿਚ ਸਹਿਯੋਗੀ ਪਾਰਟੀਆਂ ਦਾ ਯੋਗਦਾਨ ਰਹਿੰਦਾ ਹੈ। ਕਾਂਗਰਸ ਦਿੱਲੀ ਵਿਚ ਵੀ ਹਾਸ਼ੀਏ 'ਤੇ ਜਾ ਚੁੱਕੀ ਹੈ। ਦਿੱਲੀ ਵਿਚ ਇਹ ਪਹਿਲਾਂ ਹੀ ਸਾਫ਼ ਹੋ ਗਿਆ ਸੀ ਕਿ ਅਰਵਿੰਦ ਕੇਜਰੀਵਾਲ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨਾਲ ਤਾਲਮੇਲ ਨਹੀਂ ਕਰਨ ਵਾਲੇ। ਦਿੱਲੀ ਵਿਚ ਆਮ ਆਦਮੀ ਪਾਰਟੀ, ਭਾਜਪਾ ਅਤੇ ਕਾਂਗਰਸ ਵਿਚਾਲੇ ਤਿਕੋਣਾ ਮੁਕਾਬਲਾ ਹੋ ਸਕਦਾ ਹੈ। ਬੀਤੇ ਦਸ ਸਾਲਾਂ ਦੀ ਸੱਤਾ ਵਿਰੋਧੀ ਲਹਿਰ ਤੋਂ ਪਾਰ ਪਾਉਣ ਲਈ ਆਮ ਆਦਮੀ ਪਾਰਟੀ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀ ਹੈ। ਜੇ ਤਿਕੋਣਾ ਮੁਕਾਬਲਾ ਨਾ ਹੋਵੇ ਤਾਂ ਆਮ ਆਦਮੀ ਪਾਰਟੀ ਭਾਜਪਾ 'ਤੇ ਭਾਰੀ ਪਵੇਗੀ। ਤਿਕੋਣੇ ਮੁਕਾਬਲੇ ਵਿਚ ਭਾਜਪਾ ਲਈ ਸੰਭਾਵਨਾ ਬਣ ਸਕਦੀ ਹੈ। 'ਆਪ' ਚਾਹੇਗੀ ਕਿ ਕਾਂਗਰਸ ਦਿੱਲੀ ਵਿਚ ਮਜ਼ਬੂਤੀ ਨਾਲ ਨਾ ਲੜੇ।

ਇਸੇ ਲਈ ਉਹ ਕਾਂਗਰਸ ਨੂੰ ਨਿਸ਼ਾਨੇ 'ਤੇ ਲੈ ਰਹੀ ਹੈ ਤੇ ਇਸੇ ਲਈ ਉਸ ਨੇ ਕਾਂਗਰਸ ਨੂੰ ਆਈ ਐਂਨ ਡੀ ਆਈ ਏ ਗੱਠਜੋੜ 'ਚੋਂ ਕਢਵਾਉਣ ਦੀ ਧਮਕੀ ਦੇ ਰਹੀ ਹੈ। ਕਾਂਗਰਸ ਨੂੰ ਦਿੱਲੀ ਵਿਚ ਮਜ਼ਬੂਤੀ ਨਾਲ ਲੜਨ ਲਈ ਭਾਜਪਾ ਦੇ ਨਾਲ-ਨਾਲ 'ਆਪ' ਉੱਪਰ ਵੀ ਹਮਲਾ ਕਰਨਾ ਹੋਵੇਗਾ। ਦਿੱਲੀ ਤੋਂ ਬਾਅਦ ਬਿਹਾਰ ਵਿਚ ਵਿਧਾਨ ਸਭਾ ਚੋਣਾਂ ਹੋਣਗੀਆਂ। ਉੱਥੇ ਕਾਂਗਰਸ ਉਵੇਂ ਹੀ ਰਾਸ਼ਟਰੀ ਜਨਤਾ ਦਲ (ਆਰਜੇਡੀ) 'ਤੇ ਨਿਰਭਰ ਹੋਵੇਗੀ ਜਿਵੇਂ ਝਾਰਖੰਡ ਵਿਚ ਝਾਮੁਮੋ 'ਤੇ ਸੀ।

ਜੇ ਕਾਂਗਰਸ ਨੂੰ ਆਪਣਾ ਭਲਾ ਕਰਨਾ ਹੈ ਤਾਂ ਉਸ ਨੂੰ ਖੇਤਰੀ ਪਾਰਟੀਆਂ ਵਰਗੀ ਰਾਜਨੀਤੀ ਕਰਨ ਤੋਂ ਬਚਣਾ ਹੋਵੇਗਾ। ਜੇ ਕਾਂਗਰਸ ਜਾਤੀ ਜਨਗਣਨਾ, ਦਲਿਤਾਂ-ਪੱਛੜਿਆਂ ਦੀ ਗੋਲਬੰਦੀ, ਘੱਟ-ਗਿਣਤੀਆਂ ਨੂੰ ਭਰਮਾਉਣ, ਅੰਬੇਡਕਰ ਦੀ ਵਿਰਾਸਤ ਆਦਿ ਦੇ ਸਹਾਰੇ ਰਾਜਨੀਤੀ ਕਰੇਗੀ ਤਾਂ ਫਿਰ ਖੇਤਰੀ ਪਾਰਟੀਆਂ ਨੂੰ ਸਮੱਸਿਆ ਹੋਵੇਗੀ ਅਤੇ ਉਹ ਉਸ ਦਾ ਅਸਰ ਘੱਟ ਕਰਨ ਦੀ ਕੋਸ਼ਿਸ਼ ਕਰਨਗੀਆਂ। ਹੈਰਾਨੀ ਨਹੀਂ ਕਿ ਆਈਐਂਨਡੀਆਈਏ ਦੀ ਅਗਵਾਈ ਦਾ ਸਵਾਲ ਇਸ ਲਈ ਉੱਠਿਆ ਹੋਵੇ ਤਾਂ ਕਿ ਕਾਂਗਰਸ ਖੇਤਰੀ ਪਾਰਟੀਆਂ ਵਾਲੇ ਮੁੱਦਿਆਂ ਦੇ ਸਹਾਰੇ ਰਾਜਨੀਤੀ ਕਰਨ ਤੋਂ ਬਾਜ਼ ਆਵੇ। ਜੋ ਵੀ ਹੋਵੇ, ਜੇ ਕਾਂਗਰਸ ਨੇ ਰਾਸ਼ਟਰੀ ਪਾਰਟੀ ਦਾ ਆਪਣਾ ਅਕਸ ਮਜ਼ਬੂਤ ਕਰਨਾ ਹੈ ਅਤੇ ਭਾਜਪਾ ਦਾ ਮੁਕਾਬਲਾ ਕਰਨਾ ਹੈ ਤਾਂ ਉਸ ਨੂੰ ਆਪਣੀ ਮੂਲ ਵਿਚਾਰਧਾਰਾ ਦੇ ਆਧਾਰ 'ਤੇ ਰਾਜਨੀਤੀ ਕਰਨੀ ਹੋਵੇਗੀ।

ਕਾਂਗਰਸ ਇਸ ਤੋਂ ਅਣਜਾਣ ਨਹੀਂ ਹੋ ਸਕਦੀ ਕਿ ਜੇ ਸਹਿਯੋਗੀ ਪਾਰਟੀਆਂ ਆਪਣੇ ਬਲਬੂਤੇ ਸਿਆਸਤ ਕਰਨ ਲੱਗੀਆਂ ਅਤੇ ਕਾਂਗਰਸ ਦਾ ਸਾਥ ਛੱਡ ਦੇਣ ਤਾਂ ਲੋਕ ਸਭਾ ਵਿਚ ਉਸ ਦਾ ਗ੍ਰਾਫ ਹੇਠਾਂ ਆ ਜਾਵੇਗਾ। ਭਾਜਪਾ ਵੀ ਜਾਣਦੀ ਹੈ ਕਿ ਕਾਂਗਰਸ ਮਜ਼ਬੂਤ ਹੋਈ ਤਾਂ ਉਹ ਉਸ ਲਈ ਖ਼ਤਰਾ ਬਣੇਗੀ, ਇਸ ਲਈ ਉਹ ਉਸ ਨੂੰ ਨਿਸ਼ਾਨੇ 'ਤੇ ਰੱਖਣ ਦੇ ਨਾਲ-ਨਾਲ ਉਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਵੀ ਖ਼ਬਰਦਾਰ ਕਰਦੀ ਰਹਿੰਦੀ ਹੈ।

ਭਾਜਪਾ ਲਈ ਇਹ ਸੁਵਿਧਾਜਨਕ ਹੋਵੇਗਾ ਕਿ ਖੇਤਰੀ ਪਾਰਟੀਆਂ ਕਾਂਗਰਸ ਦਾ ਸਾਥ ਛੱਡ ਦੇਣ। ਉਹ ਕਾਂਗਰਸ ਨੂੰ ਅਲੱਗ-ਥਲੱਗ ਕਰ ਕੇ ਲੰਬੇ ਸਮੇਂ ਤੱਕ ਸੱਤਾ ਵਿਚ ਰਹਿ ਸਕਦੀ ਹੈ ਕਿਉਂਕਿ ਹੋਰ ਪਾਰਟੀਆਂ ਦਾ ਕਾਂਗਰਸ ਜਿੰਨਾ ਸਿਆਸੀ ਆਧਾਰ ਨਹੀਂ ਹੈ। ਇਸ ਲਈ ਭਾਜਪਾ ਨੂੰ ਉਨ੍ਹਾਂ ਤੋਂ ਬਹੁਤਾ ਖ਼ਤਰਾ ਨਹੀਂ ਹੈ। ਮੌਜੂਦਾ ਸਿਆਸੀ ਹਾਲਾਤ ਦੇ ਮੱਦੇਨਜ਼ਰ ਕਾਂਗਰਸ ਨੂੰ ਆਪਣੀ ਸਥਿਤੀ ਸੁਧਾਰਨ ਲਈ ਭਾਜਪਾ ਨਾਲ ਆਹਮੋ-ਸਾਹਮਣੇ ਦੀ ਲੜਾਈ ਵਿਚ ਸਮਰੱਥ ਬਣਨਾ ਹੋਵੇਗਾ। ਇਸ ਵਾਸਤੇ ਉਸ ਨੂੰ ਬਹੁਤ ਘਾਲਣਾ ਘਾਲਣੀ ਪਵੇਗੀ। ਹਾਲੇ ਉਹ ਚੰਦ ਸੂਬਿਆਂ ਵਿਚ ਹੀ ਭਾਜਪਾ ਦਾ ਆਪਣੇ ਬਲਬੂਤੇ ਸਾਹਮਣਾ ਕਰਨ ਵਿਚ ਸਮਰੱਥ ਹੈ। ਆਈਐਂਨਡੀਆਈਏ ਦੀਆਂ ਸਹਿਯੋਗੀ ਪਾਰਟੀਆਂ ਵਿਚ ਖਿੱਚੋਤਾਣ ਇਹੀ ਦੱਸਦੀ ਹੈ ਕਿ ਕਾਂਗਰਸ ਲਈ ਆਪਣੀ ਗੁਆਚੀ ਹੋਈ ਰਾਜਨੀਤਕ ਜ਼ਮੀਨ ਹਾਸਲ ਕਰਨਾ ਇਕ ਮੁਸ਼ਕਲ ਕੰਮ ਹੈ। ਇਹ ਮੁਸ਼ਕਲ ਕਾਂਗਰਸ ਨੇ ਆਪਣੇ ਵਤੀਰੇ ਨਾਲ ਹੀ ਖੜ੍ਹੀ ਕੀਤੀ ਹੈ।

# ਕੀ ਅਮਰੀਕੀ ਡਾਲਰ ਨੂੰ ਚੁਣੌਤੀ ਦੇ ਸਕੇਗੀ ਬ੍ਰਿਕਸ ਦੀ ਮੁਦਰਾ?

ਅਮਰੀਕੀ ਡਾਲਰ ਦੀ ਸਰਦਾਰੀ ਨੂੰ ਚੁਣੌਤੀ ਪੇਸ਼ ਕਰਨ ਵਾਲੇ ਬ੍ਰਿਕਸ ਸੰਗਠਨ ਦੇ ਚਰਚੇ ਪੂਰੀ ਦੁਨੀਆ ਵਿੱਚ ਹੋ ਰਹੇ ਹਨ। ਇਸ ਚੁਣੌਤੀ ਤੋਂ ਜਿੱਥੇ ਸਾਮਰਾਜੀ ਦੇਸ਼ਾਂ ਸਮੇਤ ਡਾਲਰ ਦੀ ਚੌਧਰ ਤੋਂ ਸਤਾਏ ਮੁਲਕਾਂ ਵਿੱਚ ਰਾਹਤ ਦੀ ਆਸ ਝਲਕ ਰਹੀ ਹੈ, ਉੱਥੇ ਦੂਜੇ ਪਾਸੇ ਅਮਰੀਕੀ ਸਾਮਰਾਜ ਬੁਖਲਾਹਟ ਵਿੱਚ ਆ ਕੇ ਬ੍ਰਿਕਸ ਸਮੂਹ ਵਿੱਚ ਸ਼ਾਮਲ ਦੇਸ਼ਾਂ ਨੂੰ ਘੁਰਕੀਆਂ ਦੇ ਰਿਹਾ ਹੈ। ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਤੋਂ ਬਣੇ ਬ੍ਰਿਕਸ ਦਾ ਹੋਰ ਵਿਸਥਾਰ ਹੋਣ ਨਾਲ ਇਹਨਾਂ ਦੇ ਪ੍ਰੋਗਰਾਮ ਵਿੱਚ ਡੀ-ਡਾਲਰੀਕਰਨ ਅਤੇ ਨਵੀਂ ਬ੍ਰਿਕਸ ਮੁਦਰਾ ਉਭਰਵਾਂ ਮੁੱਦਾ ਬਣ ਕੇ ਉੱਭਰ ਰਿਹਾ ਹੈ। ਬੀਤੇ ਬ੍ਰਿਕਸ ਸੰਮੇਲਨ ਵਿੱਚ ਰੂਸੀ ਰਾਸ਼ਟਰਪਤੀ

ਹਰਸ਼ਵਿੰਦਰ

ਵਲਾਦੀਮੀਰ ਪੂਤਿਨ ਵੱਲੋਂ ਇੱਕ ਅਗਿਆਤ ਨੋਟ ਲਹਿਰਾਉਣ ਨਾਲ ਬ੍ਰਿਕਸ ਮੁਦਰਾ ਦੀ ਚਰਚਾ ਹੋਰ ਤੇਜ਼ ਹੋ ਗਈ। ਇਸਦੇ ਪ੍ਰਤੀਕਰਮ ਵਜੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਬ੍ਰਿਕਸ ਵੱਲੋਂ ਨਵੀਂ ਮੁਦਰਾ ਸ਼ੁਰੂ ਕਰਨ ਦੇ ਇਵਜ਼ 'ਚ 100% ਟੈਰਿਫ ਲਾਉਣ ਦੀ ਘੁਰਕੀ ਦੇ ਦਿੱਤੀ। ਅੰਤਰਰਾਸ਼ਟਰੀ ਪੱਧਰ 'ਤੇ ਪ੍ਰਚੱਲਤਿ ਵਪਾਰਕ ਢਾਂਚੇ (ਬੈਂਕਾਂ, ਵਿੱਤੀ ਸਰਮਾਇਆ, ਡਾਲਰ ਰਿਜ਼ਰਵ, ਟੈਰਿਫ ਫ਼ੀਸਦ, ਸਵਿਫਟ ਕੋਡ ਆਦਿ) ਦੇ ਚਲਣ ਉੱਤੇ ਅੱਜ ਸੰਸਾਰ ਮੁੜ ਵਿਚਾਰ ਕਰ ਰਿਹਾ ਹੈ ਅਤੇ ਇਸ ਦੇ ਬਦਲ ਤਲਾਸ਼ ਕਰ ਰਿਹਾ ਹੈ। ਅਮਰੀਕੀ ਡਾਲਰ ਨੂੰ ਹਥਿਆਰ ਬਣਾ ਕੇ ਜਿਸ ਤਰੀਕੇ ਦੇਸ਼ ਤਬਾਹ ਹੁੰਦੇ ਰਹੇ ਹਨ ਉਸ ਦੇ ਮੱਦੇਨਜ਼ਰ ਡਾਲਰ ਮੁਕਾਬਲੇ ਬਦਲਵੀਂ ਭੁਗਤਾਨ ਪ੍ਰਣਾਲੀ ਉੱਪਰ ਜ਼ੋਰ ਦਿੱਤਾ ਜਾ ਰਿਹਾ ਹੈ।

ਅਮਰੀਕੀ ਸਾਮਰਾਜ ਨੂੰ ਮਜ਼ਬੂਤ ਰੱਖਣ ਲਈ ਟੈਰਿਫਾਂ ਦੀਆਂ ਧਮਕੀਆਂ ਅਤੇ ਆਰਥਿਕ ਨਾਕਾਬੰਦੀਆਂ ਸਮੇਂ-ਸਮੇਂ 'ਤੇ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ। ਉਦਾਹਰਣ ਵਜੋਂ ਰੂਸ ਨੂੰ ਸਵਿਫਟ ਕੋਡ ਵਿੱਚੋਂ ਬਾਹਰ ਕੱਢਿਆ ਹੋਇਆ ਹੈ। ਸਵਿਫਟ ਅਜਿਹਾ ਅੰਤਰਰਾਸ਼ਟਰੀ ਲੈਣ-ਦੇਣ ਦਾ ਮੈਸੇਜਿੰਗ ਨੈੱਟਵਰਕ ਹੈ ਜੋ 200 ਦੇਸ਼ਾਂ ਅਤੇ 1100 ਬੈਂਕਾਂ ਨੂੰ ਵਿਸ਼ਵ ਪੱਧਰ 'ਤੇ ਜੋੜਦਾ ਹੈ। ਪੱਛਮੀ ਸਹਿਯੋਗੀ, ਸਵਿਫਟ ਦੇ ਮੁੱਖ ਨਿਗਰਾਨ ਹਨ। ਇਸ ਤੋਂ ਇਲਾਵਾ ਇਹ ਅਸਿੱਧੇ ਤੌਰ 'ਤੇ ਬੈਲਜੀਅਨ ਕਾਨੂੰਨ ਅਤੇ ਯੂਰਪੀਅਨ ਯੂਨੀਅਨ ਦੇ ਹੁਕਮਾਂ ਦੀ ਵੀ ਪਾਲਣਾ ਕਰਦਾ ਹੈ। ਅੰਤਰਰਾਸ਼ਟਰੀ ਲੈਣ-ਦੇਣ 'ਤੇ ਸਵਿਫਟ ਦਾ ਏਕਾਧਿਕਾਰ ਹੈ ਤੇ ਇਸ ਲਈ ਜਦੋਂ ਵੀ ਕੋਈ ਦੇਸ਼ ਪੱਛਮੀ ਵਿਚਾਰਧਾਰਾ ਜਾਂ ਪੱਛਮੀ ਚੌਧਰ ਨੂੰ ਚੁਣੌਤੀ ਦਿੰਦਾ ਹੈ ਤਾਂ ਉਸ ਦੇਸ਼ ਨੂੰ ਸਵਿਫਟ ਪ੍ਰਣਾਲੀ ਤੋਂ ਲਾਂਭੇ ਕਰਕੇ ਆਲਮੀ ਵਿੱਤੀ ਪ੍ਰਣਾਲੀ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ। ਅੱਜ ਸਮੁੱਚੀ ਦੁਨੀਆ ਵਿੱਚ 50 ਤੋਂ ਵੱਧ ਦੇਸ਼ਾਂ ਉੱਪਰ ਆਰਥਿਕ ਪਾਬੰਦੀਆਂ ਲੱਗੀਆਂ ਹੋਈਆਂ ਹਨ। ਰੂਸ-ਯੂਕਰੇਨ ਯੁੱਧ ਕਾਰਨ ਹੁਣ ਤੱਕ ਰੂਸ ਉੱਪਰ 20,000 ਰੋਕਾਂ ਲਗਾ ਦਿੱਤੀਆਂ ਗਈਆਂ। ਆਰਥਿਕ ਰੋਕਾਂ ਦੇ ਬਾਵਜੂਦ ਰੂਸ ਦੀ ਆਰਥਿਕਤਾ ਤੇ ਵਪਾਰ, ਵਿਸ਼ਵ ਵਪਾਰ ਵਿੱਚ ਪ੍ਰਸੰਗਿਕ ਬਣਿਆ ਹੋਇਆ ਹੈ। ਇਹ ਅੱਜ ਸੰਸਾਰ ਦੇ ਬਾਕੀ ਦੇਸ਼ਾਂ ਲਈ ਸਮਝਣ ਵਾਲੀ ਗੱਲ ਹੈ। ਬ੍ਰਿਕਸ ਮੁਲਕਾਂ ਲਈ ਅੱਜ ਡਾਲਰ ਦਾ ਤੋੜ ਅਤੇ ਸਵਿਫਟ ਦਾ ਬਦਲ ਵੱਡੀਆਂ ਚੁਣੌਤੀਆਂ ਹਨ। ਉਹ ਦੋ ਪੱਧਰਾਂ 'ਤੇ ਕੰਮ ਕਰ ਰਹੇ ਹਨ: ਇੱਕ ਤਾਂ ਸਥਾਨਕ ਮੁਦਰਾ ਵਿੱਚ ਵਪਾਰ ਅਤੇ ਦੂਜਾ ਸੋਨੇ ਨਾਲ ਜੁੜੀ ਮੁਦਰਾ ਵੱਲ ਵਧਣਾ। ਇਹ ਵਰਤਾਰਾ ਡਾਲਰ ਨੂੰ ਚੁਣੌਤੀ ਪੇਸ਼ ਕਰਨ ਵਾਲਾ ਹੈ। ਇਸੇ ਲਈ ਟਰੰਪ ਟੈਕਸ ਦੀਆਂ ਘੁਰਕੀਆਂ ਦੇ ਰਿਹਾ ਹੈ।

ਬ੍ਰਿਕਸ ਦੇਸ਼ਾਂ ਨੇ ਪਹਿਲਾਂ ਹੀ ਡਾਲਰ 'ਤੇ ਨਿਰਭਰਤਾ ਘਟਾਉਣ ਲਈ ਸਥਾਨਕ ਮੁਦਰਾਵਾਂ ਵਿੱਚ ਦੁਵੱਲੇ ਵਪਾਰ ਸਮਝੌਤੇ ਕੀਤੇ ਹਨ ਤਾਂ ਜੋ ਅਮਰੀਕੀ ਆਰਥਿਕ ਪ੍ਰਭਾਵ ਘੱਟ ਕੀਤਾ ਜਾ ਸਕੇ। ਬ੍ਰਾਜ਼ੀਲ ਅਤੇ ਚੀਨ ਨੇ ਮਾਰਚ 2023 ਵਿੱਚ ਅਮਰੀਕੀ ਡਾਲਰ ਦੀ ਬਜਾਏ ਆਪਣੀਆਂ ਮੁਦਰਾਵਾਂ ਰਿਆਲ ਅਤੇ ਯੁਆਨ ਵਿੱਚ ਵਪਾਰ ਕਰਨ ਲਈ ਸਮਝੌਤੇ 'ਤੇ ਦਸਤਖ਼ਤ ਕੀਤੇ। ਇਹ ਸਮਝੌਤਾ ਲਾਗਤਾਂ ਨੂੰ ਘਟਾਉਣ, ਵਪਾਰ ਨੂੰ ਉਤਸ਼ਾਹਿਤ ਕਰਨ ਅਤੇ ਨਿਵੇਸ਼ ਦੀ ਸਹੂਲਤ ਲਈ ਹੈ। ਰੂਸ ਅਤੇ ਇਰਾਨ ਨੇ ਦੋਵਾਂ ਦੇਸ਼ਾਂ ਦੀਆਂ ਬੈਂਕਿੰਗ ਉਪ-ਪ੍ਰਣਾਲੀਆਂ ਦਾ ਏਕੀਕਰਨ ਕਰਕੇ ਆਰਥਿਕ ਸਹਿਯੋਗ ਦਿਖਾਇਆ ਅਤੇ ਡੀ-ਡਾਲਰਾਈਜ਼ੇਸ਼ਨ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ, ਹੁਣ ਦੋਹਾਂ ਦੇਸ਼ਾਂ ਦੇ ਲੋਕ ਆਪਣੇ ਏਟੀਐਮ ਦੋਵਾਂ ਦੇਸ਼ਾਂ ਵਿੱਚ ਵਰਤ ਸਕਦੇ ਹਨ। ਭਾਰਤ ਅਤੇ ਰੂਸ ਵਿਚਕਾਰ ਲਗਭਗ 90% ਵਪਾਰ ਹੁਣ ਸਥਾਨਕ ਜਾਂ ਬਦਲਵੀਂ ਮੁਦਰਾਵਾਂ ਦੀ ਵਰਤੋਂ ਕਰ ਕੇ ਕੀਤਾ ਜਾ ਰਿਹਾ ਹੈ। ਚੀਨ-ਅਫਰੀਕਾ ਵਪਾਰ 2023 ਵਿੱਚ $282 ਬਿਲੀਅਨ ਤੱਕ ਪਹੁੰਚ ਗਿਆ, ਜਿਸ ਵਿੱਚੋਂ ਅਫਰੀਕਾ ਨੂੰ ਚੀਨੀ ਨਿਰਯਾਤ $172.8 ਬਿਲੀਅਨ ਸੀ ਅਤੇ ਅਫਰੀਕਾ ਤੋਂ ਇਸ ਦੀ ਦਰਾਮਦ $109.3 ਬਿਲੀਅਨ ਸੀ। ਚੀਨ 15 ਸਾਲਾਂ ਤੋਂ ਅਫਰੀਕਾ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਰਿਹਾ ਹੈ। ਵਧ ਰਹੇ ਵਪਾਰ ਨੇ ਸਰਹੱਦ ਪਾਰ ਲੈਣ-ਦੇਣ ਵਿੱਚ ਚੀਨੀ ਮੁਦਰਾ ਦੀ ਵਰਤੋਂ ਵਿੱਚ ਵਾਧਾ ਕੀਤਾ ਹੈ।

ਭੂ-ਸਿਆਸੀ ਖਤਰਿਆਂ ਨੂੰ ਭਾਂਪਦਿਆਂ ਬ੍ਰਿਕਸ



ਆਪਣੇ ਬਲਾਕ ਵਿੱਚ ਆਰਥਿਕ ਪ੍ਰਭੂਸੱਤਾ ਚਾਹੁੰਦਾ ਹੈ ਤਾਂ ਜੋ ਆਰਥਿਕ ਨਾਕਾਬੰਦੀ ਦੇ ਸਮੇਂ ਵਿੱਤੀ ਸਥਿਰਤਾ ਬਣੀ ਰਹੇ। ਸ਼ਾਇਦ ਇਸੇ ਲਈ ਬ੍ਰਿਕਸ ਸੋਨੇ ਦੇ ਇੱਕਤਰੀਕਰਨ ਅਤੇ ਗੋਲਡ ਰਿਜ਼ਰਵ ਉੱਪਰ ਧਿਆਨ ਕੇਂਦਰਿਤ ਕਰ ਰਿਹਾ ਹੈ। 2024 ਦੇ ਦੂਜੇ ਕੁਆਰਟਰ ਵਿੱਚ ਬ੍ਰਿਕਸ ਦੇਸ਼ਾਂ ਨੇ 6200 ਟਨ ਦਾ ਗੋਲਡ ਰਿਜ਼ਰਵ ਇਕੱਠਾ ਕੀਤਾ ਜੋ ਸੰਸਾਰ ਦਾ 24 ਪ੍ਰਤੀਸ਼ਤ ਬਣਦਾ ਹੈ। ਰੂਸ ਕੋਲ 2340 ਟਨ ਅਤੇ ਚੀਨ ਕੋਲ 2260 ਟਨ ਸੋਨਾ ਹੈ। ਭਾਰਤ ਨੇ ਸਿਰਫ਼ ਅਕਤੂਬਰ ਮਹੀਨੇ ਵਿੱਚ ਹੀ 27 ਟਨ ਸੋਨਾ ਖ਼ਰੀਦਿਆ। ਐਟਲਾਂਟਿਕ ਕੌਂਸਲ ਦੀ ਰਿਪੋਰਟ ਅਨੁਸਾਰ ਭਾਰਤ ਨੇ 2024 ਵਿੱਚ ਸਭ ਤੋਂ ਵੱਧ ਸੋਨਾ ਖ਼ਰੀਦਿਆ। ਇੱਕ ਪਾਸੇ ਤਾਂ ਬ੍ਰਿਟੇਨ ਦੀ ਬੈਂਕ ਵਿੱਚੋਂ 214 ਟਨ ਸੋਨਾ ਵਾਪਸ ਮੰਗਵਾਉਣ ਨਾਲ ਭਾਰਤੀ ਗੋਲਡ ਰਿਜ਼ਰਵ 882 ਟਨ ਹੋ ਗਿਆ ਹੈ, ਦੂਜੇ ਪਾਸੇ ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਦਾ ਕਹਿਣਾ ਹੈ ਕਿ ਨਾ ਤਾਂ ਉਹ ਬ੍ਰਿਕਸ ਮੁਦਰਾ ਬਾਰੇ ਸੋਚ ਰਹੇ ਹਨ ਅਤੇ ਨਾ ਹੀ ਡਾਲਰ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ। ਇਸ ਕੂਟਨੀਤਕ ਬਿਆਨ ਦਾ ਕਾਰਨ ਭਾਰਤ ਦਾ ਅਮਰੀਕਾ ਨਾਲ ਬਹੁਤ ਵੱਡਾ ਵਪਾਰ ਅਤੇ ਯੁਆਨ ਨੂੰ ਮਜ਼ਬੂਤ ਕਰਨ ਦੀ ਇੱਛਾ ਨਾ ਹੋਣਾ ਹੈ। ਆਰਥਿਕ ਅਨਿਸ਼ਚਿਤਤਾ ਦੌਰਾਨ ਜਦ ਮੁਦਰਾਵਾਂ ਵਿੱਚ ਯਕੀਨ ਘਟਦਾ ਹੈ ਤਾਂ ਸੋਨੇ ਨੂੰ ਸੁਰੱਖਿਅਤ ਵਿਕਲਪ ਮੰਨਿਆ ਜਾਂਦਾ ਹੈ। ਇਸਦੇ ਉਲਟ ਡਾਲਰ ਰਿਜ਼ਰਵ ਦਾ ਅੰਕੜਾ ਸੰਸਾਰ ਭਰ ਵਿੱਚ 70% ਤੋਂ ਘਟ ਕੇ 59% ਰਹਿ ਗਿਆ ਹੈ।

ਟਰੰਪ ਡਾਲਰ ਦੀ ਰੱਖਿਆ ਲਈ ਸਖ਼ਤ ਰਣਨੀਤਕ ਉਪਾਅ ਚਾਹੁੰਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਪੌਂਡ ਦੀ ਥਾਂ ਡਾਲਰ ਸਿਰਫ ਦਸ ਸਾਲਾਂ ਵਿੱਚ ਵਿਸ਼ਵ ਮੁਦਰਾ ਬਣ ਗਿਆ ਸੀ। ਅਮਰੀਕਾ ਦਾ ਕਹਿਣਾ ਹੈ ਕਿ ਉਹ ਪੂਰਨ ਟੈਕਸ ਲਾ ਕੇ ਬ੍ਰਿਕਸ ਦੇਸ਼ਾਂ ਨੂੰ ਅਮਰੀਕੀ ਮੰਡੀ ਵਿੱਚੋਂ ਬਾਹਰ ਕੱਢ ਦੇਵੇਗਾ ਪਰੰਤੂ ਅਮਰੀਕਾ ਦੁਆਰਾ ਟੈਰਿਫ ਲਗਾਉਣ ਨਾਲ ਅਮਰੀਕਾ 'ਚ ਵੀ ਸਾਮਾਨ ਮਹਿੰਗਾ ਹੋ ਜਾਵੇਗਾ ਤੇ ਮਹਿੰਗਾਈ ਨਿਯੰਤਰਣ ਤੋਂ ਬਾਹਰ ਚਲੀ ਜਾਵੇਗੀ। ਜੇ ਤੁਲਨਾਤਮਕ ਤੌਰ 'ਤੇ ਅਮਰੀਕਾ ਬ੍ਰਿਕਸ ਦੇ ਗੁਆਂਢੀ ਦੇਸ਼ਾਂ ਤੋਂ ਮਾਲ ਮੰਗਵਾ ਕੇ ਮਾਮਲਾ ਬਰਾਬਰ ਕਰਨ ਦੀ ਸੋਚ ਰਿਹਾ ਹੈ ਤਾਂ ਵੀ ਕੁਝ ਖਾਸ ਉਤਪਾਦ ਹੀ ਇਹਨਾਂ ਦੇਸ਼ਾਂ ਵਿੱਚ ਉਪਲੱਬਧ ਹਨ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਇਹ ਉਹਨਾਂ ਦੇਸ਼ਾਂ ਦੇ ਹੱਥ ਹੋਰ ਮਜ਼ਬੂਤ ਕਰਨ ਅਤੇ ਨਵੀਂ ਮੁਦਰਾ ਨੂੰ ਸਥਾਪਤ ਕਰਨ ਵੱਲ ਵਧਾਵੇਗਾ। ਪੱਛਮੀ ਵਿਚਾਰਧਾਰਾ ਦੇ ਉਲਟ ਬ੍ਰਿਕਸ ਧੜਾ ਕਿਸੇ ਸਿੱਧੇ ਟਕਰਾਅ ਵਿੱਚ ਨਾ ਉਲਝਦੇ ਹੋਏ ਸਹਿਯੋਗ, ਖੁੱਲ੍ਹੇਪਣ, ਵਪਾਰ ਅਤੇ ਸਵੈ-ਨਿਰਭਰ ਅਰਥਚਾਰੇ ਦੇ ਨਿਰਮਾਣ ਵੱਲ ਵੱਧ ਕੇਂਦਰਿਤ ਦਿਖਾਈ ਦਿੰਦਾ ਹੈ। ਉਨ੍ਹਾਂ ਦੇ ਬੁਲਾਰੇ ਅਕਸਰ ਕਹਿੰਦੇ ਹਨ ਉਹ ਡਾਲਰ ਵਿਰੁੱਧ ਨਹੀਂ ਹਨ ਬਲਕਿ ਆਪਸੀ ਸਹਿਯੋਗ, ਬਹੁ-ਧਰੁਵੀ ਮੁਦਰਾ ਅਤੇ ਸੰਸਾਰ ਨੂੰ ਸਮਰਪਿਤ ਹਨ। ਚਾਹੇ ਬ੍ਰਿਕਸ ਧੜਾ ਆਪਸੀ ਵਿਰੋਧਾਂ, ਅਨਿਸ਼ਚਿਤਤਾ ਅਤੇ ਸੀਮਾਵਾਂ ਵਿੱਚ ਫਸਿਆ ਹੋਇਆ ਹੈ ਪਰ ਫਿਲਹਾਲ ਖ਼ੁਦ ਦੀ ਮਜ਼ਬੂਤੀ ਅਤੇ ਖੁਦਮੁਖ਼ਤਿਆਰੀ ਵੱਲ ਕੇਂਦਰਿਤ ਹੈ। ਭਾਵੇਂ ਅਮਰੀਕੀ ਡਾਲਰ ਨੂੰ ਸਿੱਧੀ ਚੁਣੌਤੀ ਦੇਣਾ ਬ੍ਰਿਕਸ ਧੜੇ ਦਾ ਮੁੱਖ ਏਜੰਡਾ ਨਹੀਂ ਹੈ ਪਰੰਤੂ ਬ੍ਰਿਕਸ ਮੁਲਕਾਂ ਵਿਚਕਾਰ ਦੁਵੱਲੇ ਵਪਾਰ ਦਾ ਆਪਸੀ ਸਥਾਨਕ ਮੁਦਰਾ ਵਿੱਚ ਲੈਣ-ਦੇਣ ਹੋਣ ਨਾਲ ਡਾਲਰ ਨੂੰ ਚੁਣੌਤੀ ਦਰਪੇਸ਼ ਆ ਰਹੀ ਹੈ। ਇਸ ਲਈ ਬ੍ਰਿਕਸ ਅਤੇ ਅਮਰੀਕੀ ਸਾਮਰਾਜ ਆਪੋ-ਆਪਣੇ ਹਿੱਤਾਂ ਦੇ ਬਚਾਅ ਲਈ ਆਹਮੋ-ਸਾਹਮਣੇ ਹਨ। ਮੁਦਰਾ ਦੀ ਸਰਦਾਰੀ, ਵਿਸ਼ਵ ਵਪਾਰ ਅਤੇ ਵਿਸ਼ਵ ਚੌਧਰ ਦੀ ਇਸ ਨੂਰਾ ਕੁਸ਼ਤੀ ਵਿੱਚ ਸੰਸਾਰ ਭਰ ਦੇ ਲੋਕ ਪਿਸਣ ਲਈ ਮਜਬੂਰ ਹਨ।

# ਸਿਲੀਕਾਨ ਵੈਲੀ ’ਚ ‘ਵੀਰ ਸਾਹਿਬਜ਼ਾਦੇ ਬਲਿਦਾਨ ਦਿਵਸ’ ਮਨਾਇਆ



ਵਾਸ਼ਿੰਗਟਨ- ਸਿੱਖ ਤੇ ਹਿੰਦੂ ਭਾਈਚਾਰੇ ਵੱਲੋਂ ਅਮਰੀਕਾ ਦੀ ਸਿਲੀਕਾਨ ਵੈਲੀ ਵਿੱਚ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦਿਆਂ ਦੀ ਯਾਦ ਵਿੱਚ ‘ਵੀਰ ਸਾਹਿਬਜ਼ਾਦੇ ਬਲਿਦਾਨ ਦਿਵਸ’ ਮਨਾਇਆ ਗਿਆ। ਇਹ ਯਾਦਗਾਰੀ ਸਮਾਗਮ 26 ਦਸੰਬਰ ਨੂੰ ਕੈਲੀਫੋਰਨੀਆ ਦੇ ਗ੍ਰੇਟਰ ਸੈਕਰਾਮੈਂਟੋ ਸਥਿਤ ਜੈਨ ਸੈਂਟਰ ਵਿੱਚ ਕਰਵਾਇਆ ਗਿਆ ਜਿਸ ਦੀ ਸ਼ੁਰੂਆਤ ਅਰਦਾਸ ਨਾਲ ਹੋਈ। ਇਸ ਤੋਂ ਬਾਅਦ ਬੱਚਿਆਂ ਨੇ ਮੰਚ ’ਤੇ ਆਪਣੀ ਸਾਂਝੇ ਸੱਭਿਆਚਾਰਕ ਤੇ ਧਾਰਮਿਕ ਵਿਰਾਸਤ ਦੀਆਂ ਝਲਕਾਂ ਪੇਸ਼ ਕੀਤੀਆਂ। ਐਲਕ ਗਰੋਵ ਦੇ ਮੇਅਰ ਬੌਬੀ ਸਿੰਘ ਐਲਨ ਨੇ ਇਸ ਮੌਕੇ ਕਿਹਾ, ‘‘ਇਹ ਸਾਡੇ ਭਾਈਚਾਰਿਆਂ ਲਈ ਇੱਕ-ਦੂਜੇ ਤੋਂ ਸਿੱਖਣ ਦੇ ਬਹੁਤ ਵਧੀਆ ਮੌਕੇ ਹਨ।’’ ਐਲਕ ਗਰੋਵ ਸ਼ਹਿਰ ਦੇ ਡਾਇਵਰਸਿਟੀ ਤੇ ਇਨਕਲੂਜ਼ਨ ਕਮਿਸ਼ਨਰ ਡਾ. ਭਾਵਿਨ ਪਾਰਿਖ ਨੇ ਕਿਹਾ ਕਿ ਇਹ ਸਮਾਗਮ ਹਿੰਦੂਆਂ ਤੇ ਸਿੱਖਾਂ ਦਰਮਿਆਨ ਏਕਤਾ ਦਾ ਪ੍ਰਤੀਕ ਹੈ।’’ ਗੁਰਦੁਆਰਾ ਸੰਤ ਸਾਗਰ ਦੇ ਜਨਰਲ ਸਕੱਤਰ ਨਰਿੰਦਰਪਾਲ ਸਿੰਘ ਹੁੰਦਲ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਨੇ ਅਗਲੇ ਸਾਲ ਨਵੰਬਰ ਵਿੱਚ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਮਨਾਏ ਜਾਣ ਦਾ ਐਲਾਨ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ (6) ਅਤੇ ਫਤਹਿ ਸਿੰਘ (9) ਨੂੰ 18ਵੀਂ ਸਦੀ ਵਿੱਚ ਸਰਹਿੰਦ ਦੇ ਨਵਾਬ ਨੇ ਨੀਂਹਾਂ ਵਿੱਚ ਚਿਣਵਾ ਦਿੱਤਾ ਸੀ, ਜਦੋਂਕਿ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ (18) ਅਤੇ ਜੁਝਾਰ ਸਿੰਘ (14) ਚਮਕੌਰ ਦੀ ਲੜਾਈ ਵਿੱਚ ਮੁਗਲ ਫੌਜ ਖ਼ਿਲਾਫ਼ ਲੜਦਿਆਂ ਸ਼ਹੀਦ ਹੋ ਗਏ ਸਨ।

# ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਵਿਖੇ ਚਾਰ ਸਾਹਿਬਜ਼ਾਦਿਆਂ ਅਤੇ ਸ਼ਹੀਦਾਂ ਦੀ ਯਾਦ ਵਿੱਚ ਹੋਏ ਵਿਸ਼ੇਸ਼ ਸਮਾਗਮ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਸਿੱਖ ਭਾਈਚਾਰੇ ਨੇ ਆਪਣੀ ਮਿਹਨਤ, ਭਾਈਚਾਰਕ ਅਤੇ ਸਮਾਜਿਕ ਸੇਵਾਵਾਂ ਕਰਕੇ ਆਪਣੀ ਪਹਿਚਾਣ ਦੁਨੀਆਂ ਵਿੱਚ ਬਣਾਈ ਹੈ। ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੇ ਜਿੱਥੇ ਆਪਣੇ ਜੀਵਨ ਪੱਧਰ ਨੂੰ ਖੁਸ਼ਹਾਲ ਬਣਾਉਣ ਲਈ ਮਿਹਨਤਾਂ ਕੀਤੀਆਂ, ਉੱਥੇ ਪੰਜਾਬੀ ਬੋਲੀ ਅਤੇ ਸਿੱਖ ਧਰਮ ਦੀ ਵਿਦੇਸ਼ਾਂ ਵਿੱਚ ਪ੍ਰਫੁੱਲਤਾ ਲਈ ਵੀ ਵਡਮੁੱਲਾ ਯੋਗਦਾਨ ਪਾਇਆ। ਇੱਥੋ ਦੇ ਸਕੂਲਾਂ ਵਿੱਚ ਪੰਜਾਬੀ ਦੇ ਵਿਸ਼ੇ ਦੀ ਪੜਾਈ ਅਤੇ ਸਿੱਖ ਇਤਿਹਾਸ ਪੜਾਇਆ ਜਾਂਦਾ ਹੈ। ਇਹੀ ਕਾਰਨ ਹੈ ਕਿ ਅੱਜ ਬੇਸ਼ੱਕ ਭਾਰਤ, ਖਾਸਕਰ ਪੰਜਾਬ ਦੇ ਬੱਚਿਆਂ ਨੂੰ ਇਤਿਹਾਸ ਪੂਰੀ ਤਰਾਂ ਨਾ ਪਤਾ ਹੋਵੇ, ਪਰ ਇੱਥੋ ਦੇ ਬੱਚੇ ਸਿੱਖ ਇਤਿਹਾਸ ਤੋਂ ਭਲੀਭਾਤ ਜਾਣੂ ਹਨ। ਜਿਸ ਵਿੱਚ ਗੁਰੂਘਰਾਂ ਦੁਆਰਾ ਚਲਾਏ ਜਾ ਰਹੇ ਸਕੂਲਾਂ ਦਾ ਵੀ ਵਡਮੁੱਲਾ ਯੋਗਦਾਨ ਹੈ।



ਸਿੱਖ ਇਤਿਹਾਸ ਵਿੱਚ ਚੱਲ ਰਹੇ ਦਸੰਬਰ (ਪੋਹ) ਮਹੀਨੇ ਦੇ ਆਖਰੀ ਦਿਨ ਸਿੱਖਾਂ ਲਈ ਬਹੁਤ ਮਹੱਤਵਪੂਰਨ ਹਨ। ਇੰਨਾਂ ਹੀ ਦਿਨਾਂ ਵਿੱਚ ਧੰਨ-ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁੱਜਰੀ ਜੀ ਅਤੇ ਹੋਰ ਅਨੇਕਾਂ ਸਿੱਖਾ ਨੇ ਧਰਮ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸੇ ਇਤਿਹਾਸਕ ਸਮੇਂ ਨੂੰ ਯਾਦ ਕਰਦੇ ਹੋਏ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਕਰਮਨ ਨਿਵਾਸੀ ਸ। ਸਰਬਜੀਤ ਸਿੰਘ ਸਰਾਂ ਅਤੇ ਸੰਗਤਾਂ ਨੇ ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਵਿਖੇ ਵਿਸ਼ੇਸ਼ ਸਮਾਗਮ ਕਰਵਾਏ। ਇਸ ਪ੍ਰੋਗਰਾਮ ਵਿੱਚ ਗੁਰੂਘਰ ਵਿਖੇ ਸਹਿਜ਼ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸੇ ਦੌਰਾਨ ਆਖਰੀ ਤਿੰਨ ਦਿਨ ਗੁਰੂਘਰ ਵਿਖੇ ਗੁਰਬਾਣੀ-ਕੀਰਤਨ ਅਤੇ ਢਾਡੀ ਦਰਬਾਰ ਸਜਾਇਆ ਗਿਆਂ। ਜਿਸ ਵਿੱਚ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ ਗਿਆ।

ਇੰਨਾਂ ਸ਼ਹੀਦੀ ਸਮਾਗਮਾਂ ਦੀ ਸਮਾਪਤੀ ਸਮੇਂ ਸਹਿਜ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਕੀਰਤਨੀ ਜੱਥੇ ਦੇ ਭਾਈ ਬਲਜਿੰਦਰ ਸਿੰਘ, ਭਾਈ ਸਤਿੰਦਰ ਸਿੰਘ ਅਤੇ ਭਾਈ ਨਰਿੰਦਰ ਸਿੰਘ ਨੇ ਨਿਰੋਲ ਗੁਰਬਾਣੀ ਕੀਰਤਨ ਰਾਹੀਂ ਹਾਜ਼ਰੀ ਭਰਦੇ ਹੋਏ ਸਿੱਖ ਇਤਿਹਾਸ ਸਰਵਣ ਕਰਵਾਇਆ। ਇਸ ਉਪਰੰਤ ਚੱਲੇ ਢਾਡੀ ਦਰਬਾਰ ਵਿੱਚ ਜਿਸ ਜੰਡਿਆਲਾ ਮੰਜਕੀ ਵਾਲੇ ਢਾਡੀ ਜੱਥੇ ਨੇ ਹਾਜ਼ਰੀ ਭਰੀ। ਇਸ ਸਮੇਂ ਢਾਡੀ ਜੱਥੇ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਪ੍ਰਸੰਗ ਛੋਟੀ ਉਮਰੇ ਵੱਡੀਆਂ ਕੁਰਬਾਨੀਆਂ ਬੜੇ ਵਿਸਥਾਰ ਅਤੇ ਜ਼ਜ਼ਬੇ ਨਾਲ ਸੁਣਾਇਆ ਕਿ ਇਤਿਹਾਸ ਸੁਣ ਰਹੀਆਂ ਸੰਗਤਾਂ ਦੀਆਂ ਅੱਖਾਂ ਨਮ ਦਿਖ ਰਹੀਆਂ ਸਨ। ਢਾਡੀ ਜੱਥਾਂ ਹਾਜ਼ਰ ਸੰਗਤਾਂ ਨੂੰ ਇਤਿਹਾਸ ਸੁਣਾਉਂਦੇ ਹੋਏ ਬੜੀ ਸੂਝ ਨਾਲ ਇਸ ਤਰਾਂ ਤੋਰ ਰਿਹਾ ਸੀ ਕਿ ਸੰਗਤਾਂ ਉਸ ਸਮੇਂ ਦੇ ਹਲਾਤਾਂ ਨੂੰ ਮਹਿਸੂਸ ਕਰ ਰਹੀਆਂ ਸਨ। ਸੰਗਤਾਂ ਦੇ ਮੂੰਹੋ ਆਪ-ਮੁਹਾਰੇ ਨਿਕਲ ਰਿਹਾ ਸੀ ਕਿ ਧੰਨ ਗੁਰੂ ਗੋਬਿੰਦ ਸਿੰਘ ਜੀ ਅਤੇ ਧੰਨ ਉਨ੍ਹਾਂ ਦੇ ਲਾਲ। ਇਸ ਸਮੇਂ ਸੰਗਤਾਂ ਵੱਲੋਂ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਗਜਾਏ ਗਏ। ਇਸੇ ਦੌਰਾਨ ਬੰਦਾ ਸਿੰਘ ਬਹਾਦਰ ਦਾ ਬਹਾਦਰੀ ਭਰਿਆ ਸੰਖੇਪ ਇਤਿਹਾਸ ਵੀ ਸਰਵਨ ਕਰਵਾਇਆ ਗਿਆ। ਅੰਤ ਸੰਗਤਾਂ ਵੱਲੋਂ ਢਾਡੀ ਜੱਥੇ ਦਾ ਸਨਮਾਨ ਕੀਤਾ ਗਿਆ।

ਸਮੁੱਚੇ ਪ੍ਰੋਗਰਾਮ ਵਿੱਚ ਕਰਮਨ ਸ਼ਹਿਰ ਅਤੇ ਹੋਰ ਦੂਰ-ਦੁਰਾਡੇ ਤੋਂ ਸੰਗਤਾਂ ਨੇ ਪਹੁੰਚ ਕੇ ਹਾਜ਼ਰੀਆਂ ਭਰੀਆ। ਜਿਸ ਦੌਰਾਨ ਤਿੰਨੇ ਦਿਨ ਮਰਿਆਦਾ ਅਨੁਸਾਰ ਸਾਦੇ ਗੁਰੂ ਦੇ ਲੰਗਰ ਅਤੁੱਟ ਵਰਤੇ। ਆਪਣੀ ਨਵੀਂ ਪੀੜੀ ਦੇ ਬੱਚਿਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਲੋਕਾਂ ਨੂੰ ਦੁਨੀਆਂ ਦੇ ਸਭ ਤੋਂ ਵੱਧ ਕੁਰਬਾਨੀਆਂ ਭਰੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਇਹੋ ਜਿਹੇ ਪ੍ਰੋਗਰਾਮ ਬਹੁਤ ਜ਼ਰੂਰੀ ਹਨ। ਇਸ ਤਿੰਨ ਦਿਨਾਂ ਢਾਡੀ ਦਰਬਾਰ ਅਤੇ ਗੁਰਬਾਣੀ ਕੀਰਤਨ ਦਾ ਬਹੁਤ ਵਧੀਆਂ ਪ੍ਰੋਗਰਾਮ ਉਲੀਕਣ ਲਈ ਸ। ਸਰਬਜੀਤ ਸਿੰਘ ਸਰਾਂ ਅਤੇ ਸਮੂੰਹ ਸੰਗਤਾਂ ਵਧਾਈ ਦੀਆਂ ਪਾਤਰ ਹਨ।

# ਡਾ. ਮਨਮੋਹਨ ਸਿੰਘ ਦੇ ਅਕਾਲ ਚਲਾਣੇ ’ਤੇ ਸਭ ਤੋਂ ਉੱਚਾ ਝੰਡਾ ਝੁਕਾਇਆ

**ਅਟਾਰੀ-** ਦੇਸ਼ ਦੇ ਪਹਿਲੇ ਸਾਬਕਾ ਸਿੱਖ ਪ੍ਰਧਾਨ ਮੰਤਰੀ ਅਤੇ ਅਰਥ ਸ਼ਾਸਤਰੀ ਡਾ. ਮਨਮੋਹਨ ਸਿੰਘ ਦੇ ਦੇਹਾਂਤ ’ਤੇ ਕੇਂਦਰ ਸਰਕਾਰ ਵੱਲੋਂ ਸੱਤ ਦਿਨਾਂ ਦੇ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਗਿਆ ਸੀ ਜਿਸ ਤੋਂ ਬਾਅਦ ਅੰਤਰ-ਰਾਸ਼ਟਰੀ ਅਟਾਰੀ ਸਰਹੱਦ ’ਤੇ ਸਥਿਤ ਦੇਸ਼ ਦਾ ਸਭ ਤੋਂ ਉੱਚਾ ਤਿਰੰਗਾ ਝੰਡਾ ਝੁਕਾਇਆ ਗਿਆ। ਅਟਾਰੀ ਵਾਹਗਾ ਸਰਹੱਦ ’ਤੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਹੱਦੀ ਫੌਜਾਂ ਦੀ ਰਿਟਰੀਟ ਸਮਾਰੋਹ ਦੇਖਣ ਆਏ ਸੈਲਾਨੀਆਂ ਨੇ ਜਦੋਂ ਬੀਐੱਸਐੱਫ ਦੇ ਜਵਾਨਾਂ ਨੂੰ ਤਿਰੰਗੇ ਝੰਡੇ ਨੂੰ



ਝੁਕਾਉਣ ਬਾਰੇ ਪੁੱਛਿਆ ਤਾਂ ਬੀਐੱਸਐੱਫ ਦੇ ਜਵਾਨਾਂ ਨੇ ਦੱਸਿਆ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦੇਹਾਂਤ ਤੋਂ ਬਾਅਦ ਰਾਸ਼ਟਰੀ ਝੰਡੇ ਨੂੰ ਝੁਕਾ ਦਿੱਤਾ ਗਿਆ ਹੈ। ਦਰਸ਼ਕ ਗੈਲਰੀ ਵਿਚ ਬੈਠੇ ਸੈਲਾਨੀ ਵੀ ਦੇਸ਼ ਦੀ ਸ਼ਾਨ, ਝੁਕੇ ਤਿਰੰਗੇ ਝੰਡੇ ਨਾਲ ਸੈਲਫੀ ਲੈ ਕੇ ਯਾਦਗਾਰੀ ਪਲ ਬਣਾਉਂਦੇ ਦੇਖੇ ਗਏ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਜਨਮ 1932 ਵਿਚ ਪਾਕਿਸਤਾਨ ਦੇ ਚਕਵਾਲ ਸੂਬੇ ਦੇ ਪਿੰਡ ਗਾਹ ਵਿਚ ਹੋਇਆ ਸੀ ਅਤੇ ਉਹ 15 ਸਾਲ ਦੇ ਸਨ।

SINGH WORLD travel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991

SANSAR
AUTHENTIC INDIAN CUISINE

We do catering for all occassions
ਅਸੀਂ ਵੱਡੇ ਤੋਂ ਵੱਡੇ ਪ੍ਰੋਗਰਾਮ/ਪਾਰਟੀ ਲਈ ਕੇਟਰਿੰਗ ਦਾ ਪ੍ਰਬੰਧ ਕਰਦੇ ਹਾਂ
Santokh Singh Judge
925-487-4679
2220 First Street
Livermore, CA 94550
925-606-6191
www.SansarIndianCuisine.com
2610 S. Tracy Blvd
Tracy, CA 95376
209-834-2200
www.SansarTracy.com

# ਸੰਪਾਦਕੀ

## ਡੱਲੇਵਾਲ ’ਤੇ ਰਾਜਨੀਤੀ ਜਾਂ ਗੰਭੀਰਤਾ

ਅਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਹਰ ਪਾਸਿਓਂ ਨਾਕਾਮ ਹੋਣ ਤੋਂ ਬਾਅਦ ਆਖਿਰ ਭੁੱਖ ਹੜਤਾਲ ਕਰਨ ਦਾ ਰਾਹ ਅਪਣਾਇਆ। ਸਰਕਾਰਾਂ ਤੋਂ ਮੰਗਾਂ ਮਨਵਾਉਣ ਦਾ ਇਹ ਤਰੀਕਾ ਲੋਕਰਾਜੀ ਵੀ ਹੈ ਅਤੇ ਬਹੁਤ ਪੁਰਾਣਾ ਵੀ ਹੈ ਕਿਉਂਕਿ ਭਾਰਤ ਦੀ ਆਜ਼ਾਦੀ ਸੰਗਰਾਮ ਵਿਚ ਵੀ ਬਹੁਤ ਸਾਰੇ ਆਗੂ ਇਸੇ ਹਥਿਆਰ ਦਾ ਸਹਾਰਾ ਲਿਆ ਕਰਦੇ ਸਨ। ਮਹਾਤਮਾ ਗਾਂਧੀ, ਪੰਡਤ ਨਹਿਰੂ, ਪਟੇਲ, ਸ਼ਹੀਦ ਭਗਤ ਸਿੰਘ, ਸੁਖਦੇਵ ਥਾਪਰ ਅਤੇ ਰਾਜਗੁਰੂ, ਬੱਟੂਕੇਸ਼ਵਰ ਦੱਤ, ਜਤਿੰਦਰ ਨਾਥ ਦਾਸ,  ਨੇ ਵੀ ਇਹ ਤਰੀਕਾ ਅਪਣਾਇਆ ਸੀ। ਆਜ਼ਾਦੀ ਤੋਂ ਬਾਅਦ ਵੀ ਕਈ ਲੀਡਰਾਂ ਨੇ ਭੁੱਖ ਹੜਤਾਲ ਕੀਤੀ, ਜਿਹਨਾਂ ਵਿਚ ਅੰਨਾ ਹਜ਼ਾਰੇ, ਬਾਬਾ ਰਾਮਦੇਵ, ਇਰੀਮ ਸ਼ਰਮੀਲਾ, ਮੇਧਾ ਪਾਟੇਕਰ ਦਾ ਨਾਂ ਵੀ ਵਰਣਨਯੋਗ ਹੈ। ਭੁੱਖ ਹੜਤਾਲ ਕਿੰਨੀ ਲੰਮੀ ਹੁੰਦੀ ਹੈ, ਇਸ ਬਾਰੇ ਕੋਈ ਦਾਅਵਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਡਾਕਟਰਾਂ ਮੁਤਾਬਕ ਭੁੱਖ ਹੜਤਾਲ ਕਿੰਨੀ ਲੰਮੀ ਚੱਲੇਗੀ, ਇਹ ਹਰੇਕ ਵਿਅਕਤੀ ਦੀ ਸਿਹਤ ’ਤੇ ਨਿਰਭਰ ਕਰਦਾ ਹੈ ਪਰ ਭੁੱਖ ਹੜਤਾਲਾਂ ਕਿੰਨੀਆਂ ਕੁ ਕਾਮਯਾਬ ਰਹੀਆਂ, ਇਸ ਬਾਰੇ ਤਾਂ ਇੰਨਾ ਹੀ ਕਿਹਾ ਜਾ ਸਕਦਾ ਹੈ ਕਿ ਭੁੱਖ ਹੜਤਾਲ ਲੋਕਾਂ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਨ ਦਾ ਸਭ ਤੋਂ ਬਿਹਤਰੀਨ ਤਰੀਕਾ ਹੈ ਕਿਉਂਕਿ ਆਮ ਲੋਕਾਂ ਨੂੰ ਭੁੱਖ ਹੜਤਾਲ ਕਰਨ ਵਾਲੇ ਨਾਲ ਹਮਦਰਦੀ ਹੋ ਜਾਂਦੀ ਹੈ ਅਤੇ ਉਹ ਸਰਕਾਰ ਤੇ ਦਬਾਅ ਪਾਉਣ ਲੱਗ ਜਾਂਦੇ ਹਨ ਕਿ ਉਸ ਦੀ ਮੰਗ ਨੂੰ ਮੰਨਿਆ ਜਾਵੇ ਪਰ ਅਕਸਰ ਅਜਿਹਾ ਨਹੀਂ ਹੁੰਦਾ ਕਿ ਭੁੱਖ ਹੜਤਾਲੀ ਜਿੱਤ ਕੇ ਹੀ ਨਿਕਲਦਾ ਹੋਵੇ। ਜਿਉਂ ਹੀ ਸਰਕਾਰ ਤੇ ਦਬਾਅ ਪੈਂਦਾ ਹੈ ਤਾਂ ਸਰਕਾਰ ਦੋ ਤਰੀਕੇ ਅਪਣਾਉਂਦੀ ਹੈ, ਪਹਿਲੀ ਤਾਂ ਉਹ ਮੰਗ ਨੂੰ ਕੁਝ ਨਾ ਕੁਝ ਮੰਨ ਕੇ ਹੜਤਾਲ ਖਤਮ ਕਰਵਾ ਦਿੰਦੀ ਹੈ ਅਤੇ ਦੂਜੀ ਹੈ ਡੰਡਾ ਰਾਜ। ਸਰਕਾਰ ਜਬਰਦਸਤੀ ਚੁੱਕ ਕੇ ਭੁੱਖ ਹੜਤਾਲੀ ਨੂੰ ਹਸਪਤਾਲ ਸੁੱਟ ਦਿੰਦੀ ਹੈ, ਉਸ ਤੋਂ ਬਾਅਦ ਦਵਾਈਆਂ ਨਾਲ ਉਸ ਨੂੰ ਖੁਰਾਕ ਮੁਹੱਈਆ ਕਰਵਾ ਦਿੱਤੀ ਜਾਂਦੀ ਹੈ ਅਤੇ ਇੰਨੀ ਦੇਰ ਵਿਚ ਜਨਤਾ ਭੁੱਲ-ਭੁਲਾ ਜਾਂਦੀ ਹੈ। ਜਿੱਥੋਂ ਤੱਕ ਡੱਲੇਵਾਲ ਦੀ ਭੁੱਖ ਹੜਤਾਲ ਦਾ ਸਬੰਧ ਹੈ, ਇਸ ਬਾਰੇ ਕਈ ਗੱਲਾਂ ਕਹੀਆਂ ਜਾ ਰਹੀਆਂ ਹਨ। ਇਕ ਧੜਾ ਤਾਂ ਇਹ ਕਹਿ ਰਿਹਾ ਹੈ ਕਿ ਇਹ ਸਿਆਸਤ ਤੋਂ ਪ੍ਰੇਰਿਤ ਸੰਘਰਸ਼ ਹੈ, ਦੂਜੀ ਧਿਰ ਕਹਿ ਰਹੀ ਹੈ ਕਿ ਡੱਲੇਵਾਲ ਨੂੰ ਮਾਰਨ ਲਈ ਸਿਆਸਤਦਾਨਾਂ ਦੀ ਇਕ ਜੁੰਡਲੀ ਲੱਗੀ ਹੋਈ ਹੈ ਤਾਂ ਜੋ ਉਹਨਾਂ ਦੀ ਮੌਤ ਦੇ ਛਿੱਤਰ ਮੋਦੀ ਦੇ ਸਿਰ ਪਾਏ ਜਾਣ। ਕੁਝ ਵੀ ਹੋਵੇ, ਕਿਸਾਨੀ ਦੀਆਂ ਸਮੱਸਿਆਵਾਂ ਦਾ ਢੁਕਵਾਂ ਹੱਲ ਕੱਢਣ ਲਈ ਇਕੱਲਾ ਕੇਂਦਰ ਨਹੀਂ ਬਲਕਿ ਪੰਜਾਬ ਸਰਕਾਰ ਵੀ ਬਰਾਬਰ ਦੀ ਜ਼ਿੰਮੇਵਾਰ ਹੈ ਪਰ ਇੱਥੇ ਤਾਂ ਹਾਲਤ ਇਹ ਹੈ ਕਿ ਦੋਵੇਂ ਸਰਕਾਰਾਂ ਆਪੋ-ਆਪਣੀ ਰਾਜਨੀਤੀ ਕਰਕੇ ਇਸ ਭੁੱਖ ਹੜਤਾਲ ਦਾ ਫਾਇਦਾ ਲੈਣਾ ਲੋਚਦੀਆਂ ਜ਼ਿਆਦਾ ਜਾਪਦੀਆਂ ਹਨ।

ਦੁਨੀਆਂ ਭਰ ਦੇ ਪ੍ਰਸਿੱਧ ਅਰਥ ਸ਼ਾਸਤਰੀ ਅਤੇ ਭਾਰਤ ਦੇ 2 ਵਾਰ ਪ੍ਰਧਾਨ ਮੰਤਰੀ ਰਹੇ ਡਾ. ਮਨਮੋਹਨ ਸਿੰਘ ਦੇ ਅਕਾਲ ਚਲਾਣੇ ’ਤੇ ’ਪਰਦੇਸ ਟਾਇਮਜ਼’ ਵੱਲੋਂ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਹਨਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਦਿੱਤੀ ਜਾਂਦੀ ਹੈ।

**-ਬਲਬੀਰ ਸਿੰਘ ਐਮ. ਏ. ਮੁੱਖ ਸੰਪਾਦਕ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don’t endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਖੁਸ਼ਹਾਲੀ ਤੋਂ ਮੰਦਹਾਲੀ ਵੱਲ ਪੰਜਾਬ ਅਤੇ ਦਿਹਾਤੀ ਬੇਚੈਨੀ

ਡਾ. ਮੇਹਰ ਮਾਣਕ

ਪੰਜਾਬ ਦੇ ਸ਼ਾਬਦਿਕ ਅਰਥ ਬਹੁਤ ਡੂੰਘੇ ਹਨ ਜਿਸ ਪਿੱਛੇ ਇਸ ਦਾ ਲੰਮਾ ਇਤਿਹਾਸ, ਭੂਗੋਲਿਕ ਅਤੇ ਸਮੁੱਚਾ ਆਰਥਿਕ ਸਮਾਜਿਕ ਤਾਣੇ-ਬਾਣੇ ਦਾ ਵਰਤਾਰਾ ਛੁਪਿਆ ਹੈ। ਪੰਜਾਬ ਦਾ ਨਾਂ ਫ਼ਾਰਸੀ ਦੇ ਦੋ ਸ਼ਬਦਾਂ ਪੰਜ ਅਤੇ ਆਬ ਤੋਂ ਬਣਿਆ ਹੈ ਜਿਸ ਦਾ ਅਰਥ ਪੰਜ ਦਰਿਆਵਾਂ ਦੀ ਧਰਤੀ ਹੈ। 1947 ਦੀ ਵੰਡ ਤੋਂ ਬਾਅਦ ਭਾਰਤੀ ਪੰਜਾਬ ਦੇ ਪੱਛਮ ਵਿੱਚ ਇਸ ਦਾ ਬਾਰਡਰ ਪੱਛਮੀ ਪੰਜਾਬ (ਪਾਕਿਸਤਾਨ) ਨਾਲ ਲੱਗਦਾ ਹੈ। ਇਸ ਦਾ ਖੇਤਰਫ਼ਲ 503620 ਵਰਗ ਕਿਲੋਮੀਟਰ ਹੈ ਅਤੇ ਇਹ ਭਾਰਤ ਦੇ 1.53 ਪ੍ਰਤੀਸ਼ਤ ਖੇਤਰ ਵੱਸਿਆ ਹੋਇਆ ਹੈ। 1947 ਤੋਂ ਬਾਅਦ ਵੀ ਭਾਵੇਂ ਇਸ ਦੀ ਵੰਡ ਹੁੰਦੀ ਰਹੀ, ਫਿਰ ਵੀ ਇਹ ਭਾਰਤ ਦਾ 20ਵਾਂ ਵੱਡਾ ਰਾਜ ਹੈ ਜਿਸ ਦੀ 62.52 ਪ੍ਰਤੀਸ਼ਤ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ। ਇੱਥੋਂ ਦੀ ਵੱਸੋਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਤਿਹਾਸਕ ਬਣਤਰ ਕਾਰਨ ਇੱਥੋਂ ਦੇ ਲੋਕ ਬਹੁਤ ਮਿਹਨਤੀ, ਸਿਰੜੀ ਅਤੇ ਹਿੰਮਤੀ ਹਨ।

ਦੇਸ਼ ਵੰਡ ਤੋਂ ਬਾਅਦ ਭੁੱਖਮਰੀ ਮੁੱਖ ਸਮੱਸਿਆ ਬਣ ਕੇ ਉੱਭਰੀ ਜਿਸ ਨਾਲ ਨਜਿੱਠਣਾ ਜ਼ਰੂਰੀ ਸੀ ਕਿਉਂਕਿ ਇਹ ਸਮੱਸਿਆ ਮਨੁੱਖ ਦੀ ਹੋਂਦ ਨਾਲ ਜੁੜੀ ਹੋਈ ਹੈ। ਜ਼ਮੀਨੀ ਸੁਧਾਰਾਂ ਦੀ ਮੁਹਿੰਮ ਤੋਂ ਬਾਅਦ ਇਸ ਸਮੱਸਿਆ ਨਾਲ ਨਜਿੱਠਣ ਲਈ ਸਰਕਾਰ ਨੇ ਫੋਰਡ ਫਾਊਂਡੇਸ਼ਨ ਦਾ ਪ੍ਰਾਜੈਕਟ ਲਾਗੂ ਕਰਦਿਆਂ 1960ਵਿਆਂ ਵਿੱਚ ਹਰੀ ਕ੍ਰਾਂਤੀ ਵੱਲ ਕਦਮ ਪੁੱਟਿਆ। ਹਰੀ ਕ੍ਰਾਂਤੀ ਲਈ ਚੁਣੇ ਕੁਝ ਖੇਤਰਾਂ ਵਿੱਚੋਂ ਪੰਜਾਬ ਵੀ ਇੱਕ ਸੀ। ਪੰਜਾਬ ਨੇ ਨਵੇਂ ਬੀਜਾਂ, ਖਾਦਾਂ ਅਤੇ ਮਸ਼ੀਨਰੀ ਤੇ ਤਕਨੀਕਾਂ ਦੀ ਵਰਤੋਂ ਕਰ ਕੇ ਭਾਰਤ ਨੂੰ ਦੂਜੇ ਦੇਸ਼ਾਂ ਦੀ ਨਿਰਭਰਤਾ ਵਿੱਚੋਂ ਕੱਢਣ ਵਿੱਚ ਅਹਿਮ ਭੂਮਿਕਾ ਨਿਭਾਈ। ਅੱਜ ਪੰਜਾਬ, ਭਾਰਤ ਦੀ 15-20 ਪ੍ਰਤੀਸ਼ਤ ਕਣਕ, 12 ਪ੍ਰਤੀਸ਼ਤ ਚੌਲ ਅਤੇ 5 ਪ੍ਰਤੀਸ਼ਤ ਕਪਾਹ ਪੈਦਾ ਕਰਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਖੇਤੀ ਦੇ ਇਸ ਵਿਕਾਸ ਮਾਡਲ ਨੇ ਪੈਦਾਵਾਰ ਵਿੱਚ ਬੇਹੱਦ ਵਾਧਾ ਕੀਤਾ, ਕੁਝ ਦੇਰ ਲਈ ਮੁਨਾਫ਼ੇ ਵੀ ਵਧੇ ਪਰ ਖੇਤੀ ਦੇ ਇਸ ਵਿਕਾਸ ਮਾਡਲ ਨੇ ਪਿਛਲੇ ਤਕਰੀਬਨ ਤਿੰਨ ਦਹਾਕਿਆਂ ਦੇ ਸਮੇਂ ਤੋਂ ਆਪਣੇ ਮਾਰੂ ਪ੍ਰਭਾਵ ਦਿਖਾਉਣੇ ਸ਼ੁਰੂ ਕਰ ਦਿੱਤੇ।

ਪੰਜਾਬ ਦੇ ਪਾਣੀ ਜਿਸ ਕਾਰਨ ਇਸ ਦੀ ਸਰਦਾਰੀ ਸੀ, ਮਨੁੱਖੀ ਪਹੁੰਚ ਤੋਂ ਦੂਰ ਹੋ ਰਿਹਾ ਹੈ। ਅੱਜ ਪੰਜਾਬ ਵਿੱਚ 14.5 ਲੱਖ ਤੋਂ ਵੱਧ ਟਿਊਬਵੈੱਲ ਸਿੰਜਾਈ ਖਾਤਰ ਧਰਤੀ ਹੇਠਲਾ ਪਾਣੀ ਕੱਢ ਰਹੇ ਹਨ ਜਿਸ ਕਾਰਨ ਪੰਜਾਬ ਦੇ ਕੁੱਲ 150 ਬਲਾਕਾਂ ਵਿੱਚੋਂ 140 ਬਲਾਕ ਉਹ ਹਨ ਜਿਨ੍ਹਾਂ ਨੂੰ ਸਰਕਾਰ ਨੇ ‘ਡਾਰਕ ਜ਼ੋਨ’ ਵਾਲੀ ਸੂਚੀ ਵਿੱਚ ਪਾਇਆ ਹੋਇਆ ਹੈ। ਹਰ ਸਾਲ ਇੱਕ ਮੀਟਰ ਤੋਂ ਵੀ ਵੱਧ ਧਰਤੀ ਹੇਠਲਾ ਪਾਣੀ ਨੀਵਾਂ ਹੋ ਰਿਹਾ ਹੈ। ‘ਸੈਂਟਰਲ ਬੋਰਡ ਆਫ ਗਰਾਊਂਡ ਵਾਟਰ’ ਮੁਤਾਬਿਕ, 2039 ਤੱਕ ਪਾਣੀ 1000 ਫੁੱਟ ਡੂੰਘਾ ਹੋ ਜਾਵੇਗਾ; ਮਤਲਬ, ਪੰਜਾਬ ਰੇਗਿਸਤਾਨ ਬਣ ਜਾਵੇਗਾ। ਇਸ ਤੋਂ ਇਲਾਵਾ ਧਰਤੀ ਹੇਠਲਾ ਅਤੇ ਧਰਤੀ ’ਤੇ ਵਗਦਾ ਪਾਣੀ, ਮਿੱਟੀ, ਹਵਾ ਤੱਕ ਗੰਧਲੇ ਹੋ ਚੁੱਕੇ ਹਨ। ਇਸ ਮਸਲੇ ਵੱਲ ਤਵੱਜੋ ਦੇਣ ਦੀ ਕੋਈ ਵੀ ਕੋਸ਼ਿਸ਼ ਨਹੀਂ ਕਰ ਰਿਹਾ।

ਮੰਡੀ ਵਿੱਚ ਮੁਨਾਫ਼ੇ ਦੇ ਚੱਕਰਵਿਊ ਵਿੱਚ ਪਈ ਕਿਸਾਨੀ ਕਾਰਨ ਪੰਜਾਬ ਵਿੱਚ ਹਰ ਸਾਲ ਝੋਨੇ ਹੇਠ ਰਕਬਾ ਵਧ ਰਿਹਾ ਹੈ, ਇਹ ਹੁਣ 32 ਲੱਖ ਹੈਕਟੇਅਰ ’ਤੇ ਪੁੱਜ ਗਿਆ ਹੈ। ਉਤਪਾਦਨ ਭਾਵੇਂ ਜ਼ੋਰਾਂ ’ਤੇ ਹੈ ਪਰ ਝੋਨੇ ਦੀ ਫ਼ਸਲ ਮੰਡੀਆਂ ਵਿੱਚ ਰੁਲਦੀ ਰਹਿੰਦੀ ਹੈ। ਪੈਦਾਵਾਰ ਅਤੇ ਕਿਸਾਨੀ ਦੀ ਹੋ ਰਹੀ ਦੁਰਦਸ਼ਾ ਹੁਣ ਕਿਸੇ ਤੋਂ ਛੁਪੀ ਨਹੀਂ। ਭਾਰਤ ਬਾਹਰਲੇ ਦੇਸ਼ਾਂ ਤੋਂ ਡੇਢ ਲੱਖ ਕਰੋੜ ਰੁਪਏ ਦੀਆਂ ਦਾਲਾਂ ਅਤੇ ਤਕਰੀਬਨ ਇੰਨੇ ਹੀ ਮੁੱਲ ਦੇ ਤੇਲ ਬੀਜਾਂ ਦੀ ਦਰਾਮਦ ਕਰਦਾ ਹੈ ਜਦੋਂਕਿ ਸਭ ਕੁਝ ਇੱਥੇ ਹੀ ਪੈਦਾ ਹੋ ਸਕਦਾ ਹੈ। ਅਜਿਹੀ ਸੂਰਤ ਵਿੱਚ ਬਦਲਵੀਆਂ ਫ਼ਸਲਾਂ ਜਿਵੇਂ ਦਾਲਾਂ, ਤੇਲ ਬੀਜਾਂ ਆਦਿ ਨੂੰ ਪ੍ਰਫੁੱਲਿਤ ਕਰਨ ਦੀ ਲੋੜ ਹੈ। ਇਨ੍ਹਾਂ ਫ਼ਸਲਾਂ ਨੂੰ ਪ੍ਰਫੁੱਲਿਤ ਕਰਨ ਲਈ ਐੱਮਐੱਸਪੀ ਦੀ ਖਰੀਦ ਦਾ ਵਿਸਥਾਰ, ਵੰਨ-ਸਵੰਨਤਾ ਅਤੇ ਸਿਹਤਮੰਦ ਖੇਤੀ ਅਮਲਾਂ ਨੂੰ ਹੁਲਾਰਾ ਦੇਣ ਲਈ ਕਦਮ ਪੁੱਟਣੇ ਦੀ ਜ਼ਰੂਰਤ ਹੈ। ਕੋਲਡ ਸਟੋਰੇਜ, ਵੇਅਰਹਾਊਸਿੰਗ, ਪ੍ਰਾਸੈਸਿੰਗ ਯੂਨਿਟਾਂ ਅਤੇ ਆਵਾਜਾਈ ਸਿਸਟਮ ਵਿੱਚ ਸਰਕਾਰੀ ਨਿਵੇਸ਼ ਦੀ ਜ਼ਰੂਰਤ ਹੈ ਜਿਸ ਨਾਲ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਵਧੇਗਾ। ਇਸ ਨਾਲ ਆਮਦਨ ਦੇ ਨਵੇਂ ਰਾਹ ਖੁੱਲ੍ਹਣਗੇ ਅਤੇ ਇਹ ਪਰਵਾਸ ਨੂੰ ਵੀ ਠੱਲ੍ਹ ਪਾਵੇਗਾ।



ਪੰਜਾਬ ਉਹ ਸੂਬਾ ਹੈ ਜਿੱਥੇ ਜ਼ਿਆਦਾਤਰ ਦਰਮਿਆਨੀ ਅਤੇ ਛੋਟੀ ਕਿਸਾਨੀ ਹੈ। ਕਿਸਾਨੀ ਦੀ ਟੁੱਟ ਰਹੀ ਬਣਤਰ ਅਤੇ ਮੰਦੀ ਹੋ ਰਹੀ ਆਰਥਿਕ ਹਾਲਤ ਨੇ ਉਨ੍ਹਾਂ ਅੰਦਰ ਬੇਯਕੀਨੀ ਪੈਦਾ ਕਰ ਦਿੱਤੀ ਹੈ। ਇਸ ਕਰ ਕੇ ਕਿਸਾਨ ਵੀ ਕੁਝ ਕਾਰਨਾਂ ਕਰ ਕੇ ਇਸ ਫ਼ਸਲੀ ਚੱਕਰ ਵਿੱਚੋਂ ਨਿਕਲਣ ਲਈ ਤਿਆਰ ਨਹੀਂ। ਦਿਨ-ਬ-ਦਿਨ ਵਧ ਰਹੀਆਂ ਲਾਗਤਾਂ ਅਤੇ ਮੁਨਾਫ਼ੇ ਵਿੱਚ ਆਈ ਤੇਜ਼ੀ ਨਾਲ ਗਿਰਾਵਟ ਕਾਰਨ ਖੇਤੀ ਪਹਿਲਾਂ ਹੀ ਘਾਟੇ ਦਾ ਸੌਦਾ ਸਿੱਧ ਹੋਣ ਕਰ ਕੇ ਸਮੁੱਚਾ ਅਰਥਚਾਰਾ ਮੰਦੀ ਦੀ ਲਪੇਟ ਵਿੱਚ ਹੈ। ਕਰਜ਼ਦਾਰੀ ਦੇ ਬੋਝ ਅਤੇ ਮਾਨਸਿਕ ਦਬਾਓ ਕਾਰਨ ਕਿਸਾਨ ਮਜ਼ਦੂਰ ਆਤਮਘਾਤੀ ਰੁਝਾਨ ਦਾ ਸ਼ਿਕਾਰ ਹੋ ਚੁੱਕੇ ਹਨ। ਇਹ ਰੁਝਾਨ 1990 ਤੋਂ ਸ਼ੁਰੂ ਹੋਇਆ ਜੋ ਰੁਕਣ ਦਾ ਨਾਂ ਨਹੀਂ ਲੈ ਰਿਹਾ। ਹੁਣ ਤੱਕ ਪੰਜਾਬ ਅੰਦਰ ਵੱਡੀ ਗਿਣਤੀ ਵਿੱਚ ਆਤਮ-ਹੱਤਿਆਵਾਂ ਹੋ ਚੁੱਕੀਆਂ ਹਨ। ਪ੍ਰਸਿੱਧ ਸਮਾਜ ਵਿਗਿਆਨੀ ਟੌਮ ਬਰਾਸ ਅਨੁਸਾਰ, ਸਰਕਾਰ ਜਾਣਬੁੱਝ ਕੇ ਸਹੀ ਤੱਥ ਪੇਸ਼ ਨਹੀਂ ਕਰ ਰਹੀ। ਸਰਕਾਰ ਨੇ ਆਪਣੀ ਰਿਪੋਰਟ ਵਿੱਚ 1991 ਤੋਂ 2000 ਤੱਕ 3100, ਸਾਲ 2000 ਤੋਂ 2015 ਤੱਕ 16661 ਅਤੇ 2015 ਤੋਂ 2017 ਤੱਕ 2200 ਕੇਸਾਂ ਦਾ ਜ਼ਿਕਰ ਕੀਤਾ ਹੈ। ਗ਼ੈਰ-ਸਰਕਾਰੀ ਅੰਕੜੇ ਦੱਸਦੇ ਹਨ ਕਿ ਗਿਣਤੀ ਵਧੇਰੇ ਹੈ। ਇਸ ਤੋਂ ਬਾਅਦ ਸਰਕਾਰ ਨੇ ਜਾਣਕਾਰੀ ਦੇਣੀ ਬੰਦ ਕਰ ਦਿੱਤੀ। ਜੇ ਇਸ ਜਾਣਕਾਰੀ ਦੇ ਆਧਾਰ ’ਤੇ 2024 ਤੱਕ ਔਸਤ ਕੱਢੀਏ ਤਾਂ ਕੇਸਾਂ ਦੀ ਗਿਣਤੀ 30000 ਬਣਦੀ ਹੈ।

ਅੱਜ ਪੰਜਾਬ ਦੇ ਪੇਂਡੂ ਅਰਥਚਾਰੇ ਦਾ ਹਾਲ ਇਹ ਹੈ ਕਿ ਢੁਕਵਾਂ ਕੰਮ ਨਾ ਮਿਲਣ ਕਾਰਨ ਪੰਜਾਬੀ ਕੈਨੇਡਾ, ਅਮਰੀਕਾ, ਆਸਟਰੇਲੀਆ, ਯੂਕੇ ਵੱਲ ਆਪਣੇ ਵਸੇਬੇ ਅਤੇ ਉੱਜਲ ਭਵਿੱਖ ਲਈ ਪਰਵਾਸ ਕਰ ਰਹੇ ਹਨ। ਜਵਾਨੀ ਨਸ਼ਿਆਂ ਅਤੇ ਹਿੰਸਕ ਪ੍ਰਵਿਰਤੀਆਂ ਦਾ ਸ਼ਿਕਾਰ ਹੋ ਰਹੀ ਹੈ। ਕੰਗਾਲ ਹੋਇਆ ਅੱਜ ਪੰਜਾਬ ਖਾਲੀ ਹੱਥ ਖੜ੍ਹਾ ਦਿਖਾਈ ਦੇ ਰਿਹਾ ਹੈ।

ਜ਼ਾਹਿਰ ਹੈ ਕਿ ਹਾਲਤ ਬਹੁਤ ਨਿਰਾਸ਼ਾਜਨਕ ਹੈ ਜਿਸ ਵਿੱਚੋਂ ਜਨਤਕ ਰੋਸ ਪੈਦਾ ਹੋਣਾ ਸੁਭਾਵਿਕ ਹੈ। ਦਿੱਲੀ ਮੋਰਚੇ ਇਸੇ ਦਾ ਪ੍ਰਤੱਖ ਸਬੂਤ ਹੈ ਕਿ ਪੰਜਾਬੀ ਅਵਾਮ ਦਾ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਵਿਸ਼ਵਾਸ ਉੱਠ ਚੁੱਕਾ ਹੈ। ਅਵਾਮ ਸਰਕਾਰਾਂ ਉੱਤੇ ਕੀ ਵਿਸ਼ਵਾਸ ਕਰੇ, ਕੇਂਦਰ ਸਰਕਾਰ ਨੇ ਮੰਗਾਂ ਮੰਨ ਕੇ ਵੀ ਨਹੀਂ ਮੰਨੀਆਂ। ਕੇਂਦਰ ਸਰਕਾਰ ਦੀ ਅਜਿਹੀ ਪਹੁੰਚ ਨੇ ਕੰਮ ਕਰ ਕੇ ਢਿੱਡ ਭਰਨ ਵਾਲੇ ਤਬਕਿਆਂ ਦੇ ਮਨਾਂ ਅੰਦਰ ਦਿਨ-ਬ-ਦਿਨ ਫੈਲ ਰਹੀ ਬੇਵਿਸਾਹੀ ਵਿੱਚ ਹੋਰ ਵਾਧਾ ਕਰ ਦਿੱਤਾ ਹੈ। ਹੁਣ ਇਹ ਗੱਲ ਆਮ ਹੈ ਕਿ ਕੇਂਦਰ ਸਰਕਾਰ ਕੁਝ ਖ਼ਾਸ ਵੱਡੇ ਘਰਾਣਿਆਂ ਦੀ ਮਦਦ ਨਾਲ ਚੱਲ ਰਹੀ ਹੈ; ਇਸ ਦੇ ਆਪਣੇ ਅਤੇ ਆਪਣੇ ਮਦਦਗਾਰਾਂ ਦੇ ਹਿੱਤ ਪਹਿਲਾਂ ਹਨ।

ਸਰਕਾਰ ਆਪਣੇ ਸਾਧਨਾਂ ਅਤੇ ਚਾਲਾਂ ਰਾਹੀਂ ਖਾਸ ‘ਇੱਛਤ ਸਮਾਜ’ ਸਿਰਜਣ ਦੀ ਪ੍ਰਕਿਰਿਆ ਵਿੱਚ ਪਈ ਹੋਈ ਹੈ ਤਾਂ ਕਿ ਜਮਾਤੀ ਵਿਰੋਧ ਧੁੰਦਲੇ ਕੀਤੇ ਜਾ ਸਕਣ। ਇਸ ਤੋਂ ਇਲਾਵਾ ਦਿੱਲੀ ਮੋਰਚੇ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਕਿਸਾਨ ਜਥੇਬੰਦੀਆਂ/ਧਿਰਾਂ ਅਤੇ ਨੇਤਾਵਾਂ ਦਾ ਦੋ ਖੇਮਿਆਂ ਵਿੱਚ ਵੰਡੇ ਜਾਣਾ ਵੀ ਕਿਸਾਨਾਂ ਅੰਦਰਲੀ ਨਿਰਾਸ਼ਤਾ ਵਿੱਚ ਵਾਧਾ ਕਰ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਵੱਲੋਂ ਕਿਸਾਨਾਂ ਦੀ ਸਭ ਤੋਂ ਵੱਡੀ ਧਿਰ ਸੰਯੁਕਤ ਕਿਸਾਨ ਮੋਰਚੇ ਨੂੰ ਅੱਖੋ-ਪਰੋਖੇ ਕਰ ਕੇ ਕਿਸਾਨੀ ਮੰਗਾਂ ਲਈ ਸ਼ੰਭੂ ਅਤੇ ਖਨੌਰੀ ਮੋਰਚਾ ਲਾ ਕੇ ਦਿੱਲੀ ਦੀ ਸੱਤਾ ਨਾਲ ਟੱਕਰ ਲੈਣ ਦੀ ਖੁਸ਼ਫਹਿਮੀ, ਕਿਸਾਨਾਂ ਉੱਤੇ ਹੋ ਰਿਹਾ ਤਸ਼ੱਦਦ ਅਤੇ ਚਾਲੂ ਕੀਤੇ ਮੋਰਚੇ ਦਾ ਆਪਣੇ ਹੀ ਮੋਰਚੇ ਵਿੱਚ ਘਿਰ ਜਾਣਾ, ਅੰਦੋਲਨ ਕਰਨ ਵਾਲਿਆਂ ਲਈ ਨਿਰਾਸ਼ਾਜਨਕ, ਚਿੰਤਾਜਨਕ ਅਤੇ ਚੁਣੌਤੀ ਭਰਪੂਰ ਵਿਸ਼ਾ ਹੈ। ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਦੇ ਹਰਿਆਣੇ ਦੇ ਬਾਰਡਰ ’ਤੇ ਪਿਛਲੇ 10 ਮਹੀਨਿਆਂ ਤੋਂ ਚੱਲ ਰਹੇ ਅੰਦੋਲਨ ਵਿੱਚ ਹੁਣ ਤੱਕ 400 ਤੋਂ ਵੱਧ ਕਿਸਾਨ ਫੱਟੜ ਹੋਏ, ਕੁਝ ਕਿਸਾਨਾਂ ਦੀਆਂ ਦੋਵੇਂ ਅੱਖਾਂ ਚਲੀਆਂ ਗਈਆਂ ਅਤੇ ਨੌਜਵਾਨ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ; ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਇੱਕ ਮਹੀਨੇ ਤੋਂ ਮਰਨ ਵਰਤ ’ਤੇ ਹਨ।

ਕੇਂਦਰ ਸਰਕਾਰ ਵੱਲੋਂ ਕਿਸਾਨਾਂ ਲਈ ਵਾਰ-ਵਾਰ ਹਰਿਆਣਾ ਦੇ ਬਾਰਡਰ ਸੀਲ ਕਰਨੇ, ਪੰਜਾਬ ਦੀਆਂ ਸਫ਼ਾਂ ਅੰਦਰ ਸਰਕਾਰ ਦਾ ਅਜਿਹਾ ਵਤੀਰਾ ਬੇਗਾਨਗੀ ਪੈਦਾ ਕਰ ਰਿਹਾ ਹੈ। ਦਿੱਲੀ ਵੱਲ ਸ਼ਾਂਤਮਈ ਤਰੀਕੇ ਨਾਲ ਕੂਚ ਕਰਦੇ ਕਿਸਾਨਾਂ ’ਤੇ ਲਾਠੀਆਂ, ਗੈਸਾਂ ਅਤੇ ਗੋਲੀਆਂ ਵਰ੍ਹਾਉਣੀਆਂ ਕਿਸੇ ਵੀ ਲੋਕਤੰਤਰੀ ਸਰਕਾਰ ਨੂੰ ਸੋਭਾ ਨਹੀਂ ਦਿੰਦਾ।

ਬੇਯਕੀਨੀ ਵਾਲੀ ਅਜਿਹੀ ਹਾਲਤ ਵਿੱਚ ਸਮੁੱਚੀ ਕਿਸਾਨੀ ਅਤੇ ਪੇਂਡੂ ਸਮਾਜ ਸਾਹਮਣੇ ਵੱਡੀਆਂ ਚੁਣੌਤੀਆਂ ਹਨ। ਸਰਕਾਰ ਕਿਸੇ ਵੀ ਤਰੀਕੇ ਹੱਥ-ਪੱਲਾ ਫੜਾਉਣ ਨੂੰ ਤਿਆਰ ਨਹੀਂ। ਉਹ ਵਾਪਸ ਲਏ ਤਿੰਨ ਕਾਨੂੰਨ ਟੇਢੇ ਤਰੀਕੇ ਨਾਲ ਲਾਗੂ ਕਰਨ ਦੀ ਤਾਕ ਵਿੱਚ ਹੈ। ਸੰਯੁਕਤ ਕਿਸਾਨ ਮੋਰਚੇ ਨੇ ਪੰਜਾਬ ਸਰਕਾਰ ਨਾਲ ਆਪਣੀ 19 ਦਸੰਬਰ ਵਾਲੀ ਮੀਟਿੰਗ ਵਿੱਚ ਕੌਮੀ ਖੇਤੀ ਮੰਡੀ ਨੀਤੀ ਰੱਦ ਕਰ ਦਿੱਤੀ ਹੈ ਅਤੇ ਕਿਹਾ ਕਿ ਕੇਂਦਰ ਸਰਕਾਰ ਅਜਿਹੇ ਤਰੀਕੇ ਵਰਤ ਕੇ ਸੂਬਿਆਂ ਦੇ ਅਧਿਕਾਰ ਖੇਤਰ ਵਿੱਚ ਦਖ਼ਲ ਦੇ ਰਹੀ ਹੈ।

ਇਹ ਗੱਲ ਸਭ ਨੂੰ ਭਲੀ-ਭਾਂਤ ਪਤਾ ਹੈ ਕਿ ਬਦਲ ਚੁੱਕੇ ਹਾਲਾਤ ਵਿੱਚ ਕਿਸਾਨ ਲੀਡਰਸ਼ਿਪ ਹੁਣ ਪਹਿਲਾਂ ਨਾਲੋਂ ਬਹੁਤ ਸਿਆਣੀ ਅਤੇ ਘੋਲਾਂ ਦੇ ਤਜਰਬੇ ’ਚੋਂ ਜਾਗਰੂਕ ਹੋ ਚੁੱਕੀ ਹੈ। ਤਿੱਖੀਆਂ ਹੋ ਰਹੀਆਂ ਵਿਰੋਧਤਾਈਆਂ ਦੇ ਦੌਰ ਅੰਦਰ ਇੱਕ ਪਾਸੇ ਕੇਂਦਰ ਤੇ ਪੰਜਾਬ ਸਰਕਾਰ ਅਤੇ ਦੂਜੇ ਪਾਸੇ ਸਮੂਹ ਕਿਸਾਨ ਧਿਰਾਂ ਨੂੰ ਬੜੀ ਦਿਆਨਤਦਾਰੀ ਤੇ ਜ਼ਿੰਮੇਵਾਰੀ ਨਾਲ ਮਿਲ ਬੈਠ ਕੇ ਮਸਲਿਆਂ ਦੇ ਹੱਲ ਵੱਲ ਸਾਰਥਿਕ ਕਦਮ ਪੁੱਟਣੇ ਚਾਹੀਦੇ ਹਨ। ਇਸੇ ਵਿੱਚ ਸਭ ਦੀ ਭਲਾਈ ਹੈ।

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਗੁਰਨਾਮ ਸਿੰਘ ਪੰਮਾ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਸੰਤੋਖ ਸਿੰਘ ਜੱਜ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਮਨਦੀਪ ਸਿੰਘ ਥਿਆੜਾ
(19) ਭੁਪਿੰਦਰ ਸਿੰਘ ਪਦਮ
(20) ਡਾ. ਮਨਦੀਪ ਸਿੰਘ ਭੁੱਲਰ

# ਡਾ. ਮਨਮੋਹਨ ਸਿੰਘ ਅਤੇ ਸਾਂਝ ਦੀ ਸਿਆਸਤ



ਜਯੋਤੀ ਮਲਹੋਤਰਾ

ਕਾਂਗਰਸੀ ਆਗੂ ਮਨੀਸ਼ ਤਿਵਾੜੀ ਅਤੇ ਸਾਥੀ ਪੱਤਰਕਾਰ ਪ੍ਰਦੀਪ ਮੈਗਜ਼ੀਨ ਨੇ ਕਈ ਹੋਰਾਂ ਦੇ ਨਾਲ ਡਾ. ਮਨਮੋਹਨ ਸਿੰਘ ਦੇ ਦੇਹਾਂਤ ਉਤੇ ਸੋਸ਼ਲ ਮੀਡੀਆ 'ਤੇ ਪਿਛਲੇ ਕੁਝ ਘੰਟੇ ਇਸ ਗੱਲ 'ਤੇ ਚਿੰਤਨ ਕਰਦਿਆਂ ਬਿਤਾਏ ਕਿ ਕਿਉਂ ਮੀਡੀਆ ਦੇ ਕੁਝ ਹਿੱਸਿਆਂ ਨੇ ਡਾਬਰਮੈਨ ਪਿੰਸਚਰ ਦੀਆਂ ਕਈ ਵਿਸ਼ੇਸ਼ਤਾਵਾਂ ਨੂੰ ਅਪਣਾਇਆ (ਕੁੱਤੇ ਦੀ ਇਕ ਨਸਲ- ਡਾਬਰਮੈਨ ਤੋਂ ਬਣਦੀ ਮੁਆਫ਼ੀ ਮੰਗਦਿਆਂ) ਤੇ 2014 'ਚ ਪ੍ਰਧਾਨ ਮੰਤਰੀ ਕਾਰਜਕਾਲ ਦੇ ਆਖ਼ਿਰੀ ਮਹੀਨਿਆਂ ਦੌਰਾਨ ਬੜੇ ਅਨੋਖੇ ਢੰਗ ਨਾਲ ਉਨ੍ਹਾਂ ਦੇ ਮਗਰ ਪਿਆ ਰਿਹਾ। ਐਕਸ 'ਤੇ ਇਸ ਪ੍ਰਸੰਗ ਵਿਚ ਮੈਗਜ਼ੀਨ ਦੀ ਟਿੱਪਣੀ ਆਪਣੇ ਆਪ 'ਚ ਬਹੁਤ ਕੁਝ ਕਹਿੰਦੀ ਹੈ। ਉਨ੍ਹਾਂ ਲਿਖਿਆ, "ਉਹ ਡਰਾਉਣਾ ਅਹਿਸਾਸ: ਭਾਰਤ ਨੂੰ ਅਪਮਾਨਿਤ ਹੋਏ ਮਨਮੋਹਨ ਸਿੰਘ ਦੇ ਅਪਰਾਧ ਬੋਧ ਨਾਲ ਜਿਊਣਾ ਪਵੇਗਾ।"

ਸਾਡੇ ਵਿਚੋਂ ਜਿਨ੍ਹਾਂ ਵਿਕਸਿਤ ਸਮਝ ਵਾਲਿਆਂ ਕਈਆਂ ਨੇ 2012-2014 ਤੱਕ ਇਸ ਮਨਹੂਸ ਕਹਾਣੀ ਨੂੰ ਉਸਰਦਿਆਂ ਤੱਕਿਆ, ਨਿਰਸੰਦੇਹ ਉਹ ਵੀ ਨਿੰਦਕਾਂ ਵਿਚ ਹੀ ਸਨ। ਅਸੀਂ ਸਦਨ ਨੂੰ ਟੁਕੜੇ-ਟੁਕੜੇ ਹੁੰਦੇ ਤੇ ਢੇਰੀ ਬਣਦਿਆਂ ਦੇਖਿਆ। 2013 ਵਿਚ ਪ੍ਰੈੱਸ ਕਲੱਬ 'ਚ ਰਾਹੁਲ ਗਾਂਧੀ ਨੂੰ ਉਹ ਆਰਡੀਨੈਂਸ ਪਾੜਦਿਆਂ ਵੀ ਦੇਖਿਆ ਜਿਸ ਨੂੰ ਮਨਮੋਹਨ ਸਿੰਘ ਸਦਨ 'ਚੋਂ ਪਾਸ ਕਰਵਾਉਣ ਦੀ ਜੱਦੋਜਹਿਦ ਕਰ ਰਹੇ ਸਨ ਤਾਂ ਕਿ ਦੋਸ਼ੀ ਸਿਆਸਤਦਾਨਾਂ ਨੂੰ ਆਰਜ਼ੀ ਰਾਹਤ ਮਿਲ ਸਕੇ- ਉਹ ਵੀ ਉਦੋਂ, ਜਦ ਭਾਜਪਾ ਡਾ। ਮਨਮੋਹਨ ਸਿੰਘ ਉਤੇ ਗਾਂਧੀ ਪਰਿਵਾਰ ਦੀ 'ਕਠਪੁਤਲੀ' ਬਣਨ ਦਾ ਦੋਸ਼ ਲਾ ਰਹੀ ਸੀ। ਅਸੀਂ ਉਹ ਵੀ ਦੇਖਿਆ ਜਦ ਭਾਜਪਾ ਨੇ ਉਸ ਤੋਂ ਬਾਅਦ ਸੰਸਦ ਦਾ ਸਰਦ ਰੁੱਤ ਸੈਸ਼ਨ ਨਹੀਂ ਚੱਲਣ ਦਿੱਤਾ ਤੇ ਭਾਜਪਾ ਨੇਤਾ ਅਰੁਣ ਜੇਤਲੀ ਸਦਨ ਦੀ ਕਾਰਵਾਈ ਠੱਪ ਕਰਨ ਦੇ ਆਪਣੀ ਪਾਰਟੀ ਦੇ ਰੁਖ਼ ਦਾ ਬਚਾਅ ਕਰਦੇ ਰਹੇ। ਇਸ ਤੋਂ ਪਹਿਲਾਂ 2008 ਵਿਚ ਅਸੀਂ ਪ੍ਰੈੱਸ ਗੈਲਰੀਆਂ ਤੋਂ ਦੇਖਿਆ ਸੀ ਕਿ ਕਿਵੇਂ ਭਾਜਪਾ ਨੇ ਸੰਸਦ ਵਿਚ ਪ੍ਰਧਾਨ ਮੰਤਰੀ ਨੂੰ ਭਾਰਤ-ਅਮਰੀਕਾ ਪਰਮਾਣੂ ਸਮਝੌਤੇ ਦੇ ਪੱਖ ਵਿਚ ਬੋਲਣ ਨਹੀਂ ਦਿੱਤਾ ਅਤੇ ਸਦਨ ਲਗਭਗ ਉਦੋਂ ਮੂੰਹ ਭਾਰ ਡਿੱਗ ਹੀ ਪਿਆ ਜਦ ਸੰਸਦ ਮੈਂਬਰਾਂ ਦੀਆਂ ਵੋਟਾਂ ਨੂੰ ਇੱਧਰ-ਉੱਧਰ ਕਰਨ ਖ਼ਾਤਰ ਲਿਆਂਦੀ ਨਗਦੀ ਸ਼ਰੇਆਮ ਲੱਭੀ ਗਈ।

ਬਿਲਕੁਲ ਯੂਪੀਏ ਕੋਲ ਲੋੜੀਂਦੀ ਗਿਣਤੀ ਸੀ, ਤੇ ਉਹ ਵੋਟਿੰਗ ਜਿੱਤ ਲਈ ਗਈ- ਜੌਰਜ ਬੁਸ਼ ਨਾਲ ਪਰਮਾਣੂ ਸਮਝੌਤਾ ਵੀ ਸਿਰੇ ਚੜ੍ਹ ਗਿਆ। ਜ਼ਿਆਦਾਤਰ ਮੈਂਬਰ, ਜਿਨ੍ਹਾਂ ਵਿਚ ਸੀਪੀਐਮ ਦੇ ਪ੍ਰਕਾਸ਼ ਕਰਾਤ ਵੀ ਸ਼ਾਮਲ ਸਨ, ਇਹ ਸਮਝਣ ਤੋਂ ਮੁੱਕਰ ਹੀ ਗਏ ਕਿ ਪਰਮਾਣੂ ਸੌਦਾ ਕੀ ਸੀ- ਇਹ ਕਿਸੇ ਵਿਦੇਸ਼ੀ ਤਾਕਤ ਦੇ ਥੱਲੇ ਲੱਗਣ ਬਾਰੇ ਨਹੀਂ ਸੀ ਬਲਕਿ ਆਲਮੀ ਜ਼ਿੰਮੇਵਾਰੀ ਨੂੰ ਦ੍ਰਿੜਤਾ ਨਾਲ ਸਾਹਮਣੇ ਰੱਖਣ ਨਾਲ ਸਬੰਧਿਤ ਸੀ; ਅਮਰੀਕਾ ਨਾਲ ਸੁਖਾਵੇਂ ਸਬੰਧ ਰੱਖਣਾ ਵਿਦੇਸ਼ੀ ਨਿਵੇਸ਼ ਲਈ ਰਾਹ ਖੋਲ੍ਹਦਾ ਸੀ ਜਿਸ ਦੀ ਭਾਰਤ ਨੂੰ ਬਹੁਤ ਲੋੜ ਸੀ ਤਾਂ ਕਿ ਇਸ ਨਾਲ ਇਹ ਮੁੜ ਆਪਣੀ ਪਛਾਣ ਕਾਇਮ ਕਰ ਸਕੇ।

ਡੇਂਗ ਦਾ ਪਸੰਦੀਦਾ ਨਾਅਰਾ ਯਾਦ ਹੈ, "ਜਦ ਤੱਕ ਬਿੱਲੀ ਚੂਹੇ ਫੜ ਸਕਦੀ ਹੈ, ਤੁਸੀਂ ਇਹ ਨਹੀਂ ਪੁੱਛ ਸਕਦੇ ਕਿ ਉਹ ਕਾਲੀ ਹੈ ਜਾਂ ਚਿੱਟੀ।" ਚੀਨ ਦਾ ਇਹ ਬੰਦਾ ਜੋ ਚੀਨੀ ਕਮਿਊਨਿਸਟ ਪਾਰਟੀ ਦਾ ਜਨਰਲ ਸਕੱਤਰ ਵੀ ਰਿਹਾ, ਬੇਸ਼ੱਕ ਪੱਛਮੀ ਮੁਲਕਾਂ ਨਾਲ ਭਾਈਵਾਲੀ ਦੀ ਲੋੜ ਵੱਲ ਇਸ਼ਾਰਾ ਕਰ ਰਿਹਾ ਸੀ ਕਿਉਂਕਿ ਉਨ੍ਹਾਂ ਕੋਲ ਚੀਨ 'ਚ ਨਿਵੇਸ਼ ਦੀ ਸਮਰੱਥਾ ਸੀ। ਜੇ ਚੀਨੀਆਂ ਨੂੰ ਆਪਣੇ ਵਿਚਾਰਧਾਰਕ ਦੁਸ਼ਮਣਾਂ ਨੂੰ ਗਲ ਲਾਉਣ ਦੀ ਲੋੜ ਸਮਝ ਆ ਸਕਦੀ ਹੈ ਤਾਂ ਪ੍ਰਕਾਸ਼ ਕਰਾਤ ਨੂੰ ਕਿਉਂ ਨਹੀਂ ਆ ਸਕੀ? ਡਾ. ਮਨਮੋਹਨ ਸਿੰਘ ਇਹ ਸਵਾਲ ਪੁੱਛਦੇ- ਜਾਂ ਘੱਟੋ-ਘੱਟ ਪੀਐਮਓ 'ਚ ਤਤਕਾਲੀ ਕੇਂਦਰੀ ਰਾਜ ਮੰਤਰੀ ਰਹੇ ਪ੍ਰਿਥਵੀਰਾਜ ਚਵਾਨ ਜੋ ਮਨਮੋਹਨ ਸਿੰਘ ਦੇ ਕਾਫ਼ੀ ਕਰੀਬੀ ਸਨ, ਇਹ ਸਵਾਲ ਪੁੱਛਦੇ ਰਹਿੰਦੇ।



ਮਨਮੋਹਨ ਸਿੰਘ ਇਹ ਵੀ ਜਾਣਦੇ ਸਨ ਕਿ ਅਮਰੀਕਾ ਨਾਲ ਦੋਸਤੀ ਚੀਨੀਆਂ ਨੂੰ ਫ਼ਿਕਰਾਂ 'ਚ ਪਾਏਗੀ; ਸ਼ਾਇਦ ਇਹ ਇਸ ਨੂੰ ਭਾਰਤ ਨਾਲ ਹੋਰ ਵਧੀਆ ਵਤੀਰਾ ਰੱਖਣ ਲਈ ਵੀ ਮਨਾਏ; ਤੇ 2005 ਵਿਚ ਇਹੀ ਹੋਇਆ, ਭਾਰਤ ਤੇ ਚੀਨ ਨੇ ਸਰਹੱਦੀ ਵਿਵਾਦ ਹੱਲ ਕਰਨ ਲਈ ਗੱਲਬਾਤ ਸ਼ੁਰੂ ਕੀਤੀ- ਚੀਨ ਮਗਰੋਂ ਇਸ ਪੇਸ਼ਕਸ਼ ਤੋਂ ਹਾਲਾਂਕਿ ਪਿੱਛੇ ਹਟ ਗਿਆ ਜਦ ਇਸ ਨੇ ਭਾਰਤ ਨੂੰ ਦੁਨੀਆ ਤੋਂ ਪਾਸੇ ਹੁੰਦਿਆਂ, ਕਮਜ਼ੋਰ ਹੁੰਦਿਆਂ ਤੱਕਿਆ ਪਰ ਉਹ ਬਾਅਦ ਦੀ ਗੱਲ ਹੈ।

ਤ੍ਰਾਸਦੀ ਇਹ ਹੈ ਕਿ ਸੀਤਾਰਾਮ ਯੇਚੁਰੀ ਜਿਨ੍ਹਾਂ ਭਾਰਤ-ਅਮਰੀਕਾ ਸੌਦੇ ਨੂੰ ਘਰੇਲੂ ਸਿਆਸਤ ਨਾਲ ਜੋੜਨ ਦੇ ਸੀਪੀਐਮ ਦੇ ਫ਼ੈਸਲੇ ਦਾ ਖੁੱਲ੍ਹੇਆਮ ਵਿਰੋਧ ਕੀਤਾ ਸੀ, ਨੂੰ ਆਪਣੀ ਹੀ ਪਾਰਟੀ ਨੇ ਅਣਗੌਲਿਆਂ ਕਰ ਦਿੱਤਾ। ਯੇਚੁਰੀ ਹਾਰ ਗਏ, ਕਰਾਤ ਜਿੱਤ ਗਏ ਤੇ ਯੂਪੀਏ ਤੋਂ ਸਮਰਥਨ ਇਕਦਮ ਵਾਪਸ ਲੈ ਲਿਆ। ਵਿਅੰਗ ਇਹ ਹੈ ਕਿ ਕਈ ਸਾਲਾਂ ਬਾਅਦ ਪ੍ਰਕਾਸ਼ ਕਰਾਤ ਦੇ ਕੱਟੜ ਭਾਈਵਾਲ ਪਿਨਾਰਈ ਵਿਜਯਨ ਦੀ ਅਗਵਾਈ ਵਾਲੀ ਕੇਰਲਾ ਦੀ ਖੱਬੇ ਪੱਖੀ ਸਰਕਾਰ ਨੇ ਲੰਡਨ ਸ਼ੇਅਰ ਬਾਜ਼ਾਰ ਵਿਚ 'ਮਸਾਲਾ ਬਾਂਡਜ਼' ਲਏ ਜਿਸ ਤੋਂ ਮਿਲੇ ਪੈਸੇ ਨਾਲ ਕੇਰਲਾ 'ਚ ਬੇਮਿਸਾਲ ਸਿਹਤ ਤੇ ਸਿੱਖਿਆ ਉੱਦਮ ਕੀਤੇ ਗਏ ਜਿਨ੍ਹਾਂ ਨਾਲ ਰਾਜ ਦੀ ਦਿੱਖ ਬਦਲੀ।

ਕੇਰਲਾ ਨੂੰ ਛੱਡ, ਬਾਕੀ ਭਾਰਤ ਵਿਚ ਸੀਪੀਐਮ ਹੌਲੀ-ਹੌਲੀ ਕਮਜ਼ੋਰ ਹੁੰਦਿਆਂ ਖ਼ਤਮ ਹੋ ਗਈ। ਸਮੇਂ ਨਾਲ ਅੱਗੇ ਵਧਣ ਦਾ ਮਨਮੋਹਨ ਸਿੰਘ ਦਾ ਮੰਤਰ ਪੂਰੇ ਭਾਰਤ ਵਿਚ ਗੂੰਜਿਆ- ਇਸ ਨੇ ਖੱਬੀ ਧਿਰ ਨੂੰ ਲਗਭਗ ਖ਼ਤਮ ਕਰ ਦਿੱਤਾ ਤੇ ਨਿਵੇਸ਼ਕਾਂ ਅਤੇ ਖਪਤਕਾਰਾਂ ਨੂੰ ਸੰਪੂਰਨ ਆਜ਼ਾਦੀ ਦੇ ਦਿੱਤੀ ਜਿਸ ਨਾਲ ਭਾਰਤੀ ਉੱਦਮੀਆਂ ਨੂੰ ਆਲਮੀ ਪੱਧਰ 'ਤੇ ਕਈ ਨਵੇਂ ਖੇਤਰਾਂ ਵਿਚ ਅਜਿਹੀ ਬੇਮਿਸਾਲ ਤਰੱਕੀ ਕਰਨ ਦਾ ਮੌਕਾ ਮਿਲਿਆ ਜਿਸ ਬਾਰੇ ਡਾ। ਮਨਮੋਹਨ ਸਿੰਘ ਨੇ ਉਦੋਂ ਸ਼ਾਇਦ ਹੀ ਕਦੇ ਸੋਚਿਆ ਹੋਵੇਗਾ ਜਦੋਂ ਉਹ ਤੇ ਉਨ੍ਹਾਂ ਦਾ ਪਰਿਵਾਰ 1947 ਵਿਚ ਰੈਡਕਲਿਫ ਰੇਖਾ ਪਾਰ ਕਰ ਕੇ ਭਾਰਤ ਆਏ ਸਨ।

ਡਾ. ਮਨਮੋਹਨ ਸਿੰਘ ਦਾ ਦੇਹਾਂਤ ਸਾਨੂੰ ਦੋ 'ਕਲਪਨਾਵਾਂ' 'ਚ ਖੁੱਭਣ ਵੱਲ ਤੋਰਦਾ ਹੈ। ਪਹਿਲੀ, ਕਲਪਨਾ ਕਰੋ ਕਿ ਜੇ ਮਨਮੋਹਨ ਸਿੰਘ ਚੀਨੀਆਂ ਨਾਲ ਸਰਹੱਦੀ ਵਿਵਾਦ ਹੱਲ ਕਰਨ ਵਿਚ ਸਫਲ ਹੋ ਜਾਂਦੇ; ਗਲਵਾਨ ਕਦੇ ਨਾ ਵਾਪਰਿਆ ਹੁੰਦਾ, ਚੀਨੀ ਚਾਰ ਸਾਲ ਸਾਡੀਆਂ ਸਰਹੱਦਾਂ 'ਤੇ ਬੈਠ ਉਪਰੋਂ ਸਾਨੂੰ ਨਾ ਘੂਰਦੇ ਰਹੇ ਹੁੰਦੇ। ਐਲਏਸੀ 'ਤੇ ਸ਼ਾਂਤੀ ਕਾਇਮ ਹੋ ਗਈ ਹੁੰਦੀ।

ਇਹ ਵੀ ਕਲਪਨਾ ਕਰੋ ਕਿ ਜੇ ਮਨਮੋਹਨ ਸਿੰਘ 2008 ਵਿਚ ਆਪਣੀ ਜਨਮਭੂਮੀ 'ਗਾਹ' ਗਏ ਹੁੰਦੇ। ਪਾਕਿਸਤਾਨ ਨਾਲ ਸਭ ਕੁਝ ਸੁਖਾਵਾਂ ਚੱਲ ਰਿਹਾ ਸੀ। ਕੁਝ ਸਮੇਂ ਤੱਕ ਦੋਸਤੀ ਦੀ ਉਮੀਦ ਬੱਝੀ ਹੋਈ ਸੀ। ਮੁਸ਼ੱਰਫ 2005 ਵਿਚ ਕ੍ਰਿਕਟ ਮੈਚ ਦੇਖਣ ਦਿੱਲੀ ਆਏ ਸਨ ਤੇ ਉਨ੍ਹਾਂ ਡਾ. ਮਨਮੋਹਨ ਸਿੰਘ ਨੂੰ ਪਾਕਿਸਤਾਨ ਦੌਰੇ ਦਾ ਸੱਦਾ ਦਿੱਤਾ ਸੀ; ਮਨਮੋਹਨ ਸਿੰਘ ਨੇ ਸਿਆਚਿਨ ਦਾ ਸੰਖੇਪ ਦੌਰਾ ਕਰਦਿਆਂ ਉਸ ਨੂੰ 'ਸ਼ਾਂਤੀ ਪਾਰਕ' ਗਰਦਾਨਿਆ ਸੀ। ਉਹ ਹਰ ਤਰ੍ਹਾਂ ਦੇ ਭਾਰਤੀ ਨਾਲ ਗੱਲ ਕਰਨ ਲਈ ਕਸ਼ਮੀਰ ਦੇ ਇਕ ਦਿਨਾ ਦੌਰੇ ਉਤੇ ਵੀ ਗਏ ਤੇ ਉਥੇ ਗੱਲਬਾਤ ਨੂੰ ਜਾਰੀ ਰੱਖਣ ਲਈ 8 ਰਾਊਂਡ ਟੇਬਲ ਕਾਇਮ ਕੀਤੇ- ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਇਨ੍ਹਾਂ ਵਿਚੋਂ ਰਾਜਨੀਤਕ ਚਰਚਾ ਵਾਲੇ ਟੇਬਲ ਦੀ ਅਗਵਾਈ ਕਰਦੇ ਰਹੇ।

ਇਸੇ ਦੌਰਾਨ ਭਾਰਤੀ ਤੇ ਪਾਕਿਸਤਾਨੀ ਲੋਕਾਂ ਨੇ ਪਹਿਲਾਂ ਹੀ ਫੈਸਲਾ ਕਰ ਲਿਆ ਸੀ ਕਿ ਰੈਡਕਲਿਫ ਰੇਖਾ ਨੂੰ ਇਤਿਹਾਸ ਬਣਾ ਦਿੱਤਾ ਜਾਵੇ- ਤਾਂ ਕਿ ਲੋਕ ਇੱਧਰ-ਉੱਧਰ ਆ ਤੇ ਜਾ ਸਕਣ, ਪਾਕਿਸਤਾਨੀ ਗਾਇਕਾਂ ਨੇ ਬੌਲੀਵੁੱਡ ਫਿਲਮਾਂ ਵਿਚ ਗੀਤ ਗਾਏ ਤੇ ਅੰਮ੍ਰਿਤਸਰ ਅਤੇ ਲਾਹੌਰ ਵਿਚ ਜ਼ਮੀਨਾਂ ਦੇ ਭਾਅ ਵਧ ਗਏ। ਮੁਸ਼ੱਰਫ ਨੇ ਗਾਹ ਨੂੰ ਰੁਸ਼ਨਾਉਣ ਲਈ ਸਟ੍ਰੀਟ ਲਾਈਟਾਂ ਦੀ ਵਿਸ਼ੇਸ਼ ਪ੍ਰਵਾਨਗੀ ਦਿੱਤੀ ਜਿਸ ਦੀ ਨਿਗਰਾਨੀ 'ਟੇਰੀ' ਦੇ ਆਰਕੇ ਪਚੌਰੀ ਕੋਲ ਰਹੀ। ਜਿਸ ਸਕੂਲ ਵਿਚ ਮਨਮੋਹਨ ਸਿੰਘ ਪੜ੍ਹੇ ਸਨ, ਉਸ ਦੀ ਹਾਲਤ ਸੁਧਾਰੀ ਗਈ। ਦੋਵਾਂ ਸ਼ਹਿਰਾਂ ਦੀ ਚਰਚਾ ਦਾ ਕੇਂਦਰ ਸੀ- 'ਰਸਤੇ ਜਲਦੀ ਹੀ ਖੁੱਲ੍ਹ ਜਾਣਗੇ।'

2008 ਦੇ ਮੁੰਬਈ ਹਮਲਿਆਂ ਨੇ ਰਸਤੇ ਬੰਦ ਕਰ ਦਿੱਤੇ। 2009 ਤੱਕ ਪਾਕਿਸਤਾਨ ਵਿਚ ਵਕੀਲਾਂ ਦਾ ਅੰਦੋਲਨ ਤਿੱਖਾ ਹੋ ਗਿਆ ਤੇ ਮੁਸ਼ੱਰਫ ਸੱਤਾ ਤੋਂ ਬਾਹਰ ਹੋ ਗਏ। 2014 ਦੀਆਂ ਚੋਣਾਂ ਤੋਂ ਪਹਿਲਾਂ ਤੱਕ ਗੱਲਬਾਤ ਮੁੜ ਸ਼ੁਰੂ ਕਰਨ ਦੇ ਯਤਨ ਆਰੰਭ ਤੇ ਬੰਦ ਹੁੰਦੇ ਰਹੇ, ਅੰਮ੍ਰਿਤਸਰ ਤੋਂ ਲਾਹੌਰ ਤੱਕ ਪਾਈਪ ਲਾਈਨ ਪਾਉਣ ਉਤੇ ਵੀ ਗੰਭੀਰਤਾ ਨਾਲ ਵਿਚਾਰ ਹੋਇਆ। ਨਰਿੰਦਰ ਮੋਦੀ ਨੇ ਪਾਈਪ ਲਾਈਨ ਚਰਚਾ ਅੱਗੇ ਨਹੀਂ ਵਧਾਈ ਪਰ ਮਨਮੋਹਨ ਸਿੰਘ ਦੀ ਨਕਲ ਕਰਦਿਆਂ ਆਪਣੇ ਸਹੁੰ ਚੁੱਕ ਸਮਾਗਮ ਲਈ ਦੱਖਣ ਏਸ਼ੀਆ ਦੇ ਸਾਰੇ ਨੇਤਾਵਾਂ ਨੂੰ ਸੱਦਾ ਜ਼ਰੂਰ ਦਿੱਤਾ।

ਅਟਲ ਬਿਹਾਰੀ ਵਾਜਪਈ ਅਤੇ ਮਨਮੋਹਨ ਸਿੰਘ ਦੋਵਾਂ (ਜੇ ਨਹਿਰੂ ਜਾਂ ਸ਼ਾਸਤਰੀ ਜਾਂ ਇੰਦਰਾ ਤੱਕ ਪਿੱਛੇ ਨਾ ਜਾਈਏ) ਨੂੰ ਇਹ ਅਹਿਸਾਸ ਸੀ ਕਿ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਸਾਰੇ ਲੋਕਾਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ, ਚਾਹੇ ਉਨ੍ਹਾਂ ਤੁਹਾਡੇ ਲਈ ਵੋਟ ਨਹੀਂ ਵੀ ਪਾਈ; ਕਿ ਭਾਰਤ ਵਰਗੇ ਵੰਨ-ਸਵੰਨੇ ਮੁਲਕ ਨੂੰ ਫਿਰਕੂ ਜਾਂ ਨਸਲੀ ਜਾਂ ਕੱਟੜਵਾਦੀ ਲੀਹਾਂ ਉਤੇ ਨਹੀਂ ਵੰਡਿਆ ਜਾ ਸਕਦਾ; ਕਿ ਘਰ ਦੀ ਸ਼ਾਂਤੀ ਦਾ ਗੁਆਂਢ ਦੀ ਸ਼ਾਂਤੀ ਨਾਲ ਸਿੱਧਾ ਲੈਣ-ਦੇਣ ਹੈ। ਕਲਪਨਾ ਕਰੋ, ਜੇ ਭਾਰਤ ਦੀ ਸਿਆਸੀ ਜਮਾਤ ਅੱਜ ਇਸ ਸੰਯੁਕਤ ਵਿਰਾਸਤ ਨੂੰ ਲਾਗੂ ਕਰ ਸਕੇ...।

# ਮਨਮੋਹਨ ਸਿੰਘ ਦੀ ਯਾਦਗਾਰ ਮਾਮਲੇ 'ਚ ਰੋਸ ਅਤੇ ਮਸਲਾ ਕੀ ਹੈ?

ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਅੰਤਿਮ ਸੰਸਕਾਰ ਸ਼ਨੀਵਾਰ ਨੂੰ ਦਿੱਲੀ ਦੇ ਨਿਗਮਬੋਧ ਘਾਟ 'ਤੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਮਨਮੋਹਨ ਸਿੰਘ ਦੀ ਯਾਦਗਾਰ ਅਤੇ ਉਨ੍ਹਾਂ ਦੇ ਸਮਾਧ ਲਈ ਜਗ੍ਹਾ ਅਲਾਟ ਕਰਨ ਦੀ ਮੰਗ ਨੂੰ ਲੈ ਕੇ ਲਗਾਤਾਰ ਵਿਵਾਦ ਚੱਲ ਰਿਹਾ ਹੈ। ਇਸ ਦੌਰਾਨ ਕਾਂਗਰਸ ਨੇ ਕੇਂਦਰ ਸਰਕਾਰ 'ਤੇ ਉਨ੍ਹਾਂ ਦੇ ਅੰਤਿਮ ਸੰਸਕਾਰ ਦੌਰਾਨ ਬਿਹਤਰ ਪ੍ਰਬੰਧ ਨਾ ਕਰਨ ਦਾ ਇਲਜ਼ਾਮ ਲਗਾਇਆ ਹੈ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਆਗੂਆਂ ਵੱਲੋਂ ਦੇਸ਼ ਦੇ ਇੱਕੋ-ਇੱਕ ਸਿੱਖ ਪ੍ਰਧਾਨ ਮੰਤਰੀ ਦੀ ਯਾਦਗਾਰ ਬਣਾਉਣ ਲਈ ਥਾਂ ਦੇਣ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਕੇਂਦਰ ਦੀ ਬੀਜੇਪੀ ਸਰਕਾਰ ਉਪਰ ਨਿਸ਼ਾਨਾ ਸਾਧਿਆ ਗਿਆ ਹੈ। ਕਾਂਗਰਸ ਸਾਂਸਦ ਰਾਹੁਲ ਗਾਂਧੀ ਨੇ ਇਸ ਮਾਮਲੇ 'ਚ ਕੇਂਦਰ ਸਰਕਾਰ 'ਤੇ ਮਨਮੋਹਨ ਸਿੰਘ ਦਾ ਅਪਮਾਨ ਕਰਨ ਦਾ ਇਲਜ਼ਾਮ ਲਗਾਇਆ ਹੈ। ਉਹਨਾਂ ਐਕਸ 'ਤੇ ਲਿਖਿਆ, "ਮੌਜੂਦਾ ਸਰਕਾਰ ਨੇ ਭਾਰਤ ਮਾਤਾ ਦੇ ਮਹਾਨ ਪੁੱਤਰ ਅਤੇ ਸਿੱਖ ਕੌਮ ਦੇ ਪਹਿਲੇ ਪ੍ਰਧਾਨ ਮੰਤਰੀ ਡਾ। ਮਨਮੋਹਨ ਸਿੰਘ ਦਾ ਨਿਗਮਬੋਧ ਘਾਟ ਵਿਖੇ ਸਸਕਾਰ ਕਰਕੇ ਪੂਰੀ ਤਰ੍ਹਾਂ ਅਪਮਾਨ ਕੀਤਾ ਹੈ।"

ਕਾਂਗਰਸ ਦੀ ਇਸ ਮੰਗ 'ਤੇ ਅਕਾਲੀ ਦਲ ਨੇ ਵੀ ਸਾਥ ਦਿੱਤਾ ਹੈ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਇਸ ਮਾਮਲੇ ਵਿੱਚ ਦਖਲ ਦੇਣ ਲਈ ਕਿਹਾ ਹੈ। ਹਲਾਂਕਿ, ਬੀਜੇਪੀ ਪ੍ਰਧਾਨ ਜੇਪੀ ਨੱਡਾ ਨੇ ਕਿਹਾ, "ਇਹ ਬਹੁਤ ਮੰਦਭਾਗੀ ਗੱਲ ਹੈ ਕਿ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਅਤੇ ਮੌਜੂਦਾ ਪ੍ਰਧਾਨ ਮਲਿਕਾਰਜੁਨ ਖੜਗੇ ਜੀ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ, ਮਾਨਯੋਗ ਡਾਕਟਰ ਮਨਮੋਹਨ ਸਿੰਘ ਜੀ ਦੇ ਦੁਖਦਾਈ ਦੇਹਾਂਤ ਤੋਂ ਬਾਅਦ ਵੀ ਰਾਜਨੀਤੀ ਕਰਨ ਤੋਂ ਗੁਰੇਜ਼ ਨਹੀਂ ਕਰ ਰਹੇ ਹਨ।" ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਨੂੰ ਲਿਖੇ ਆਪਣੇ ਪੱਤਰ ਵਿੱਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ "ਰਾਜਨੇਤਾਵਾਂ ਅਤੇ ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਯਾਦਗਾਰਾਂ ਉਨ੍ਹਾਂ ਦੇ ਅੰਤਿਮ ਸੰਸਕਾਰ ਦੇ ਸਥਾਨ 'ਤੇ ਬਣਾਉਣ ਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਡਾ। ਮਨਮੋਹਨ ਸਿੰਘ ਦਾ ਅੰਤਿਮ ਸੰਸਕਾਰ ਵੀ ਅਜਿਹੇ ਹੀ ਪਵਿੱਤਰ ਸਥਾਨ 'ਤੇ ਕੀਤਾ ਜਾਵੇ ਜਿੱਥੇ ਭਾਰਤ ਦੇ ਮਹਾਨ ਪੁੱਤਰ ਦੀ ਯਾਦਗਾਰ ਬਣਾਈ ਜਾ ਸਕੇ।"

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਡਾ। ਮਨਮੋਹਨ ਸਿੰਘ ਦੀ ਬਦੌਲਤ ਹੀ ਅੱਜ ਦੇਸ਼ ਸਥਿਰ ਹੈ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਮੁੱਖ ਰੱਖਦਿਆਂ ਪਰਿਵਾਰ ਦੀ ਭਾਵਨਾ ਅਨੁਸਾਰ ਢੁੱਕਵਾਂ ਮਾਣ-ਸਨਮਾਨ ਦੇਣਾ ਸਰਕਾਰ ਦਾ ਫ਼ਰਜ਼ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਜਦੋਂ ਵਿਸ਼ਵ ਵਿੱਤੀ ਮੰਦੀ ਦੇ ਦੌਰ ਵਿੱਚੋਂ ਲੰਘ ਰਿਹਾ ਸੀ ਤਾਂ ਡਾ। ਮਨਮੋਹਨ ਸਿੰਘ ਨੇ ਆਪਣੀ ਲਿਆਕਤ ਨਾਲ ਜਿੱਥੇ ਭਾਰਤ ਦੇਸ਼ ਨੂੰ ਆਰਥਿਕ ਤੌਰ 'ਤੇ ਸਥਿਰ ਕੀਤਾ, ਉੱਥੇ ਹੀ ਪੂਰੀ ਦੁਨੀਆ ਨੂੰ ਵੀ ਮਾਰਗ-ਦਰਸ਼ਨ ਦਿੱਤਾ ਸੀ। ਅਜਿਹੀ ਸ਼ਖ਼ਸੀਅਤ ਨਾਲ ਚਲਾਣੇ ਬਾਅਦ ਉਨ੍ਹਾਂ ਦਾ ਸੰਸਕਾਰ ਰਾਜ ਘਾਟ ਵਿਖੇ ਨਾ ਕਰਨਾ ਨਿਰਾਦਰ ਵਾਂਗ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਇਸ ਦਾ ਨੋਟਿਸ ਲੈਣ ਅਤੇ ਦੁਨੀਆ ਵਿਚ ਭਾਰਤ ਦਾ ਨਾਂ ਰੋਸ਼ਨ ਕਰਨ ਵਾਲੀ ਸਿੱਖ ਸ਼ਖ਼ਸੀਅਤ ਡਾ। ਮਨਮੋਹਨ ਸਿੰਘ ਦੇ ਸਤਿਕਾਰ ਵਜੋਂ ਉਨ੍ਹਾਂ ਦੀ ਢੁਕਵੀਂ ਯਾਦਗਾਰ ਉਸਾਰਨ। ਡੀਐੱਸਜੀਐੱਮਸੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਰਾਜ ਘਾਟ 'ਤੇ ਅੰਤਿਮ ਸੰਸਕਾਰ ਕਰਨ ਦੀ ਬੇਨਤੀ ਨੂੰ ਠੁਕਰਾਉਣਾ ਬੇਹੱਦ ਨਿੰਦਣਯੋਗ ਕਾਰਵਾਈ ਹੈ।



ਸਰਨਾ ਨੇ ਆਪਣੇ ਫੇਸਬੁੱਕ ਪੇਜ ਉਪਰ ਲਿਖਿਆ, "ਕੇਂਦਰ ਸਰਕਾਰ ਵਲੋਂ ਇਕ ਅਜਿਹੇ ਸਾਬਕਾ ਪ੍ਰਧਾਨ ਮੰਤਰੀ ਜਿੰਨਾਂ ਨੇ ਦੇਸ਼ ਨੂੰ ਨਵੀਂ ਦਿਸ਼ਾ ਦਿੱਤੀ ਤੇ ਜੋ ਕਿ ਦੇਸ਼ ਦੇ ਇੱਕੋ ਇਕ ਸਿੱਖ ਪ੍ਰਧਾਨ ਮੰਤਰੀ ਸਨ, ਦਾ ਇਸ ਤਰ੍ਹਾਂ ਅਪਮਾਨ ਕਰਨਾ ਸਾਬਤ ਕਰਦਾ ਹੈ ਕਿ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਤੇ ਦੇਸ਼ ਦੀ ਤਰੱਕੀ 'ਚ ਸਭ ਤੋਂ ਜ਼ਿਆਦਾ ਯੋਗਦਾਨ ਦੇਣ ਵਾਲੀ ਸਿੱਖ ਕੌਮ ਨਾਲ ਸਰਕਾਰੀ ਪੱਧਰ ਤੇ ਵਿਤਕਰਾ ਕੀਤਾ ਜਾਂਦਾ ਹੈ।"

ਸ਼ੁੱਕਰਵਾਰ ਨੂੰ ਦੇਰ ਸ਼ਾਮ ਚਿੱਠੀ ਦਾ ਜਵਾਬ ਦਿੰਦੇ ਹੋਏ ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਭਾਰਤ ਸਰਕਾਰ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਯਾਦਗਾਰ ਲਈ ਸਰਕਾਰੀ ਜਗ੍ਹਾ ਅਲਾਟ ਕੀਤੀ ਜਾਵੇਗੀ। ਪੀਆਈਬੀ ਵੱਲੋਂ ਜਾਰੀ ਬਿਆਨ ਮੁਤਾਬਕ ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਇਸ ਸਬੰਧ 'ਚ ਉਨ੍ਹਾਂ ਦੇ ਪਰਿਵਾਰ ਅਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਸੂਚਨਾ ਦੇ ਦਿੱਤੀ ਗਈ ਹੈ। ਬਿਆਨ ਅਨੁਸਾਰ ਸਰਕਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਯਾਦਗਾਰ ਲਈ ਥਾਂ ਦੀ ਅਲਾਟਮੈਂਟ ਬਾਰੇ ਕਾਂਗਰਸ ਪ੍ਰਧਾਨ ਦਾ ਬੇਨਤੀ ਪੱਤਰ ਮਿਲਿਆ ਸੀ। "ਇਸ ਦੇ ਮਗਰੋਂ ਕੈਬਨਿਟ ਮੀਟਿੰਗ ਤੋਂ ਤੁਰੰਤ ਬਾਅਦ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਖੜਗੇ ਅਤੇ ਮਨਮੋਹਨ ਸਿੰਘ ਦੇ ਪਰਿਵਾਰ ਨੂੰ ਸੂਚਿਤ ਕੀਤਾ ਸੀ ਕਿ ਸਰਕਾਰ ਯਾਦਗਾਰ ਲਈ ਜਗ੍ਹਾ ਅਲਾਟ ਕਰੇਗੀ।" ਬਿਆਨ ਦੇ ਅਨੁਸਾਰ ਉਨ੍ਹਾਂ ਕਿਹਾ ਕਿ ਇਸ ਦੌਰਾਨ ਅੰਤਿਮ ਸੰਸਕਾਰ ਅਤੇ ਹੋਰ ਰਸਮੀ ਕਾਰਵਾਈਆਂ ਕੀਤੀਆਂ ਜਾ ਸਕਦੀਆਂ ਹਨ ਕਿਉਂਕਿ ਜਗ੍ਹਾ ਦੀ ਅਲਾਟਮੈਂਟ ਦੇ ਨਾਲ ਇੱਕ ਟਰੱਸਟ ਦਾ ਗਠਨ ਕਰਨਾ ਹੋਵੇਗਾ ਜਿਸ ਵਿੱਚ ਵਕਤ ਲੱਗ ਸਕਦਾ ਹੈ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਮਨਮੋਹਨ ਸਿੰਘ ਦੀ ਯਾਦਗਾਰ ਦੀ ਮੰਗ ਨੂੰ ਲੈ ਕੇ ਬਿਆਨ ਦਿੱਤਾ ਹੈ। ਪੰਜਾਬ ਕਾਂਗਰਸ ਪ੍ਰਧਾਨ ਨੇ ਕਿਹਾ, "ਅਸੀਂ ਮੰਗ ਕਰ ਰਹੇ ਹਾਂ ਕਿ ਸਰਕਾਰ ਯਾਦਗਾਰ ਲਈ ਜਗ੍ਹਾ ਮੁਹੱਈਆ ਕਰਵਾਏ। ਜੇਕਰ ਅਟਲ ਬਿਹਾਰੀ ਵਾਜਪਾਈ ਨੂੰ ਜਗ੍ਹਾ ਦਿੱਤੀ ਜਾ ਸਕਦੀ ਹੈ ਤਾਂ ਮਨਮੋਹਨ ਸਿੰਘ ਨੂੰ ਕਿਉਂ ਨਹੀਂ'? ਉਹ ਦੇਸ਼ ਦੇ ਇਕਲੌਤੇ ਸਿੱਖ ਪ੍ਰਧਾਨ ਮੰਤਰੀ ਸਨ।।ਜਦੋਂ ਯਾਦਗਾਰ ਬਣੇਗੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਇਸ ਤੋਂ ਪ੍ਰੇਰਨਾ ਲੈਣਗੀਆਂ।" ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ, "ਇਹ ਕੋਈ ਮੁੱਦਾ ਨਹੀਂ ਹੈ। ਪ੍ਰਧਾਨ ਮੰਤਰੀ ਮੋਦੀ ਦੀ ਸਰਕਾਰ ਨੂੰ ਇਸ ਬਾਰੇ ਪਹਿਲਾਂ ਸੋਚਣਾ ਚਾਹੀਦਾ ਸੀ। ਪੂਰਾ ਦੇਸ਼ ਚਾਹੁੰਦਾ ਹੈ ਕਿ ਉਨ੍ਹਾਂ ਦਾ ਅੰਤਿਮ ਸੰਸਕਾਰ ਜਿੱਥੇ ਹੋਵੇ ਯਾਦਗਾਰ ਵੀ ਉੱਥੇ ਹੀ ਬਣੇ। ਇਹ ਸਿਰਫ਼ ਕਾਂਗਰਸ, ਪੰਜਾਬ ਜਾਂ ਸਿਰਫ਼ ਸਿੱਖ ਭਾਈਚਾਰੇ ਦੀ ਮੰਗ ਨਹੀਂ ਹੈ, ਸਗੋਂ ਇਹ ਪੂਰੀ ਦੁਨੀਆ 'ਚ ਵਸਦੇ ਭਾਰਤੀਆਂ ਦੀ ਮੰਗ ਹੈ।" ਮਨਮੋਹਨ ਸਿੰਘ ਦੀ ਯਾਦਗਾਰ ਦੇ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਨੇ ਵੀ ਮੋਦੀ ਸਰਕਾਰ ਤੋਂ ਨਾਰਾਜ਼ਗੀ ਜਤਾਈ ਹੈ। ਉਹਨਾਂ ਇਕ ਐਕਸ ਪੋਸਟ 'ਚ ਲਿਖਿਆ ਕਿ 'ਇਹ ਬੇਹੱਦ ਨਿੰਦਣਯੋਗ ਹੈ'। "ਇਹ ਸਮਝ ਤੋਂ ਬਾਹਰ ਹੈ ਕਿ ਸਰਕਾਰ ਇੱਕ ਅਜਿਹੇ ਨੇਤਾ ਪ੍ਰਤੀ ਇੰਨੀ ਅਪਮਾਨਜਨਕ ਕਿਉਂ ਕਰ ਰਹੀ ਹੈ ਜੋ ਸਿੱਖ ਕੌਮ ਦਾ ਇਕੱਲਾ ਪ੍ਰਧਾਨ ਮੰਤਰੀ ਹੈ। ਕਾਂਗਰਸ ਨਾਲ ਸਾਡੇ ਸਿਆਸੀ ਮਤਭੇਦਾਂ ਦੇ ਬਾਵਜੂਦ, ਅਸੀਂ ਹਮੇਸ਼ਾ ਡਾ: ਮਨਮੋਹਨ ਸਿੰਘ ਦਾ ਸਤਿਕਾਰ ਕੀਤਾ ਹੈ। ਉਹ ਇੱਕ ਬੰਦੇ ਸੀ ਜੋ ਸਿਆਸਤ ਅਤੇ ਸਿਆਸੀ ਸਬੰਧਾਂ ਤੋਂ ਹੱਟਕੇ ਸਨ।" ਸੁਖਬੀਰ ਸਿੰਘ ਬਾਦਲ ਨੇ ਮੰਗ ਕੀਤੀ, "ਸਿੱਖ ਅਤੇ ਪੰਜਾਬ ਦੇ ਮੁੱਦਿਆਂ 'ਤੇ ਡਾ: ਮਨਮੋਹਨ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਬਹੁਤ ਹੀ ਸੰਵੇਦਨਸ਼ੀਲਤਾ ਅਤੇ ਹਮਦਰਦੀ ਦਿਖਾਈ। ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਰਕਾਰ ਦੇ ਨਿੰਦਣਯੋਗ ਫੈਸਲੇ ਨੂੰ ਵਾਪਸ ਲੈਣ ਲਈ ਨਿੱਜੀ ਤੌਰ 'ਤੇ ਦਖਲ ਦੇਣ ਦੀ ਅਪੀਲ ਕਰਦਾ ਹਾਂ।" ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਯਾਦਗਾਰ ਦੇ ਮੁੱਦੇ 'ਤੇ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨੇ ਕਿਹਾ ਹੈ, "ਉਨ੍ਹਾਂ ਨੂੰ ਇਹ ਸਨਮਾਨ ਮਿਲਣਾ ਚਾਹੀਦਾ ਹੈ। ਮਨਮੋਹਨ ਸਿੰਘ ਵਰਗਾ ਨੇਤਾ ਦੇਸ਼ ਨੂੰ ਕਦੇ ਨਹੀਂ ਮਿਲੇਗਾ। ਮੈਂ ਉਨ੍ਹਾਂ ਦੀ ਸਰਕਾਰ 'ਚ ਮੰਤਰੀ ਸੀ। ਉਹਨਾਂ ਦੇ ਕਾਫ਼ੀ ਨੇੜੇ ਸੀ।" ਇਸ ਮੁੱਦੇ 'ਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਵੀ ਬਿਆਨ ਦਿੱਤਾ ਹੈ। ਮਾਇਆਵਤੀ ਦਾ ਕਹਿਣਾ ਹੈ, "ਇਸ ਲਈ ਕੋਈ ਰਾਜਨੀਤੀ ਕਰਨਾ ਠੀਕ ਨਹੀਂ ਹੈ ਅਤੇ ਇਨ੍ਹਾਂ ਮਾਮਲਿਆਂ ਵਿੱਚ ਕੇਂਦਰ ਸਰਕਾਰ ਸਾਬਕਾ ਪ੍ਰਧਾਨ ਮੰਤਰੀ ਦੇ ਪਰਿਵਾਰ ਅਤੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਸਨਮਾਨ ਕਰੇ ਤਾਂ ਚੰਗਾ ਹੋਵੇਗਾ।"

# ਭਾਰਤ ਵਰਗੇ ਵੱਡੀ ਆਬਾਦੀ ਵਾਲੇ ਮੁਲਕ ਵਿਚ ਇੱਕੋ ਸਮੇਂ ਚੋਣਾਂ ਸੰਭਵ ਹਨ?

ਅਸ਼ੋਕ ਲਵਾਸਾ

ਵੋਟਰ ਅਤੇ ਚੁਣੇ ਹੋਏ ਨੁਮਾਇੰਦਿਆਂ ਵਿਚਕਾਰ ਰਿਸ਼ਤਾ ਮੰਗ ਅਤੇ ਪੂਰਤੀ ਵਾਲਾ ਹੈ। ਲੋਕਤੰਤਰ ਵਿੱਚ ਚੁਣੇ ਹੋਏ ਨੁਮਾਇੰਦੇ ਮਤਦਾਤਿਆਂ ਦੀਆਂ ਆਸਾਂ ਦੀ ਪੂਰਤੀ ਕਰਦੇ ਹਨ। ਸੱਤਾਧਾਰੀ ਪਾਰਟੀ ਆਪਣੇ ਚੁਣਾਵੀ ਵਾਅਦੇ ਪੂਰੇ ਕਰਨ ਦੇ ਯਤਨ ਕਰਦੀ ਹੈ, ਕਦੇ ਕਦਾਈਂ ਇਹ ਲੋਕਾਂ ਅਤੇ ਦੇਸ਼ ਦੀ ਭਲਾਈ ਦੀ ਆਪਣੀ ਧਾਰਨਾ ਮੁਤਾਬਿਕ ਕੰਮ ਕਰਦੀ ਹੈ।

ਇੱਕ ਦੇਸ਼ ਇੱਕ ਚੋਣ ਭਾਜਪਾ ਦੇ ਚੋਣ ਮਨੋਰਥ ਪੱਤਰ ਦਾ ਹਿੱਸਾ ਹੋ ਸਕਦਾ ਹੈ ਪਰ ਯਕੀਨਨ, ਸਮਾਜ ਦੇ ਕਿਸੇ ਵੀ ਤਬਕੇ ਦੀ ਇਹ ਮੰਗ ਨਹੀਂ ਰਹੀ, ਭਾਵੇਂ ਕੁਝ ਲੋਕਾਂ ਨੂੰ ਮਹਿਸੂਸ ਹੋ ਰਿਹਾ ਸੀ ਕਿ ਭਾਰਤ ਨੂੰ ‘ਲੋੜ ਤੋਂ ਵੱਧ ਜਮਹੂਰੀਅਤ’ ਦਾ ਸੰਤਾਪ ਹੰਢਾਉਣਾ ਪੈ ਰਿਹਾ ਹੈ। ਸੱਤਾਧਾਰੀ ਪਾਰਟੀ ਇੱਕ ਦੇਸ਼ ਇੱਕ ਚੋਣ ਦੀਆਂ ਚੰਗਿਆਈਆਂ ਦੀ ਕਾਇਲ ਸੀ ਜੋ ਇਸ ਦੀ ਲੀਡਰਸ਼ਿਪ ਦੇ ਵਾਰ-ਵਾਰ ਕੀਤੇ ਜਾਂਦੇ ਦਾਅਵਿਆਂ ਅਤੇ ਰਾਮਨਾਥ ਕੋਵਿੰਦ ਕਮੇਟੀ ਦੀਆਂ ਸ਼ਰਤਾਂ ਤੈਅ ਕਰਨ ਦੇ ਢੰਗ-ਤਰੀਕੇ ਤੋਂ ਸਾਫ਼ ਜ਼ਾਹਿਰ ਹੋ ਗਿਆ ਸੀ। ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਕਮੇਟੀ ਕੀ ਨਤੀਜਾ ਕੱਢੇਗੀ ਹੈ ਪਰ ਜਿੰਨੀ ਤੇਜ਼ੀ ਨਾਲ ਸਰਕਾਰ ਨੇ ਇਸ ’ਤੇ ਅਮਲ ਕੀਤਾ ਹੈ, ਉਸ ਤੋਂ ਬਹੁਤ ਸਾਰੇ ਲੋਕਾਂ ਨੂੰ ਹੈਰਾਨੀ ਹੋਈ ਹੈ। ਲੋਕ ਸਭਾ ਚੋਣਾਂ ਵਿੱਚ ਪਾਰਟੀ ਦਾ ਬਹੁਮਤ ਖ਼ਤਮ ਹੋ ਜਾਣ ਤੋਂ ਬਾਅਦ ਥੋੜ੍ਹੇ ਲੋਕਾਂ ਨੂੰ ਹੀ ਇਹ ਉਮੀਦ ਸੀ ਕਿ ਐੱਨਡੀਏ ਸਰਕਾਰ ਇਸ ਮਾਮਲੇ ਨੂੰ ਇੰਨੇ ਜ਼ੋਰ-ਸ਼ੋਰ ਨਾਲ ਅੱਗੇ ਵਧਾਏਗੀ, ਖ਼ਾਸਕਰ ਉਦੋਂ ਜਦੋਂ ਇਸ ਦਾ ਅਮਲ ਅਜੇ ਕਾਫ਼ੀ ਦੂਰ ਹੈ।

ਸਰਕਾਰ ਦੀ ‘ਦੂਰਅੰਦੇਸ਼ੀ’ ਵੀ ਸਮਝ ਤੋਂ ਬਾਹਰ ਹੈ ਜੋ ਕਿਸੇ ਅਜਿਹੇ ਮਾਮਲੇ ’ਤੇ ਕਾਨੂੰਨ ਬਣਾਉਣਾ ਚਾਹ ਰਹੀ ਹੈ ਜਿਸ ਨੂੰ ਇੱਕ ਦਹਾਕੇ ਬਾਅਦ ਲਾਗੂ ਕੀਤਾ ਜਾਣਾ ਹੈ। ਇਸੇ ਤਰ੍ਹਾਂ ਦੀ ਮੁਸਤੈਦੀ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਔਰਤਾਂ ਦੇ ਰਾਖਵਾਂਕਰਨ ਬਿਲ (ਨਾਰੀ ਸ਼ਕਤੀ ਵੰਦਨ ਅਧਿਨਿਯਮ) ਦੇ ਮਾਮਲੇ ਵਿੱਚ ਵੀ ਦਿਖਾਈ ਗਈ ਸੀ। ਦੋਵਾਂ ਵਿਚਕਾਰ ਫ਼ਰਕ ਇਹ ਹੈ ਕਿ ਜਿੱਥੇ ਔਰਤਾਂ ਦੇ ਰਾਖਵਾਂਕਰਨ ਬਿਲ ਨੂੰ ਪਾਸ ਕਰਾਉਣ ਵਿੱਚ ਮੁਕੰਮਲ ਸਹਿਮਤੀ ਸੀ; ਇੱਕ ਦੇਸ਼ ਇੱਕ ਚੋਣ ਨਾਲ ਜੁੜੀ ਸੰਵਿਧਾਨ ਦੀ 129ਵੀਂ ਸੋਧ ਦੇ ਸਵਾਲ ’ਤੇ ਤਿੱਖਾ ਵਿਰੋਧ ਹੋ ਰਿਹਾ ਹੈ।

ਸਰਕਾਰ ਨੇ ਇਹ ਬਿਲ ਸਾਂਝੀ ਸੰਸਦੀ ਕਮੇਟੀ ਕੋਲ ਭੇਜਣ ਵਿੱਚ ਕੋਈ ਝਿਜਕ ਨਹੀਂ ਦਿਖਾਈ ਕਿਉਂਕਿ ਇਸ ਨਾਲ ਵਿਰੋਧੀ ਧਿਰ ਦੀ ਤਸੱਲੀ ਹੋ ਜਾਵੇਗੀ ਅਤੇ ਉਹ ਇਸ ਉੱਪਰ ਖੁੱਲ੍ਹੇ ਮਨ ਨਾਲ ਚਰਚਾ ਕਰੇਗੀ। ਬਿਲ ਨੂੰ ਕਾਹਲੀ ਨਾਲ ਪਾਸ ਕਰਾਉਣ ਦਾ ਉਦੇਸ਼ ਨਹੀਂ ਸੀ; ਇਸ ਨੂੰ ਮੇਜ਼ ’ਤੇ ਲਿਆ ਕੇ ਆਮ ਸਹਿਮਤੀ ਦੀ ਸੰਭਾਵਨਾ ਤਲਾਸ਼ ਕਰਨ ਨਾਲ ਮੰਤਵ ਪੂਰਾ ਹੋ ਸਕਦਾ ਹੈ ਕਿਉਂਕਿ ਹਰ ਕਿਸੇ ਨੂੰ ਇਹ ਮਹਿਸੂਸ ਹੋਣਾ ਕਿ ਉਹ ਬਹੁਤ ਵੱਡੇ ਚੋਣ ਸੁਧਾਰ ਉੱਪਰ ਵਿਚਾਰ ਚਰਚਾ ਕਰ ਰਿਹਾ ਹੈ ਪਰ ਕੀ ਵਾਕਈ ਅਜਿਹੀ ਗੱਲ ਹੈ?




ਆਜ਼ਾਦੀ ਤੋਂ ਬਾਅਦ 15 ਸਾਲਾਂ ਤੱਕ ਇਕੱਠੀਆਂ ਚੋਣਾਂ ਹੁੰਦੀਆਂ ਰਹੀਆਂ। ਸੱਤਾ ਦੀ ਰਾਜਨੀਤੀ ਦੇ ਉਲਟ-ਫੇਰਾਂ ਅਤੇ ਗਤੀਮਾਨਾਂ ਕਰ ਕੇ ਇਹ ਕੜੀ ਟੁੱਟ ਗਈ। ਸਰਕਾਰ ਦੇ ਹੱਕ ਜਾਂ ਵਿਰੋਧ ਵਿੱਚ ਵੋਟ ਪਾਉਣ ਦਾ ਅਧਿਕਾਰ ਲੋਕਤੰਤਰ ਦਾ ਜ਼ਰੂਰੀ ਅੰਸ਼ ਹੁੰਦਾ ਹੈ। ਹਾਲਾਂਕਿ ਇਹ ਬਿਲ ਕਿਸੇ ਸੱਤਾਧਾਰੀ ਪਾਰਟੀ ਤੋਂ ਹਮਾਇਤ ਵਾਪਸ ਲੈਣ ਦਾ ਅਧਿਕਾਰ ਨਹੀਂ ਖੋਂਹਦਾ ਪਰ ਇਹ ਵੋਟਰਾਂ ਨੂੰ ਅਜਿਹੀ ਸਰਕਾਰ ਦੀ ਅਣਪੁੱਗੀ ਮਿਆਦ ਪੂਰੀ ਕਰਨ ਦਾ ਕੁਝ ਸਮੇਂ ਲਈ ਅਧਿਕਾਰ ਜ਼ਰੂਰ ਦਿੰਦਾ ਹੈ। ਇਸ ਤਰ੍ਹਾਂ, ਸੱਤਾ ਛੱਡ ਰਹੀ ਕੋਈ ਚੁਣੀ ਹੋਈ ਸਰਕਾਰ ਸੀਮਤ ਸਮੇਂ ਲਈ ਚੁਣੇ ਹੋਏ ਬਦਲ ਦਾ ਰਾਹ ਪੱਧਰਾ ਕਰੇਗੀ।

ਥੋੜ੍ਹੇ ਸਮੇਂ ਵਿੱਚ ਤੇਜ਼ੀ ਨਾਲ ਮੁਕੰਮਲ ਹੋਣ ਵਾਲੀ ਪਾਰਦਰਸ਼ੀ ਕਵਾਇਦ ਦੇ ਲਾਭ ਬਾਰੇ ਕਿਸੇ ਨੂੰ ਉਜ਼ਰ ਨਹੀਂ ਹੋ ਸਕਦਾ, ਖ਼ਾਸਕਰ ਉਦੋਂ ਜਦੋਂ ਇਸ ਕਵਾਇਦ ਵਿੱਚ ਇੱਕ ਅਰਬ ਲੋਕਾਂ ਦੀ ਸ਼ਮੂਲੀਅਤ ਹੋਵੇ। ਚੋਣਾਂ ਕਰਾਉਣੀਆਂ ਆਮ ਜਮਹੂਰੀ ਕਵਾਇਦ ਹੁੰਦੀ ਹੈ ਜੋ ਸਾਲ ਵਿੱਚ ਮੁਕੱਰਰ ਇੱਕ ਵਾਰ ਯੂਪੀਐੱਸਸੀ ਦੇ ਇਮਤਿਹਾਨ ਲੈਣ ਵਰਗਾ ਕੰਮ ਨਹੀਂ ਹੁੰਦਾ। ਪ੍ਰਸ਼ਾਸਕੀ ਕੁਸ਼ਲਤਾ ਬਿਲਕੁਲ ਹੋਣੀ ਚਾਹੀਦੀ ਹੈ ਅਤੇ ਘੱਟ ਤੋਂ ਘੱਟ ਸਮੇਂ ਵਿੱਚ ਘੱਟ ਤੋਂ ਘੱਟ ਮਾਨਵ ਸ਼ਕਤੀ ਨਾਲ ਕਰਾਉਣ ਦੇ ਢੰਗ-ਤਰੀਕੇ ਹਨ। ਨੀਮ ਫ਼ੌਜੀ ਦਸਤਿਆਂ ’ਤੇ ਬੇਤਹਾਸ਼ਾ ਨਿਰਭਰਤਾ ਜਿਸ ਨੂੰ ਰੁਕਾਵਟ ਕਰਾਰ ਦਿੰਦੇ ਹੋਏ ਚੋਣ ਕਮਿਸ਼ਨ ਨੂੰ ਕਈ ਕਈ ਪੜਾਵਾਂ ਵਿੱਚ ਕਰਾਉਣ ਲਈ ਮਜਬੂਰ ਹੋਣਾ ਪੈਂਦਾ ਹੈ, ਸਾਡੀ ਰਾਜਨੀਤੀ ਅਤੇ ਇਸ ਦੇ ਜ਼ਹਿਰੀਲੇ ਪ੍ਰਚਾਰ ਕਰ ਕੇ ਪੈਦਾ ਹੁੰਦੀ ਹੈ। ਕਾਨੂੰਨ ਵਿੱਚ ਚੋਣ ਕਮਿਸ਼ਨ ਨੂੰ ਕਿਸੇ ਵੀ ਸਦਨ ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਚੋਣਾਂ ਕਰਾਉਣ ਦਾ ਅਖ਼ਤਿਆਰ ਹਾਸਲ ਹੈ ਜਿਸ ਦੇ ਮੱਦੇਨਜ਼ਰ ਇਸ ਨੂੰ ਚੋਣਾਂ ਦਾ ਪ੍ਰੋਗਰਾਮ ਤਿਆਰ ਕਰਨ ਵਿੱਚ ਲਚਕ ਮਿਲਦੀ ਹੈ ਅਤੇ ਕੁਸ਼ਲ ਪ੍ਰਬੰਧਨ ਲਈ ਚੋਣਾਂ ਨੂੰ ਬੱਝਵੇਂ ਢੰਗ ਨਾਲ ਕਰਾਇਆ ਜਾਂਦਾ ਹੈ। ਉਂਝ, ਹਾਲੀਆ ਮਿਸਾਲਾਂ ਤੋਂ ਪਤਾ ਲੱਗਦਾ ਹੈ ਕਿ ਚੋਣ ਕਮਿਸ਼ਨ ਨੇ ਅਜਿਹੀਆਂ ਚੋਣਾਂ ਵੱਖੋ-ਵੱਖਰੇ ਪੜਾਵਾਂ ਵਿੱਚ ਕਰਾਉਣ ਦਾ ਫ਼ੈਸਲਾ ਕੀਤਾ ਜਿਨ੍ਹਾਂ ਨੂੰ ਆਸਾਨੀ ਨਾਲ ਇਕੱਠੇ ਰੂਪ ਵਿੱਚ ਕਰਾਇਆ ਜਾ ਸਕਦਾ ਸੀ। ਸਾਫ਼ ਜ਼ਾਹਿਰ ਹੈ ਕਿ ਇਸ ਪਿੱਛੇ ਇਕੱਠੀਆਂ ਚੋਣਾਂ ਦੇ ਸਿਧਾਂਤ ਨਾਲੋਂ ਸਹੂਲਤ ਦਾ ਨੇਮ ਭਾਰੂ ਰਿਹਾ ਸੀ।

ਇਹ ਅਖੌਤੀ ਸੁਧਾਰ ਭਾਵੇਂ ਸੰਸਦ ਵਿੱਚ ਲੋੜੀਂਦੀ ਗਿਣਤੀ ਪਾਸ ਕਰਦਾ ਹੈ ਜਾਂ ਨਹੀਂ, ਸਮਾਂ ਆ ਚੁੱਕਾ ਹੈ ਕਿ ਸਰਕਾਰ ਤੇ ਸਿਆਸੀ ਧਿਰਾਂ ਨਗ਼ਦੀ, ਅਪਰਾਧ, ਜਾਤੀ, ਫ਼ਿਰਕੇ ਤੇ ਚੋਣ ਪ੍ਰਕਿਰਿਆ ਦੀ ਅਖੰਡਤਾ, ਉਮੀਦਵਾਰਾਂ ਨੂੰ ਅਯੋਗ ਠਹਿਰਾਉਣ ਤੇ ਚੋਣ ਖ਼ਰਚੇ ਦੀ ਹੱਦ ਬੰਨ੍ਹਣ ਨਾਲ ਸਬੰਧਿਤ ਵੱਧ ਠੋਸ ਚੁਣਾਵੀ ਸੁਧਾਰ ਕਰਨ ਜਿਨ੍ਹਾਂ ਦੀ ਸਿਫ਼ਾਰਿਸ਼ ਚੋਣ ਕਮਿਸ਼ਨ ਵੀ ਕਰਦਾ ਰਿਹਾ ਹੈ ਤੇ ਇਹ ਲੰਮੇ ਸਮੇਂ ਤੋਂ ਲਟਕ ਰਹੇ ਹਨ। ਇੱਕੋ ਵਾਰ ਚੋਣਾਂ ਕਰਾਉਣ ਦਾ ਮੰਤਵ ਚੋਣਾਂ ਕਰਾਉਣ ’ਚ ਹੁੰਦੇ ਸਰਕਾਰ ਦੇ ਖਰਚੇ ਨੂੰ ਘਟਾਉਣਾ ਹੈ ਪਰ ਚੋਣਾਂ ’ਚ ਕਾਲੇ ਪੈਸੇ ਦੀ ਵਰਤੋਂ ’ਤੇ ਲਗਾਮ ਕਸਣ, ਤੇ ਸਿਆਸੀ ਫੰਡਿੰਗ ਲਈ ਪਾਰਦਰਸ਼ੀ ਤਰੀਕੇ ਤਲਾਸ਼ਣ ਬਾਰੇ ਕੀ? ਬਿੱਲ ਅਖੌਤੀ ਸੁਧਾਰਾਂ ਰਾਹੀਂ ਇਨ੍ਹਾਂ ਨੁਕਤਿਆਂ ’ਤੇ ਗ਼ੌਰ ਨਹੀਂ ਕਰਦਾ।

ਦੱਸ ਦਿੰਦੇ ਹਾਂ ਕਿ ਆਦਰਸ਼ ਚੋਣ ਜ਼ਾਬਤਾ ਇੱਕ ਖ਼ਾਸ ਸ਼੍ਰੇਣੀ ਦੇ ਸਰਕਾਰੀ ਖਰਚੇ ’ਤੇ ਪਾਬੰਦੀ ਲਾਉਂਦਾ ਹੈ ਜਿਸ ਦਾ ਉਦੇਸ਼ ਹੁੰਦਾ ਹੈ ਕਿ ਸੱਤਾਧਾਰੀ ਪਾਰਟੀ ਸਰਕਾਰੀ ਸਾਧਨਾਂ ਦੀ ਵਰਤੋਂ ਕਰ ਕੇ ਨਾਜਾਇਜ਼ ਫ਼ਾਇਦਾ ਨਾ ਚੁੱਕ ਸਕੇ। ਕੋਈ ਸੋਚੇਗਾ ਕਿ ਸੱਤਾਧਾਰੀ ਪਾਰਟੀਆਂ ਨੂੰ ਵੱਡੇ ਨੀਤੀਗਤ ਫ਼ੈਸਲੇ ਕਰਨ ਲਈ ਚੋਣਾਂ ਦਾ ਐਲਾਨ ਹੋਣ ਤੱਕ ਉਡੀਕਣ ਦੀ ਕੀ ਲੋੜ ਹੈ ਜਿਸ ਨਾਲ ਉਹ ‘ਸ਼ਾਸਨ ਪ੍ਰਣਾਲੀ ’ਚ ਖ਼ਲਲ’ ਪਾਉਣ ਵਾਲੇ ਵੱਜਣ।

ਇਸ ਤੋਂ ਇਲਾਵਾ ਕਿਸੇ ਵੀ ਸੂਬੇ ਦੀਆਂ ਚੋਣਾਂ ਉਸੇ ਸੂਬੇ ਦੇ ਵੋਟਰਾਂ ਤੇ ਸਿਆਸੀ ਆਗੂਆਂ ਨਾਲ ਵਾਹ-ਵਾਸਤਾ ਰੱਖਦੀਆਂ ਹਨ, ਨਾ ਤਾਂ ਇਹ ਦੂਜੇ ਸੂਬੇ ਦੇ ਵੋਟਰਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਤੇ ਨਾ ਹੀ ਕੇਂਦਰੀ ਲੀਡਰਸ਼ਿਪ ਨੂੰ, ਸਿਵਾਇ ਇਸ ਦੇ ਕਿ ਪਾਰਟੀ ਲੀਡਰਸ਼ਿਪ ਹਰ ਜਗ੍ਹਾ ਪ੍ਰਚਾਰ ਕਰਨ ਦੀ ਧੁਨ ’ਚ ਹੋਵੇ ਤੇ ਸਥਾਨਕ ਨੇਤਾਵਾਂ ਨੂੰ ਸੂਬਾ ਪੱਧਰੀ ਚੋਣ ਮੁਹਿੰਮਾਂ ਸੰਭਾਲਣ ਨਾ ਦੇਵੇ। ਕੀ ਨਾਲੋ-ਨਾਲ ਚੋਣਾਂ ਹੋਣ ਨਾਲ ਚੁਣੀਆਂ ਹੋਈਆਂ ਸਥਾਨਕ ਇਕਾਈਆਂ ਦਾ ਮਹੱਤਵ ਹੋਰ ਨਹੀਂ ਘਟੇਗਾ ਤੇ ਉਹ ਮੁਕਾਮੀ ਵੋਟਰਾਂ ਦੇ ਪ੍ਰਭਾਵੀ ਪ੍ਰਤੀਨਿਧੀਆਂ ਦੀ ਥਾਂ ਕੇਂਦਰੀ ਲੀਡਰਸ਼ਿਪ ਦੇ ਮਾਮੂਲੀ ਜਿਹੇ ਪ੍ਰਤੀਨਿਧੀ ਬਣ ਕੇ ਨਹੀਂ ਰਹਿ ਜਾਣਗੇ?

ਚੋਣਾਂ ਨੂੰ ਪ੍ਰਭਾਵੀ ਢੰਗ ਨਾਲ ਕਰਾਉਣਾ ਬੇਸ਼ੱਕ ਤਸੱਲੀਬਖ਼ਸ਼ ਅਹਿਸਾਸ ਹੈ ਪਰ ਲੋਕਤੰਤਰ ਨੂੰ ਇਸ ਤੋਂ ਕਿਤੇ ਵੱਧ ਦੀ ਲੋੜ ਹੈ। ਜਿਵੇਂ ਸੰਸਦ ਮੈਂਬਰ ਭਵਿੱਖ ’ਚ ਚੋਣ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ’ਚ ਕੀਮਤੀ ਸਮਾਂ ਲਾ ਰਹੇ ਹਨ, ਇਵੇਂ ਹੀ ਇਸ ਵੇਲੇ ਲੋਕਾਂ ਨੂੰ ਪ੍ਰਭਾਵਿਤ ਕਰ ਰਹੇ ਮੁੱਦਿਆਂ ਨੂੰ ਸਮਾਂ ਦੇ ਕੇ ਵੀ ਉਹ ਚੰਗਾ ਕੰਮ ਕਰ ਸਕਦੇ ਹਨ। ਰਾਜਧਾਨੀ ਦੀ ਖ਼ਤਰਨਾਕ ਪੱਧਰ ਤੱਕ ਪ੍ਰਦੂਸ਼ਿਤ ਹੋ ਚੁੱਕੀ ਹਵਾ, ਖ਼ਾਸ ਤੌਰ ’ਤੇ ਸੰਸਦ ਦੇ ਬਾਹਰ, ਜ਼ਮੀਨ ਹੇਠਲੇ ਪਾਣੀ ਦਾ ਡਿੱਗਦਾ ਪੱਧਰ, ਸਾਡੀਆਂ ਨਦੀਆਂ ਦਾ ਪ੍ਰਦੂਸ਼ਣ, ਸਾਡੀਆਂ ਵਿਦਿਅਕ ਸੰਸਥਾਵਾਂ ਤੇ ਜਨਤਕ ਸਿਹਤ ਸਹੂਲਤਾਂ ਦੀ ਤਰਸਯੋਗ ਹਾਲਤ ਅਤੇ ਮੁਲਕ ਸਾਹਮਣੇ ਬਣੀਆਂ ਵਾਤਾਵਰਨ ਨਿਘਾਰ ਦੀਆਂ ਚੁਣੌਤੀਆਂ ਸ਼ਾਸਨ ਪ੍ਰਬੰਧ ਦੇ ਅਜਿਹੇ ਗੰਭੀਰ ਮੁੱਦੇ ਹਨ ਜੋ ਇਨ੍ਹਾਂ ਦਾ ਉਨਾ ਹੀ ਫੌਰੀ ਧਿਆਨ ਮੰਗਦੇ ਹਨ ਜਿੰਨਾ ਇਹ ਇੱਕੋ ਵੇਲੇ ਚੋਣਾਂ ਕਰਵਾਉਣ ’ਤੇ ਦੇ ਰਹੇ ਹਨ। ਭਾਰਤ ਦੇ ਨਾਗਰਿਕ ਵਾਰ-ਵਾਰ ਵੋਟ ਪਾ ਕੇ ਤਾਂ ਸ਼ਾਇਦ ਨਹੀਂ ਅੱਕੇ ਹੋਣਗੇ ਪਰ ਚੰਗਾ ਜੀਵਨ ਬਸਰ ਕਰਨ ਦਾ ਸੁਫਨਾ ਪੂਰਾ ਹੋਣ ਦੀ ਉਡੀਕ ’ਚ ਸ਼ਾਇਦ ਜ਼ਰੂਰ ਥੱਕ ਗਏ ਹੋਣਗੇ।






# ਪੰਜਾਬ ਦਾ ਕੱਪੜਾ ਉਦਯੋਗ ਘਾਟੇ ਦਾ ਸੌਦਾ ਕਿਉਂ ਬਣਦਾ ਜਾ ਰਿਹਾ ਹੈ!

ਪੰਜਾਬ ਦਾ ਕੱਪੜਾ ਉਦਯੋਗ ਪਿਛਲੇ ਲੰਬੇ ਸਮੇਂ ਤੋਂ ਔਖੇ ਸਮੇਂ ਵਿੱਚੋਂ ਲੰਘ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਇਸਦਾ ਨਿਰਯਾਤ ਘੱਟ ਰਿਹਾ ਹੈ। ਕੇਂਦਰ ਸਰਕਾਰ ਦੇ ਟੈਕਸਟਾਈਲ ਮੰਤਰਾਲੇ ਮੁਤਾਬਕ ਪਿਛਲੇ ਤਿੰਨ ਸਾਲਾਂ ਵਿੱਚ ਇਸਦਾ ਨਿਰਯਾਤ 611.1 ਮਿਲੀਅਨ ਡਾਲਰ ਘਟਿਆ ਹੈ। ਟੈਕ-ਸਟਾਈਲ ਮੰਤਰਾਲੇ ਦੇ ਅੰਕੜੇ ਦੱਸਦੇ ਹਨ ਕਿ ਸਾਲ 2021-2022 ਵਿੱਚ ਪੰਜਾਬ ਤੋਂ 2,111.5 ਮਿਲੀਅਨ ਡਾਲਰ ਦਾ ਨਿਰਯਾਤ ਹੋਇਆ, ਜੋ ਸਾਲ 2022-23 ਦੌਰਾਨ ਘੱਟ ਕੇ 1,502.2 ਮਿਲੀਅਨ ਡਾਲਰ ਰਹਿ ਗਿਆ। ਸਾਲ 2023-24 ਦੌਰਾਨ ਪੰਜਾਬ ਤੋਂ 1,500.4 ਮਿਲੀਅਨ ਡਾਲਰ ਦਾ ਨਿਰਯਾਤ ਹੋਇਆ। ਰਾਜ ਸਭਾ ਵਿੱਚ ਪੰਜਾਬ ਤੋਂ ਮੈਂਬਰ ਪਾਰਲੀਮੈਂਟ ਸੰਜੀਵ ਅਰੋੜਾ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਇਹ ਅੰਕੜੇ ਟੈਕਸਟਾਈਲ ਰਾਜ ਮੰਤਰੀ ਪਬਿਤਰਾ ਮਾਰਗਰੀਟਾ ਨੇ ਰਾਜ ਸਭਾ ਵਿੱਚ ਪੇਸ਼ ਕੀਤੇ। ਪੰਜਾਬ ਦੇ ਕੱਪੜਾ ਉਦਯੋਗ ਦਾ ਮੁੱਖ ਕਾਰੋਬਾਰ ਲੁਧਿਆਣਾ ਸ਼ਹਿਰ ਤੋਂ ਚੱਲਦਾ ਹੈ, ਜਿਸਨੂੰ ਪੰਜਾਬ ਦਾ 'ਮੈਨਚੈਸਟਰ ਸਿਟੀ' ਵੀ ਕਿਹਾ ਜਾਂਦਾ ਹੈ।

### ਵਪਾਰੀ ਕਾਰੋਬਾਰ ਤੋਂ ਪਿੱਛੇ ਹੱਟ ਰਹੇ ਹਨ

ਅਜੀਤ ਲਾਖੜਾ ਸੁਪਰਫਾਈਨ ਨਿਟਿਡ ਲਿਮੀਟਡ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਹਨ। ਉਹ ਅਜਿਹੇ ਕਾਰੋਬਾਰੀਆਂ ਵਿੱਚ ਸ਼ੁਮਾਰ ਹਨ, ਜਿਹੜੇ ਪਿਛਲੇ ਕੁਝ ਸਮੇਂ ਦੌਰਾਨ ਨਿਰਯਾਤ ਦੇ ਕਾਰੋਬਾਰ ਤੋਂ ਪਿੱਛੇ ਹਟੇ ਹਨ। ਉਨ੍ਹਾਂ ਨੇ ਦੱਸਿਆ ਕਿ, "ਕੱਪੜੇ ਦਾ ਕਾਰੋਬਾਰ ਅਸੀਂ 1980 ਵਿੱਚ ਸ਼ੁਰੂ ਕੀਤਾ ਸੀ ਪਰ ਨਿਰਯਾਤ ਦਾ ਕਾਰੋਬਾਰ ਅਸੀਂ 2009 ਵਿੱਚ ਸ਼ੁਰੂ ਕੀਤਾ। ਅਸੀਂ ਦੁਬਈ, ਇਜ਼ਰਾਇਲ, ਯੂਐੱਸਏ ਅਤੇ ਯੂਰਪ ਦੇ ਕਈ ਦੇਸ਼ਾਂ ਵਿੱਚ ਨਿਰਯਾਤ ਕਰਦੇ ਸੀ। ਜੋ ਕਰੋਨਾ ਤੋਂ ਬਾਅਦ ਬੰਦ ਕਰ ਦਿੱਤਾ।" "ਕਰੋਨਾ ਕਾਲ ਦਾ ਨਿਰਯਾਤ ਦੇ ਕਾਰੋਬਾਰ ਉੱਤੇ ਬਹੁਤ ਮਾੜਾ ਪ੍ਰਭਾਵ ਪਿਆ। ਤਿਆਰ ਕੀਤਾ ਹੋਇਆ ਮਾਲ ਇੱਕ ਸਾਲ ਤੱਕ ਵਿਕਿਆ ਹੀ ਨਹੀਂ, ਉਸੇ ਤਰ੍ਹਾਂ ਪਿਆ ਰਿਹਾ।" "ਇਸ ਕਰਕੇ ਸਾਨੂੰ ਨੁਕਸਾਨ ਹੋਇਆ ਅਤੇ ਸਾਨੂੰ ਨਿਰਯਾਤ ਦਾ ਕੰਮ ਬੰਦ ਕਰਨਾ ਪਿਆ। ਜੇਕਰ ਅਸੀਂ ਅਜਿਹਾ ਨਾ ਕਰਦੇ ਤਾਂ ਸਾਨੂੰ ਹੋਰ ਨੁਕਸਾਨ ਹੋਣਾ ਸੀ।"

### ਨਿਰਯਾਤ ਘੱਟਣ ਦੇ ਹੋਰ ਕੀ ਕਾਰਨ ਹਨ?

ਕੱਪੜੇ ਦਾ ਕਾਰੋਬਾਰ ਕਰਨ ਵਾਲੇ ਕਾਰੋਬਾਰੀਆਂ ਅਤੇ ਮਾਹਰਾਂ ਨੇ ਪੰਜਾਬ ਤੋਂ ਨਿਰਯਾਤ ਘੱਟ ਹੋਣ ਦੇ ਕਈ ਕਾਰਨ ਦੱਸੇ ਹਨ। ਉਨ੍ਹਾਂ ਦੱਸਿਆ ਕੀ ਨਿਰਯਾਤ ਘੱਟਣ ਦਾ ਮੁੱਖ ਕਾਰਨ ਕਈ ਵਿਕਾਸਸ਼ੀਲ ਦੇਸ਼ਾਂ, ਖ਼ਾਸ ਕਰਕੇ ਗੁਆਂਢੀ ਮੁਲਕਾਂ ਨੂੰ ਆਯਾਤ ਕਰ ਵਿੱਚ ਮਿਲੀਆਂ ਛੋਟਾਂ, ਕੱਪੜਾ ਬਣਾਉਣ ਦੀ ਲਾਗਤ ਵਿੱਚ ਵਾਧਾ ਅਤੇ ਪੰਜਾਬ ਤੋਂ ਬੰਦਰਗਾਹਾਂ ਦਾ ਦੂਰ ਹੋਣਾ ਹੈ। ਇਹੀ ਕਾਰਨਾਂ ਕਰ ਕੇ ਪੰਜਾਬ ਦੇ ਕਈ ਕਾਰੋਬਾਰੀ ਸਿਰਫ਼ ਘਰੇਲੂ ਕਾਰੋਬਾਰ ਨੂੰ ਤਰਜੀਹ ਦੇ ਰਹੇ ਹਨ। ਪੰਜਾਬ ਦੇ ਕਈ ਉਦਯੋਗ ਤਾਂ ਪਿਛਲੇ ਕੁਝ ਸਮੇਂ ਦੌਰਾਨ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਚਲੇ ਗਏ ਹਨ। ਅਜੀਤ ਲਾਖੜਾ ਦੱਸਦੇ ਹਨ ਕਿ , "ਪਹਿਲਾਂ ਕਰੋਨਾ ਦਾ ਅਸਰ ਪਿਆ,ਦੂਜਾ ਬੰਗਲਾਦੇਸ਼ ਅਤੇ ਚੀਨ ਤੋਂ ਤਿਆਰ ਹੋਇਆ ਮਾਲ ਸਾਡੇ ਤੋਂ ਸਸਤਾ ਵਿਕਦਾ ਹੈ।" ਉਹ ਅਗਾਂਹ ਕਹਿੰਦੇ ਹਨ ਕਿ,"ਜਦੋਂ ਬੰਗਲਾਦੇਸ਼ ਤੋਂ ਤਿਆਰ ਹੋਇਆ ਕੱਪੜਾ ਯੂਰਪ ਜਾਂ ਹੋਰਨਾਂ ਦੇਸ਼ਾਂ ਵਿੱਚ ਜਾਂਦਾ ਹੈ ਤਾਂ ਉਸ ਉੱਤੇ ਆਯਾਤ ਡਿਊਟੀ ਨਹੀਂ ਲੱਗਦੀ। ਪਰ ਸਾਡੇ ਵੱਲੋਂ ਤਿਆਰ ਕੀਤੇ ਕੱਪੜੇ ਉੱਤੇ ਇਹ ਡਿਊਟੀ ਟੈਕਸ ਲੱਗਦਾ ਹੈ। ਜਿਸ ਨਾਲ ਸਾਡਾ ਕੱਪੜਾ ਮਹਿੰਗਾ ਹੋ ਜਾਂਦਾ ਹੈ। ਇਸ ਕਰਕੇ ਸਾਡਾ ਨਿਰਯਾਤ ਨਹੀਂ ਵਧਿਆ। "ਅਸੀਂ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਹੋਰਾਂ ਦੇਸ਼ਾਂ ਨਾਲ ਫ੍ਰੀ ਟਰੇਡ ਐਗਰੀਮੈਂਟ (ਐੱਫਟੀਏ) ਸਾਈਨ ਕੀਤਾ ਜਾਵੇ ਤਾਂ ਜੋ ਕੱਪੜੇ ਦੇ ਨਿਰਯਾਤ ਨੂੰ ਹੁਲਾਰਾ ਮਿਲ ਸਕੇ।"



### 'ਗੁਆਂਢੀ ਮੁਲਕਾਂ ਨੂੰ ਮਿਲੀਆਂ ਛੋਟਾਂ ਪੰਜਾਬ 'ਤੇ ਭਾਰੀ'

ਵਰਲਡ ਐੱਮਐੱਸਐੱਮਈ ਫੋਰਮ ਦੇ ਪ੍ਰਧਾਨ ਬਦੀਸ਼ ਜਿੰਦਲ ਨੇ ਦੱਸਿਆ ਕਿ ਕਈ ਦੇਸ਼ਾਂ ਨੂੰ ਆਯਾਤ ਕਰਾਂ ਵਿੱਚ ਛੋਟਾਂ ਮਿਲੀਆਂ ਹੋਈਆਂ ਹਨ, ਜਿਸਦਾ ਪੰਜਾਬ ਦੇ ਕਾਰੋਬਾਰੀਆਂ ਨੂੰ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਜਿਹੜੇ ਦੇਸ਼ ਵਿਕਾਸਸ਼ੀਲ ਹਨ, ਉਨ੍ਹਾਂ ਨੂੰ ਵਿਸ਼ਵ ਪੱਧਰ ਉੱਤੇ ਕਈ ਵਿਸ਼ੇਸ਼ ਅਧਿਕਾਰ ਹਾਸਲ ਹਨ। ਇਨ੍ਹਾਂ ਵਿੱਚੋਂ ਇੱਕ ਅਧਿਕਾਰ ਆਯਾਤ ਕਰ ਵਿੱਚ ਛੋਟ ਮਿਲਣਾ ਵੀ ਹੈ। ਜਦੋਂ ਇਹ ਦੇਸ਼ ਕਿਸੇ ਹੋਰ ਦੇਸ਼ ਵਿੱਚ ਨਿਰਯਾਤ ਕਰਦੇ ਹਨ ਤਾਂ ਆਯਾਤ ਕਰਨ ਵਾਲੇ ਕਾਰੋਬਾਰੀ ਨੂੰ ਆਯਾਤ ਕਰ ਨਹੀਂ ਦੇਣਾ ਪੈਂਦਾ। ਇਸ ਕਰਕੇ ਅਜਿਹੇ ਦੇਸ਼ ਵਿੱਚੋਂ ਭੇਜਿਆ ਗਿਆ ਮਾਲ ਆਯਾਤ ਕਰਵਾਉਣ ਉਪਰੰਤ ਕਾਰੋਬਾਰੀਆਂ ਨੂੰ ਸਸਤਾ ਪੈਂਦਾ ਹੈ। ਜਦਕਿ ਭਾਰਤ ਦੇਸ਼ ਦੇ ਕਾਰੋਬਾਰੀਆਂ ਨੂੰ ਅਜਿਹੀ ਕੋਈ ਛੋਟ ਨਹੀਂ ਮਿਲੀ ਹੋਈ। ਅਜਿਹੇ ਵਿੱਚ ਭਾਰਤ ਦੇ ਕਾਰੋਬਾਰੀਆਂ ਵੱਲੋਂ ਤਿਆਰ ਕੀਤਾ ਕੱਪੜਾ ਮਹਿੰਗਾ ਵਿਕਦਾ ਹੈ। ਉਨ੍ਹਾਂ ਕਿਹਾ, "ਸਾਡੇ ਗੁਆਂਢੀ ਮੁਲਕਾਂ ਨੂੰ ਆਯਾਤ ਕਰਾਂ ਵਿੱਚ ਮਿਲੀਆਂ ਛੋਟਾਂ ਵੀ ਪੰਜਾਬ ਦਾ ਨਿਰਯਾਤ ਘੱਟਣ ਦਾ ਕਾਰਨ ਹਨ।"

### ਸੂਬੇ ਦੀ ਭੂਗੋਲਿਕ ਸਥਿਤੀ ਕਾਰਨ ਵੀ ਨੁਕਸਾਨ

ਬਦੀਸ਼ ਜਿੰਦਲ ਨੇ ਕਿਹਾ ਕਿ ਪੰਜਾਬ ਦਾ ਸੂਬਾ ਚਾਰੇ ਪਾਸਿਓਂ ਜ਼ਮੀਨ ਨਾਲ ਘਿਰਿਆ ਹੋਇਆ ਹੈ। ਇਸ ਨੂੰ ਕੋਈ ਵੀ ਸਮੁੰਦਰੀ ਤੱਟ ਜਾਂ ਬੰਦਰਗਾਹ ਨਹੀਂ ਲੱਗਦੀ। ਉਨ੍ਹਾਂ ਕਿਹਾ, "ਪੰਜਾਬ ਦੇ ਕਾਰੋਬਾਰੀਆਂ ਨੂੰ ਸੂਬੇ ਦੀ ਭੂਗੋਲਿਕ ਸਥਿਤੀ ਕਾਰਨ ਵੀ ਨੁਕਸਾਨ ਝੱਲਣਾ ਪੈ ਰਿਹਾ ਹੈ ਕਿਉਂਕਿ ਬੰਦਰਗਾਹਾਂ ਪੰਜਾਬ ਤੋਂ ਦੂਰ ਹਨ। ਇਸ ਦੇ ਲਈ ਪੰਜਾਬ ਦੇ ਕਾਰੋਬਾਰੀਆਂ ਨੂੰ ਮਾਲ ਬੰਦਰਗਾਹਾਂ ਤੱਕ ਪਹੁੰਚਾਉਣ ਲਈ ਵੀ ਕਈ ਦਿੱਕਤਾਂ ਆਉਂਦੀਆਂ ਹਨ। ਉਨ੍ਹਾਂ ਦਾ ਮਾਲ ਜਦੋਂ ਬੰਦਰਗਾਹ ਤੱਕ ਪਹੁੰਚਦਾ ਹੈ ਤਾਂ ਆਵਾਜਾਈ ਖ਼ਰਚਾ ਵਾਧੂ ਪੈਂਦਾ ਹੈ।" ਨਿਟਵੀਅਰ ਐਪਰਲ ਐਕਸਪੋਰਟਰਜ਼ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਕੇਜੀ ਐਕਸਪੋਰਟਰਜ਼ ਦੇ ਮਾਲਕ ਹਰੀਸ਼ ਕੁਮਾਰ ਦੂਆ ਨੇ ਵੀ ਇਸ ਮਾਮਲੇ 'ਤੇ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ, "ਲੁਧਿਆਣਾ ਤੋਂ ਬਹੁਤ ਸਾਰਾ ਕਾਰੋਬਾਰ ਤ੍ਰਿਪੁਰਾ ਚਲਾ ਗਿਆ। ਇੱਕ ਤਾਂ ਉੱਥੇ ਲੇਬਰ ਸਸਤੀ ਹੈ, ਦੂਜਾ ਉਹ ਬੰਦਰਗਾਹ ਦੇ ਨੇੜੇ ਹੈ। ਇਸੇ ਕਾਰਨ ਉੱਥੇ ਕਈ ਉਦਯੋਗ ਚੱਲੇ ਗਏ ਹਨ।" "ਪੰਜਾਬ ਦੀ ਲੇਬਰ ਵੀ ਦੇਸ਼ ਤੋਂ ਬਾਹਰ ਪਰਵਾਸ ਕਰ ਗਈ ਹੈ। ਅਸੀਂ ਬੰਦਰਗਾਹ ਤੋਂ ਵੀ ਦੂਰ ਹਾਂ। ਇਸ ਤੋਂ ਇਲਾਵਾ ਪੰਜਾਬ ਦਾ ਕੱਪੜਾ ਕਾਰੋਬਾਰ ਦੇਸ਼ ਵਿੱਚ ਵੀ ਮੁਕਾਬਲੇਬਾਜ਼ੀ ਵਿੱਚ ਆ ਗਿਆ ਕਿਉਂਕਿ ਹੁਣ ਕਈ ਹੋਰ ਸ਼ਹਿਰਾਂ ਵਿੱਚ ਵੀ ਕੱਪੜੇ ਦਾ ਕਾਰੋਬਾਰ ਹੁੰਦਾ ਹੈ ਅਤੇ ਇਹ ਸ਼ਹਿਰ ਬੰਦਰਗਾਹ ਦੇ ਨੇੜੇ ਹਨ।"

### ਲਾਗਤ ਵਿੱਚ ਵਾਧਾ ਅਤੇ ਹੋਰ ਕਾਰਨ

ਬਦੀਸ਼ ਜਿੰਦਲ ਨੇ ਦੱਸਿਆ ਕਿ ਪੰਜਾਬ ਦਾ ਨਿਰਯਾਤ ਘੱਟਣ ਦੇ ਹੋਰ ਵੀ ਕਈ ਕਾਰਨ ਹਨ। ਉਹ ਕਹਿੰਦੇ ਹਨ, "ਇੱਕ ਤਾਂ ਇੱਥੋਂ ਦੀ ਸਰਕਾਰ ਪਹਿਲਾਂ ਤੋਂ ਚੱਲ ਰਹੇ ਉਦਯੋਗਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ। ਜਿਹੜੀਆਂ ਵੀ ਨਵੀਆਂ ਨੀਤੀਆਂ ਆ ਰਹੀਆਂ ਹਨ ਜਾਂ ਰਾਹਤਾਂ ਮਿਲ ਰਹੀਆਂ ਹਨ, ਉਹ ਨਵੇਂ ਉਦਯੋਗਾਂ ਵਾਸਤੇ ਹਨ। ਪੁਰਾਣੇ ਉਦਯੋਗਾਂ ਵਾਸਤੇ ਬਿਜਲੀ ਮਹਿੰਗੀ ਹੈ ਅਤੇ ਨਵਿਆਂ ਵਾਸਤੇ ਸਸਤੀ ਹੈ।" "ਮਾਲ ਖਰੀਦਣ ਵਾਲੇ ਬਹੁਤ ਅਨੁਸ਼ਾਸਿਤ ਹਨ। ਉਨ੍ਹਾਂ ਨੂੰ ਆਪਣਾ ਆਰਡਰ ਕੀਤਾ ਮਾਲ ਸਮੇਂ ਸਿਰ ਚਾਹੀਦਾ ਹੁੰਦਾ ਹੈ। ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਪੰਜਾਬ ਵਿੱਚ ਧਰਨੇ ਪ੍ਰਦਰਸ਼ਨ ਹੋ ਰਹੇ ਹਨ। ਇਸ ਲਈ ਧਰਨੇ ਵੀ ਨਿਰਯਾਤ ਘੱਟਣ ਦਾ ਇੱਕ ਕਾਰਨ ਹੈ।" ਉਨ੍ਹਾਂ ਅੱਗੇ ਕਿਹਾ, "ਪੰਜਾਬ ਵਿੱਚ ਲੇਬਰ ਦੇਸ਼ ਦੇ ਹੋਰਨਾਂ ਸੂਬਿਆਂ ਅਤੇ ਗੁਆਂਢੀ ਮੁਲਕਾਂ ਤੋਂ ਮਹਿੰਗੀ ਹੈ। ਜਿਸ ਨਾਲ ਇੱਥੇ ਲਾਗਤ (ਕੱਪੜਾ ਤਿਆਰ ਕਰਨ ਉੱਤੇ) ਵੱਧ ਆਉਂਦੀ ਹੈ।"

ਬਦੀਸ਼ ਜਿੰਦਲ ਨੇ ਕਿਹਾ ਕਿ ਪੰਜਾਬ ਨੂੰ ਇਸ ਦੀ ਭੂਗੋਲਿਕ ਸਥਿਤੀ ਦਾ ਨੁਕਸਾਨ ਹੋਣ ਕਾਰਨ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਦੇ ਕਾਰੋਬਾਰੀਆਂ ਨੂੰ ਮਾਲ ਦੀ ਢੋਆ-ਢੁਆਈ ਦੀ ਲਾਗਤ ਉੱਤੇ ਸਬਸਿਡੀ ਦਿੱਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕੀ ਕੇਂਦਰ ਸਰਕਾਰ ਨੂੰ ਹੋਰਨਾਂ ਦੇਸ਼ਾਂ ਨਾਲ ਫ੍ਰੀ ਟਰੇਡ ਐਗਰੀਮੈਂਟ ਕਰਨੇ ਚਾਹੀਦੇ ਹਨ ਤਾਂ ਜੋ ਕਾਰੋਬਾਰੀਆਂ ਨੂੰ ਨਿਰਯਾਤ ਕਰਨ ਵਿੱਚ ਆਸਾਨੀ ਹੋ ਸਕੇ। ਅਜੀਤ ਲਾਖੜਾ ਨੇ ਵੀ ਲੰਬਿਤ ਪਏ ਫ੍ਰੀ ਟ੍ਰੇਡ ਐਗਰੀਮੈਂਟਸ ਨੂੰ ਨੇਪਰੇ ਚਾੜ੍ਹਨ ਦੀ ਅਪੀਲ ਕੀਤੀ ਹੈ।

# ਵਿਦੇਸ਼, ਵਿਦੇਸ਼, ਵਿਦੇਸ਼- ਨੌਜਵਾਨੀ ਦਾ ਨਾਅਰਾ ਕਿਉਂ?

ਭਾਰਤੀ ਵਿਦਿਆਰਥੀਆਂ ਦੇ ਵਿਦੇਸ਼ ਜਾਣ ਦਾ ਰੁਝਾਨ ਨਿਰੰਤਰ ਵਧਦਾ ਹੀ ਜਾ ਰਿਹਾ ਹੈ। ਵਿਦੇਸ਼ ਮੰਤਰਾਲੇ ਮੁਤਾਬਕ ਸੰਨ 2019 ਵਿਚ ਲਗਪਗ ਸੱਤ ਲੱਖ, 2022 ਵਿਚ ਨੌਂ ਲੱਖ ਵਿਦਿਆਰਥੀ ਉੱਚ ਸਿੱਖਿਆ ਲਈ ਵਿਦੇਸ਼ ਗਏ ਸਨ, ਥੇ ਹੀ 2024 ਵਿਚ ਹੁਣ ਤੱਕ ਲਗਪਗ



13.50 ਲੱਖ ਵਿਦਿਆਰਥੀਆਂ ਨੇ ਪੜ੍ਹਾਈ ਲਈ ਵਿਦੇਸ਼ ਦਾ ਰੁਖ਼ ਕੀਤਾ ਹੈ। ਇਨ੍ਹਾਂ 'ਚੋਂ ਲਗਪਗ 4.50 ਲੱਖ ਵਿਦਿਆਰਥੀ ਕੈਨੇਡਾ, 3.50 ਲੱਖ ਅਮਰੀਕਾ ਤੇ 1.85 ਲੱਖ ਵਿਦਿਆਰਥੀ ਬਰਤਾਨੀਆ ਗਏ ਹਨ। ਪੜ੍ਹਾਈ ਲਈ ਆਸਟ੍ਰੇਲੀਆ, ਜਰਮਨੀ, ਚੀਨ, ਸਿੰਗਾਪੁਰ, ਨਿਊਜ਼ੀਲੈਂਡ, ਜਾਰਜੀਆ, ਯੂਕਰੇਨ, ਫਿਲਪੀਨ ਆਦਿ ਦੇਸ਼ਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵੀ ਚੰਗੀ-ਖ਼ਾਸੀ ਹੈ। ਲਗਪਗ 108 ਦੇਸ਼ਾਂ ਵਿਚ ਭਾਰਤੀ ਵਿਦਿਆਰਥੀ ਹਾਲੇ ਅਧਿਐਨ ਕਰ ਰਹੇ ਹਨ। ਬੀਤੀ ਸਦੀ ਦੇ ਅੱਠਵੇਂ-ਨੌਵੇਂ ਦਹਾਕੇ ਤੱਕ ਮੰਨਿਆ ਜਾਂਦਾ ਸੀ ਕਿ ਪ੍ਰਤਿਭਾ-ਪਲਾਇਨ ਵੱਡਾ ਸਮਾਜਿਕ ਸਰੋਕਾਰ ਹੈ ਤੇ ਕੌਮੀ ਹਿੱਤਾਂ ਨੂੰ ਢਾਹ ਲਾਉਂਦਾ ਹੈ। ਫਿਰ ਉਦਾਰੀਕਰਨ ਦੇ ਦੌਰ 'ਚ ਇਹ ਮੰਨਿਆ ਜਾਣ ਲੱਗਾ ਕਿ ਵਿਦੇਸ਼ ਵਿਚ ਪੜ੍ਹਨ, ਨੌਕਰੀ ਕਰਨ ਆਦਿ ਨਾਲ ਦੇਸ਼ ਦੇ ਵਿਦੇਸ਼ੀ ਕਰੰਸੀ ਭੰਡਾਰ ਵਿਚ ਵਾਧਾ ਹੁੰਦਾ ਹੈ ਪਰ ਹੁਣ ਵਿਦੇਸ਼ ਵਿਚ ਪੜ੍ਹਾਈ 'ਤੇ ਖ਼ਰਚ ਕੀਤੇ ਜਾਣ ਵਾਲੇ ਧਨ ਅਤੇ ਉੱਥੇ ਨੌਕਰੀ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਵੱਲੋਂ ਭੇਜੀ ਜਾਣ ਵਾਲੀ ਰਕਮ ਦਾ ਫ਼ਰਕ ਕਾਫ਼ੀ ਘੱਟ ਹੁੰਦਾ ਜਾ ਰਿਹਾ ਹੈ।


ਪੜ੍ਹਾਈ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧੇ ਨਾਲ ਦੇਸ਼ ਨੂੰ ਪ੍ਰਤਿਭਾ ਤੇ ਪੈਸੇ-ਧੇਲੇ, ਦੋਵਾਂ ਦਾ ਨੁਕਸਾਨ ਹੋ ਰਿਹਾ ਹੈ। ਇਹ ਸਥਿਤੀ ਇਸ ਲਈ ਵੀ ਚਿੰਤਾਜਨਕ ਹੈ ਕਿ ਇਸ ਨਾਲ ਉਦਯੋਗ-ਧੰਦਿਆਂ ਤੇ ਸੰਸਥਾਵਾਂ ਨੂੰ ਸਮਰੱਥ ਤੇ ਕੁਸ਼ਲ ਕਿਰਤ ਸ਼ਕਤੀ ਦੀ ਘਾਟ ਦੀ ਸਮੱਸਿਆ ਵੀ ਆ ਸਕਦੀ ਹੈ। ਭਾਰਤੀ ਵਿਦਿਆਰਥੀ ਆਕਰਸ਼ਕ ਨੌਕਰੀਆਂ, ਸੁਵਿਧਾਜਨਕ ਜੀਵਨ-ਸ਼ੈਲੀ, ਅਨੁਕੂਲ ਕਾਰਜ-ਸੰਸਕ੍ਰਿਤੀ ਤੇ ਅਖ਼ੀਰ 'ਚ ਉੱਥੇ ਹੀ ਵਸ ਜਾਣ ਦੀ ਚਾਹਤ ਨਾਲ ਵਿਦੇਸ਼ ਦਾ ਰੁਖ਼ ਕਰਦੇ ਹਨ ਪਰ ਬਹੁਤ ਸਾਰੇ ਅਜਿਹੇ ਵਿਦਿਆਰਥੀ ਵੀ ਹਨ ਜੋ ਗੁਣਵੱਤਾਪੂਰਨ ਸਿੱਖਿਆ, ਖੋਜ ਤੇ ਅਧਿਐਨ ਦੇ ਬਿਹਤਰ ਮੌਕ, ਮਨਚਾਹੇ ਅਤੇ ਰੁਜ਼ਗਾਰਮੁਖੀ ਵਿਸ਼ਿਆਂ ਦੀ ਉਪਲਬਧਤਾ, ਉਤਪਾਦਕ ਅਤੇ ਅਨੁਸ਼ਾਸਿਤ ਵਿੱਦਿਅਕ ਮੁਹਾਂਦਰੇ, ਵਿਦਿਆਰਥੀ-ਅਧਿਆਪਕ ਦੇ ਸੰਤੁਲਿਤ ਅਨੁਪਾਤ, ਸਮੇਂ 'ਤੇ ਕੋਰਸ ਪੂਰਾ ਹੋਣ ਦੀ ਨਿਸ਼ਚਤਤਾ ਆਦਿ ਕਾਰਨ ਅਧਿਐਨ ਲਈ ਵਿਦੇਸ਼ ਜਾਂਦੇ ਹਨ। ਇਹ ਸਵੀਕਾਰ ਕਰਨਾ ਪਵੇਗਾ ਕਿ ਜ਼ਿਆਦਾਤਰ ਵਿਦਿਆਰਥੀਆਂ ਨੂੰ ਦੇਸ਼ ਦੀਆਂ ਸ਼ਾਨਦਾਰ ਵਿੱਦਿਅਕ ਸੰਸਥਾਵਾਂ ਵਿਚ ਮਨਚਾਹੇ ਵਿਸ਼ਿਆਂ ਦੀ ਪੜ੍ਹਾਈ ਦਾ ਮੌਕਾ ਨਹੀਂ ਮਿਲ ਪਾਉਂਦਾ।

ਅੱਜ ਦੇ ਨੌਜਵਾਨ ਪ੍ਰਯੋਗਵਾਦੀ ਹਨ। ਉਹ ਅਜਿਹੇ ਕੋਰਸ ਚੁਣ ਰਹੇ ਹਨ ਜੋ ਸਨਅਤਾਂ ਦੇ ਅਨੁਰੂਪ ਤੇ ਬਦਲਦੀ ਤਕਨੀਕ ਦੇ ਹਾਣੀ ਹੋਣ। ਹਾਲਾਂਕਿ ਭਾਰਤੀ ਯੂਨੀਵਰਸਿਟੀਆਂ ਵਿਚ ਵੀ ਨਵੇਂ-ਨਵੇਂ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ ਪਰ ਇਸ ਦੀ ਪ੍ਰਕਿਰਿਆ ਮੱਠੀ ਹੋਣ ਦੇ ਨਾਲ-ਨਾਲ ਉਹ ਪਛੜੇਵੇਂ ਦੇ ਸ਼ਿਕਾਰ ਵੀ ਹਨ।

**-ਪ੍ਰਣਯ ਕੁਮਾਰ**




# ਮੂੰਗਫ਼ਲੀ ਦੀ ਖੇਤੀ ਕਰਨ ਵਾਲੇ ਕਿਸਾਨ ਤੋਂ ਅਮਰੀਕਾ ਦੇ ਰਾਸ਼ਟਰਪਤੀ ਦਾ ਸਫਰ


ਜਿਮੀ ਕਾਰਟਰ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਦਾ ਦੇਹਾਂਤ ਹੋ ਗਿਆ ਹੈ। ਉਹ 100 ਸਾਲ ਦੇ ਸਨ। ਕਾਰਟਰ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਲੰਮੀ ਉਮਰ ਭੋਗ ਕੇ ਮਰਨ ਵਾਲੇ ਸਾਬਕਾ ਅਮਰੀਕੀ ਰਾਸ਼ਟਰਪਤੀ ਸਨ। ਉਨ੍ਹਾਂ ਨੇ ਹਾਲ ਹੀ 'ਚ ਅਕਤੂਬਰ ਮਹੀਨੇ ਆਪਣਾ 100ਵਾਂ ਜਨਮਦਿਨ ਮਨਾਇਆ ਸੀ। ਕਾਰਟਰ ਨੇ ਦੁਨੀਆ ਭਰ ਵਿੱਚ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੀ ਵਕਾਲਤ ਕਰਨ ਦੀ ਪਹਿਲ ਕਰਦੇ ਹੋਏ ਕਾਰਟਰ ਸੈਂਟਰ ਦੀ ਸਥਾਪਨਾ ਕੀਤੀ ਸੀ। ਇਸ ਸੈਂਟਰ ਨੇ ਹੀ ਸਾਬਕਾ ਰਾਸ਼ਟਰਪਤੀ ਦੇ ਦੇਹਾਂਤ ਦੀ ਪੁਸ਼ਟੀ ਕੀਤੀ ਹੈ। ਕਾਰਟਰ ਸੈਂਟਰ ਨੇ ਦੱਸਿਆ ਕਿ ਜਿੰਮੀ ਕਾਰਟਰ ਦਾ ਐਤਵਾਰ ਨੂੰ ਜੌਰਜੀਆ ਵਿਚਲੇ ਉਨ੍ਹਾਂ ਦੇ ਨਿਵਾਸ 'ਤੇ ਦੇਹਾਂਤ ਹੋ ਗਿਆ। ਕਿਸੇ ਸਮੇਂ ਮੂੰਗਫਲੀ ਦੀ ਖੇਤੀ ਕਰਨ ਵਾਲੇ ਕਾਰਟਰ ਨੇ ਰਾਸ਼ਟਰਪਤੀ ਵਜੋਂ ਉਨ੍ਹਾਂ ਅਮਰੀਕੀ ਨੌਜਵਾਨਾਂ ਨੂੰ ਮਾਫ਼ੀ ਦਿੱਤੀ ਸੀ, ਜਿਨ੍ਹਾਂ ਨੇ ਵੀਅਤਨਾਮ ਯੁੱਧ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ।

ਜਲਵਾਯੂ ਤਬਦੀਲੀ ਦੀ ਗੰਭੀਰਤਾ ਨੂੰ ਸਮਝਣ ਵਾਲੇ ਉਹ ਅਮਰੀਕਾ ਦੇ ਪਹਿਲੇ ਆਗੂ ਸਨ। ਅੰਤਰ-ਰਾਸ਼ਟਰੀ ਪੱਧਰ 'ਤੇ, ਉਨ੍ਹਾਂ ਨੇ ਇਜ਼ਰਾਈਲ ਅਤੇ ਮਿਸਰ ਵਿਚਕਾਰ ਸ਼ਾਂਤੀ ਸਮਝੌਤੇ ਕਰਵਾਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਉਨ੍ਹਾਂ ਨੂੰ ਈਰਾਨ ਦੇ ਬੰਧਕ ਸੰਕਟ ਅਤੇ ਅਫ਼ਗਾਨਿਸਤਾਨ 'ਤੇ ਸੋਵੀਅਤ ਸੰਘ ਦੇ ਹਮਲੇ ਵਰਗੇ ਮੁੱਦਿਆਂ ਦੇ ਹੱਲ ਲੱਭਣ ਲਈ ਸੰਘਰਸ਼ ਕਰਨਾ ਪਿਆ। ਕਾਰਟਰ ਨੇ 1979 ਵਿਚ ਚੀਨ ਨਾਲ ਦੋਸਤੀ ਦੀ ਸ਼ੁਰੂਆਤ ਕਰਦਿਆਂ ਐਲਾਨ ਕੀਤਾ ਕਿ ਅਮਰੀਕਾ, ਚੀਨ ਦੇ ਨਾਲ ਰਸਮੀ ਤੌਰ 'ਤੇ ਕੂਟਨੀਤਕ ਸਬੰਧ ਸਥਾਪਿਤ ਕਰੇਗਾ।



ਇਸੇ ਕਾਰਨ ਅਮਰੀਕਾ ਨੂੰ ਤਾਈਵਾਨ ਨਾਲ ਆਪਣੇ ਸਬੰਧ ਤੋੜਨੇ ਪਏ ਅਤੇ ਤਾਈਪੇ ਦਾ ਦੂਤਾਵਾਸ ਵੀ ਬੰਦ ਕਰਨਾ ਪਿਆ।

ਕਾਰਟਰ ਨੇ ਰਾਸ਼ਟਰਪਤੀ ਵਜੋਂ ਆਪਣਾ ਇੱਕ ਕਾਰਜਕਾਲ ਪੂਰਾ ਕੀਤਾ, ਪਰ 1980 ਦੀਆਂ ਚੋਣ ਵਿੱਚ ਰੋਨਾਲਡ ਰੇਗਨ ਤੋਂ ਬੁਰੀ ਤਰ੍ਹਾਂ ਹਾਰ ਗਏ। 1980 ਦੀਆਂ ਚੋਣਾਂ 'ਚ ਕਾਰਟਰ ਨੂੰ ਸਿਰਫ਼ ਛੇ ਸੂਬਿਆਂ ਵਿੱਚ ਹੀ ਜਿੱਤ ਮਿਲੀ ਸੀ। ਕਾਰਟਰ ਨੂੰ ਵਿਸ਼ਵ ਸ਼ਾਂਤੀ, ਜਲਵਾਯੂ ਤਬਦੀਲੀ ਅਤੇ ਮਨੁੱਖੀ ਅਧਿਕਾਰਾਂ ਵਿੱਚ ਮਹੱਤਵਪੂਰਨ ਯੋਗਦਾਨ ਦੇ ਲਈ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਕਾਰਟਰ ਦੀ ਪਤਨੀ ਰੋਸਾਲਿਨ ਦਾ ਨਵੰਬਰ 2023 ਵਿੱਚ ਦੇਹਾਂਤ ਹੋ ਗਿਆ ਸੀ। ਆਪਣੀ ਪਤਨੀ ਨੂੰ ਸ਼ਰਧਾਂਜਲੀ ਦਿੰਦੇ ਹੋਏ, ਕਾਰਟਰ ਨੇ ਲਿਖਿਆ ਸੀ, "ਮੈਂ ਜੋ ਕੁਝ ਵੀ ਪ੍ਰਾਪਤ ਕੀਤਾ ,ਉਸ ਵਿੱਚ ਉਹ ਮੇਰੀ ਬਰਾਬਰ ਦੀ ਭਾਈਵਾਲ ਰਹੀ।" ਕਾਰਟਰ ਚਮੜੀ ਦੇ ਕੈਂਸਰ ਤੋਂ ਪੀੜਤ ਸਨ ਅਤੇ ਇਸ ਦਾ ਇਲਾਜ ਕੀਤਾ ਜਾ ਰਿਹਾ ਸੀ।

ਜਿੰਮੀ ਕਾਰਟਰ ਦਾ ਪੂਰਾ ਨਾਂ ਜੇਮਜ਼ ਅਰਲ ਕਾਰਟਰ ਜੂਨੀਅਰ ਸੀ। ਉਨ੍ਹਾਂ ਦਾ ਜਨਮ 1 ਅਕਤੂਬਰ, 1924 ਨੂੰ ਜੌਰਜੀਆ ਦੇ ਇੱਕ ਛੋਟੇ ਜਿਹੇ ਸ਼ਹਿਰ ਪਲੇਨ੍ਹਸ ਵਿੱਚ ਹੋਇਆ ਸੀ। ਉਹ ਚਾਰ ਭੈਣ-ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ। ਉਨ੍ਹਾਂ ਦੇ ਪਿਤਾ ਮੂੰਗਫ਼ਲੀ ਦੀ ਖੇਤੀ ਕਰਦੇ ਸਨ ਅਤੇ ਉਨ੍ਹਾਂ ਦੀ ਮਾਂ ਪੇਸ਼ੇ ਤੋਂ ਨਰਸ ਸਨ। ਜਿੰਮੀ ਆਪਣੇ ਸਕੂਲ ਦੇ ਦਿਨਾਂ ਦੌਰਾਨ ਸ਼ਾਨਦਾਰ ਬਾਸਕਟਬਾਲ ਖਿਡਾਰੀ ਰਹੇ ਸਨ। ਉਨ੍ਹਾਂ ਨੇ ਸੱਤ ਸਾਲ ਅਮਰੀਕੀ ਜਲ ਸੈਨਾ ਵਿੱਚ ਕੰਮ ਕੀਤਾ ਅਤੇ ਇਸ ਦੌਰਾਨ ਉਨ੍ਹਾਂ ਨੇ ਆਪਣੀ ਭੈਣ ਦੀ ਦੋਸਤ ਰੋਸਾਲੀਨ ਨਾਲ ਵਿਆਹ ਕਰ ਲਿਆ ਸੀ। ਜਿੰਮੀ ਅਮਰੀਕੀ ਜਲ ਸੈਨਾ ਵਿੱਚ ਪਣਡੁੱਬੀ ਅਫ਼ਸਰ ਸਨ। ਪਰ 1953 ਵਿੱਚ ਪਿਤਾ ਦੀ ਮੌਤ ਕਾਰਨ ਉਨ੍ਹਾਂ ਨੂੰ ਘਰ ਪਰਤਣਾ ਪਿਆ ਅਤੇ ਫਿਰ ਉਹ ਖੇਤੀ ਵਿੱਚ ਜੁਟ ਗਏ।

ਖੇਤੀ ਵਿੱਚ ਕਾਰਟਰ ਦਾ ਪਹਿਲਾ ਸਾਲ ਬਹੁਤ ਮਾੜਾ ਰਿਹਾ, ਉਸ ਸਾਲ ਬਹੁਤ ਸੋਕਾ ਪਿਆ ਅਤੇ ਫ਼ਸਲ ਬਰਬਾਦ ਹੋ ਗਈ, ਪਰ ਕਾਰਟਰ ਨੇ ਹਾਰ ਨਹੀਂ ਮੰਨੀ ਅਤੇ ਖੇਤੀ ਨੂੰ ਇੱਕ ਸਫ਼ਲ ਕਾਰੋਬਾਰ ਬਣਾ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਰਾਜਨੀਤੀ ਵਿੱਚ ਵੀ ਹੱਥ ਅਜ਼ਮਾਉਣਾ ਸ਼ੁਰੂ ਕਰ ਦਿੱਤਾ ਅਤੇ ਸਥਾਨਕ ਚੋਣਾਂ ਵਿੱਚ ਜਿੱਤ ਹਾਸਲ ਕੀਤੀ। ਜੌਰਜੀਆ ਤੋਂ ਸੈਨੇਟ ਦੀਆਂ ਚੋਣਾਂ ਲੜਨ ਤੋਂ ਪਹਿਲਾਂ ਉਨ੍ਹਾਂ ਨੇ ਲਾਇਬ੍ਰੇਰੀ ਬੋਰਡ ਦੀ ਚੋਣ ਵੀ ਜਿੱਤੀ ਸੀ।

ਦੋ ਵਾਰ ਸੈਨੇਟ ਦੇ ਲਈ ਚੁਣੇ ਜਾਣ ਤੋਂ ਬਾਅਦ, ਕਾਰਟਰ 1970 ਵਿੱਚ ਜੌਰਜੀਆ ਦੇ ਗਵਰਨਰ ਬਣੇ। ਇਸ ਤੋਂ ਬਾਅਦ ਉਨ੍ਹਾਂ ਨੇ ਨਾਗਰਿਕ ਅਧਿਕਾਰਾਂ ਲਈ ਕਈ ਕੰਮ ਕੀਤਾ। ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਭਾਸ਼ਣ ਵਿੱਚ ਉਨ੍ਹਾਂ ਨੇ ਨਸਲੀ ਵਿਤਕਰੇ 'ਤੇ ਧਿਆਨ ਦਿੱਤਾ। ਉਨ੍ਹਾਂ ਕਿਹਾ, "ਮੈਂ ਤੁਹਾਨੂੰ ਸਾਫ਼-ਸਾਫ਼ ਕਹਿਣਾ ਚਾਹਾਂਗਾ ਕਿ ਨਸਲੀ ਵਿਤਕਰੇ ਦਾ ਦੌਰ ਖ਼ਤਮ ਹੋ ਗਿਆ ਹੈ।"

ਉਨ੍ਹਾਂ ਨੇ ਅਮਰੀਕੀ ਸੰਸਦ ਦੀ ਕੰਧ 'ਤੇ ਮਾਰਟਿਨ ਲੂਥਰ ਕਿੰਗ ਦੀ ਤਸਵੀਰ ਲਗਵਾਈ ਅਤੇ ਇਹ ਯਕੀਨੀ ਬਣਾਇਆ ਕਿ ਅਫ਼ਰੀਕੀ ਮੂਲ ਦੇ ਅਮਰੀਕੀ ਨਾਗਰਿਕ ਸਰਕਾਰੀ ਦਫਤਰਾਂ ਵਿੱਚ ਨਿਯੁਕਤ ਹੋਣ। ਹਾਲਾਂਕਿ, ਕਾਰਟਰ ਨੂੰ ਈਸਾਈਅਤ ਅਤੇ ਉਦਾਰਵਾਦ ਵਿੱਚ ਸੰਤੁਲਿਤ ਬਣਾਕੇ ਰੱਖਣ ਵਿੱਚ ਮੁਸ਼ਕਲ ਹੋਈ ਸੀ। ਜਿਵੇਂ ਕਿ ਜਦੋਂ ਗਰਭਪਾਤ ਕਾਨੂੰਨ ਦਾ ਮੁੱਦਾ ਉਠਿਆ ਤਾਂ ਉਨ੍ਹਾਂ ਨੇ ਗਰਭਪਾਤ ਦੀ ਹਮਾਇਤ ਤਾਂ ਕੀਤੀ ਪਰ ਨਾਲ ਹੀ ਉਨ੍ਹਾਂ ਨੇ ਇਸ ਦੇ ਲਈ ਲੋੜੀਂਦੇ ਫੰਡ ਮੁਹੱਈਆ ਨਹੀਂ ਕਰਵਾਏ। ਰਾਸ਼ਟਰਪਤੀ ਵੱਜੋਂ ਆਪਣੇ ਪਹਿਲੇ ਹੀ ਦਿਨ ਕਾਰਟਰ ਨੇ ਉਨ੍ਹਾਂ ਲੱਖਾਂ ਅਮਰੀਕੀ ਨੌਜਵਾਨਾਂ ਨੂੰ ਮੁਆਫ਼ੀ ਦੇਣ ਦਾ ਐਲਾਨ ਕੀਤਾ, ਜਿਨ੍ਹਾਂ ਨੇ ਵੀਅਤਨਾਮ ਨਾਲ ਹੋਈ ਜੰਗ 'ਤੇ ਜਾਣ ਤੋਂ ਇਨਕਾਰ ਕਰ ਦਿੱਤਾ ਸੀ।

ਉਨ੍ਹਾਂ ਦੇ ਇੱਕ ਵੱਡੇ ਆਲੋਚਕ ਬੈਰੀ ਕੋਲਡਵਾਟਰ ਨੇ ਇਸ ਫੈਸਲੇ ਨੂੰ ਬੇਹੱਦ ਸ਼ਰਮਨਾਕ ਦੱਸਿਆ ਸੀ। ਕਾਰਟਰ ਨੇ ਵੀ ਇਹ ਮੰਨਿਆ ਕਿ ਇਹ ਉਨ੍ਹਾਂ ਲਈ ਸਭ ਤੋਂ ਔਖ਼ਾ ਫ਼ੈਸਲਾ ਸੀ। ਕਾਰਟਰ ਨੇ ਕਈ ਅਹਿਮ ਅਹੁਦਿਆਂ 'ਤੇ ਮਹਿਲਾਵਾਂ ਦੀ ਨਿਯੁਕਤੀ ਕੀਤੀ। ਇਸ ਤੋਂ ਇਲਾਵਾ ਉਹ ਪਹਿਲੇ ਅਮਰੀਕੀ ਰਾਸ਼ਟਰਪਤੀ ਸਨ, ਜਿਨ੍ਹਾਂ ਨੇ ਜਲਵਾਯੂ ਤਬਦੀਲੀ ਨੂੰ ਗੰਭੀਰਤਾ ਨਾਲ ਲਿਆ ਸੀ। ਕਾਰਟਰ ਨੇ ਵ੍ਹਾਈਟ ਹਾਊਸ ਵਿੱਚ ਜੀਨਜ਼ ਅਤੇ ਸਵੈਟਰ ਪਹਿਨਿਆ ਅਤੇ ਗਰਮੀ ਪੈਦਾ ਕਰਨ ਵਾਲੇ ਬਿਜਲੀ ਉਪਕਰਨਾਂ ਨੂੰ ਬੰਦ ਕਰਵਾਇਆ। ਇਹ ਸੁਨੇਹਾ ਦਿੱਤਾ ਕਿ ਬਿਜਲੀ ਯਾਨੀ ਊਰਜਾ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਉਨ੍ਹਾਂ ਨੇ ਛੱਤ 'ਤੇ ਸੋਲਰ ਪੈਨਲ ਲਗਵਾਏ, ਹਾਲਾਂਕਿ ਉਨ੍ਹਾਂ ਤੋਂ ਬਾਅਦ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਵਾਲੇ ਰੋਨਾਲਡ ਰੀਗਨ ਨੇ ਇਹਨਾਂ ਪੈਨਲਾਂ ਨੂੰ ਹਟਵਾ ਦਿੱਤਾ ਸੀ। ਅਮਰੀਕੀ ਅਰਥਚਾਰੇ ਦੀ ਮੰਦੀ ਤੋਂ ਬਾਅਦ ਕਾਰਟਰ ਦੀ ਲੋਕਪ੍ਰਿਅਤਾ ਵੀ ਘਟਣ ਲੱਗੀ। ਉਨ੍ਹਾਂ ਨੇ ਪੈਟਰੋਲ ਅਤੇ ਡੀਜ਼ਲ ਦੀ ਰਾਸ਼ਨਿੰਗ ਸਮੇਤ ਦੇਸ ਨੂੰ ਊਰਜਾ ਸੰਕਟ ਵਿੱਚੋਂ ਕੱਢਣ ਲਈ ਕਈ ਕਦਮ ਚੁੱਕੇ, ਪਰ ਸੰਸਦ ਵਿੱਚ ਉਨ੍ਹਾਂ ਨੂੰ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਯੂਨੀਵਰਸਲ ਹੈਲਥਕੇਅਰ ਸਿਸਟਮ ਵੀ ਸੰਸਦ ਵਿੱਚ ਪਾਸ ਨਹੀਂ ਹੋ ਸਕਿਆ ਅਤੇ ਵਧਦੀ ਬੇਰੁਜ਼ਗਾਰੀ ਅਤੇ ਵਿਆਜ ਦਰਾਂ ਨੇ ਕਾਰਟਰ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ। ਕਾਰਟਰ ਨੇ 1978 ਵਿੱਚ ਮਿਸਰ ਅਤੇ ਇਜ਼ਰਾਈਲ ਵਿਚਕਾਰ ਸਮਝੌਤਾ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਇਸ ਲਈ ਉਨ੍ਹਾਂ ਦੀ ਬਹੁਤ ਪ੍ਰਸ਼ੰਸਾ ਵੀ ਹੋਈ ਸੀ, ਪਰ ਈਰਾਨ ਵਿੱਚ ਅਮ-ਰੀਕੀ ਨਾਗਰਿਕਾਂ ਦੇ ਬੰਧਕ ਸੰਕਟ ਨੇ ਕਾਰਟਰ ਨੂੰ ਪਰੇਸ਼ਾਨ ਕਰ ਦਿੱਤਾ ਸੀ। ਇਸ ਤੋਂ ਇਲਾਵਾ ਅਫ਼ਗਾਨਿਸਤਾਨ 'ਤੇ ਸੋ-ਵੀਅਤ ਸੰਘ ਦੇ ਹਮਲੇ ਨੇ ਵੀ ਉਨ੍ਹਾਂ ਨੂੰ ਸੰਕਟ ਵਿੱਚ ਪਾਇਆ ਸੀ। ਬੰਧਕ ਸੰਕਟ ਨੂੰ ਸੁਲਝਾਉਣ ਲਈ ਕਾਰਟਰ ਨੇ ਈਰਾਨ ਨਾਲ ਕੂਟਨੀਤਕ ਸਬੰਧ ਤੋੜ ਦਿੱਤੇ ਅਤੇ ਉਨ੍ਹਾਂ 'ਤੇ ਕਈ ਪਾਬੰਦੀਆਂ ਵੀ ਲਗਾਈਆਂ।

1980 ਵਿੱਚ, ਉਨ੍ਹਾਂ ਨੂੰ ਆਪਣੀ ਡੈਮੋਕਰੇਟਿਕ ਪਾਰਟੀ ਦੀ ਨਾਮਜ਼ਦਗੀ ਲਈ ਸੀਨੇਟਰ ਐਡਵਰਡ ਕੈਨੇਡੀ ਤੋਂ ਗੰਭੀਰ ਚੁਣੌਤੀ ਦਾ ਸਾਹਮਣਾ ਕੀਤਾ ਅਤੇ ਸਫ਼ਲ ਰਹੇ ਪਰ ਉਸ ਤੋਂ ਬਾਅਦ ਹੋਈ ਚੋਣ ਵਿੱਚ ਸਿਰਫ਼ 41 ਫ਼ੀਸਦੀ ਵੋਟਾਂ ਹੀ ਹਾਸਲ ਕਰ ਸਕੇ। ਰਿਪਬਲਿਕਨ ਪਾਰਟੀ ਦੇ ਰੋਨਾਲਡ ਰੀਗਨ ਨੇ ਉਨ੍ਹਾਂ ਨੂੰ ਚੋਣਾਂ ਵਿੱਚ ਹਰਾ ਦਿੱਤਾ। ਆਪਣੇ ਕਾਰਜਕਾਲ ਦੇ ਆਖ਼ਰੀ ਦਿਨ, ਕਾਰਟਨ ਨੇ ਈਰਾਨ ਬੰਧਕ ਸੰਕਟ ਦੇ ਖ਼ਤਮ ਹੋਣ ਦਾ ਐਲਾਨ ਕੀਤਾ ਪਰ ਬੰਧਕ ਅਮਰੀਕੀ ਨਾਗਰਿਕ ਰਾਸ਼ਟਰਪਤੀ ਰੀਗਨ ਦੇ ਸਹੁੰ ਚੁੱਕ ਸਮਾਗਮ ਤੋਂ ਬਾਅਦ ਹੀ ਈਰਾਨ ਤੋਂ ਅਮਰੀਕਾ ਲਈ ਰਵਾਨਾ ਹੋ ਪਾਏ ਸਨ। ਰਾਸ਼ਟਰਪਤੀ ਦਾ ਅਹੁਦਾ ਛੱਡਣ ਸਮੇਂ ਉਨ੍ਹਾਂ ਦੀ ਪ੍ਰਸਿੱਧੀ ਕਿਸੇ ਵੀ ਹੋਰ ਅਮਰੀਕੀ ਰਾਸ਼ਟਰਪਤੀ ਦੇ ਮੁਕਾਬਲੇ ਸਭ ਤੋਂ ਘੱਟ ਸੀ ਪਰ ਬਾਅਦ ਦੇ ਸਾਲਾਂ ਵਿੱਚ ਉਨ੍ਹਾਂ ਦੀ ਸਾਖ਼ ਵਿੱਚ ਸੁਧਾਰ ਹੋਇਆ। ਕਾਰਟਰ ਨੇ ਅਮਰੀਕੀ ਸਰਕਾਰ ਦੀ ਤਰਫੋਂ ਉੱਤਰੀ ਕੋਰੀਆ ਨਾਲ ਗੱਲਬਾਤ ਕੀਤੀ, ਨਾਲ ਹੀ ਸਾਲ 2002 ਵਿੱਚ ਕਾਰਟਰ ਥੀ ਡੋਰ ਰੁਜ਼ਵੈਲਟ ਅਤੇ ਵੁੱਡਰੋ ਵਿਲਸਨ ਤੋਂ ਬਾਅਦ ਨੋਬਲ ਪੁਰਸਕਾਰ ਜਿੱਤਣ ਵਾਲੇ ਤੀਜੇ ਰਾਸ਼ਟਰਪਤੀ ਬਣੇ। ਉਹ ਅਹੁਦਾ ਛੱਡਣ ਤੋਂ ਬਾਅਦ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲੇ ਪਹਿਲੇ ਰਾਸ਼ਟਰਪਤੀ ਬਣੇ ਸਨ। ਨੋਬਲ ਪੁਰਸਕਾਰ ਸਵੀਕਾਰ ਕਰਨ ਤੋਂ ਬਾਅਦ ਆਪਣੇ ਭਾਸ਼ਣ ਵਿਚ ਕਾਰਟਰ ਨੇ ਕਿਹਾ, "ਧਰਤੀ 'ਤੇ ਸਭ ਤੋਂ ਗੰਭੀਰ ਸਮੱਸਿਆ ਅਮੀਰ ਅਤੇ ਗਰੀਬ ਵਿਚਕਾਰ ਵਧ ਰਿਹਾ ਪਾੜਾ ਹੈ।" ਨੈਲਸਨ ਮੰਡੇਲਾ ਦੇ ਨਾਲ ਉਨ੍ਹਾਂ ਨੇ ਸ਼ਾਂਤੀ ਅਤੇ ਮਨੁੱਖੀ ਅਧਿਕਾਰਾਂ 'ਤੇ ਕੰਮ ਕਰਨ ਵਾਲੇ ਵਿਸ਼ਵ ਆਗੂਆਂ ਦਾ ਸਮੂਹ, 'ਦਿ ਐਲਡਰਜ਼' ਨਾਮ ਦੀ ਇੱਕ ਸੰਸਥਾ ਬਣਾਈ।

ਸੇਵਾਮੁਕਤ ਹੋਣ ਤੋਂ ਬਾਅਦ, ਕਾਰਟਰ ਨੇ ਇੱਕ ਸਧਾਰਨ ਜੀਵਨ ਸ਼ੈਲੀ ਨੂੰ ਤਰਜੀਹ ਦਿੱਤੀ। ਉਨ੍ਹਾਂ ਨੇ ਭੜਕਾਊ ਭਾਸ਼ਣਾਂ ਅਤੇ ਕਾਰਪੋਰੇਟ ਜਗਤ ਤੋਂ ਪਰਹੇਜ਼ ਕੀਤਾ। ਉਹ ਆਪਣੇ ਰਾਸ਼ਟਰਪਤੀ ਕਾਰਜਕਾਲ ਦੇ ਸਮੇਂ ਤੋਂ ਹੀ ਸਾਫ਼ ਕਹਿੰਦੇ ਸਨ ਕਿ ਉਹ ਬਹੁਤ ਸਾਰਾ ਪੈਸਾ ਨਹੀਂ ਕਮਾਉਣਾ ਚਾਹੁੰਦੇ। ਕਾਰਟਰ ਵਲ ਆਫਿਸ ਵਿੱਚ ਆਪਣੇ ਸਮੇਂ ਤੋਂ ਪੈਸਾ ਕਮਾਉਣਾ ਨਹੀਂ ਚਾਹੁੰਦਾ ਸਨ। ਕਾਰਟਰ ਨੇ ਇੱਕ ਵਾਰ ਵਾਸ਼ਿੰਗਟਨ ਪੋਸਟ ਨੂੰ ਕਿਹਾ ਸੀ, "ਇਸ ਵਿੱਚ ਕੀ ਗਲਤ ਹੈ? ਜੋ ਲੋਕ ਪੈਸਾ ਕਮਾਉਂਦੇ ਹਨ ਉਹ ਗਲਤ ਨਹੀਂ ਹਨ। ਪਰ ਅਮੀਰ ਬਣਨ ਦੀ ਮੇਰੀ ਕਦੇ ਵੀ ਇੱਛਾ ਨਹੀਂ ਰਹੀ।" ਵਾਸ਼ਿੰਗਟਨ ਪੋਸਟ ਦੇ ਅਨੁਸਾਰ, ਕਾਰਟਰ ਦੇ ਘਰ ਦੀ ਕੀਮਤ 167,000 ਡਾਲਰ ਸੀ। ਇਹ ਉਨ੍ਹਾਂ ਦੀ ਸੇਵਾ ਵਿੱਚ ਤੈਨਾਤ ਸੀਕਰੇਟ ਸਰਵਿਸ ਦੇ ਵਾਹਨਾਂ ਨਾਲੋਂ ਵੀ ਘੱਟ ਸੀ। ਸਾਲ 2015 ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਉਹ ਕੈਂਸਰ ਤੋਂ ਪੀੜਤ ਹਨ ਅਤੇ ਇਸ ਦਾ ਇਲਾਜ ਚੱਲ ਰਿਹਾ ਹੈ। ਕਾਰਟਰ ਦੇ ਜੀਵਨ ਵਿੱਚ ਧਰਮ ਦਾ ਵਿਸ਼ੇਸ਼ ਸਥਾਨ ਸੀ। ਉਨ੍ਹਾਂ ਨੇ ਇੱਕ ਵਾਰ ਕਿਹਾ ਸੀ, "ਤੁਸੀਂ ਲੋਕ ਸੇਵਾ ਅਤੇ ਧਰਮ ਦੇ ਬੰਧਨ ਨੂੰ ਨਹੀਂ ਤੋੜ ਸਕਦੇ। ਮੈਨੂੰ ਰੱਬ ਅਤੇ ਮੇਰੇ ਰਾਜਨੀਤਿਕ ਫਰਜ਼ ਵਿੱਚ ਕਦੇ ਵੀ ਕੋਈ ਟਕਰਾਅ ਨਹੀਂ ਮਿਲਿਆ ਹੈ।"

# ਸਿਹਤਮੰਦ ਆਦਤਾਂ ਦੇ ਨਾਲ ਕਰੋ ਨਵੇਂ ਸਾਲ 'ਚ ਨਵੀਂ ਸ਼ੁਰੂਆਤ

ਨਵਾਂ ਸਾਲ ਇਕ ਨਵੀਂ ਸ਼ੁਰੂਆਤ ਦਾ ਪ੍ਰਤੀਕ ਹੁੰਦਾ ਹੈ। ਜਿਵੇਂ ਹੀ ਇਕ ਹੋਰ ਸਾਲ ਖ਼ਤਮ ਹੁੰਦਾ ਹੈ, ਲੋਕ ਆਪਣੇ ਜੀਵਨ 'ਚ ਕੁਝ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕਰਦੇ ਹਨ। ਇਹੀ ਸਮਾਂ ਹੁੰਦਾ ਹੈ ਆਪਣੇ ਜੀਵਨ ਨੂੰ ਨਵੀਂ ਦਿਸ਼ਾ ਤੇ ਮਕਸਦ ਦੇਣ ਦਾ। ਸਿਹਤਮੰਦ ਆਦਤਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਇਸ ਪ੍ਰਕਿਰਿਆ ਦਾ ਮਹੱਤਵਪੂਰਨ ਕਦਮ ਹੈ। ਜੇ ਅਸੀਂ ਸਿਹਤਮੰਦ ਆਦਤਾਂ ਨੂੰ ਅਪਣਾਉਣ ਦੀ ਕੋਸ਼ਿਸ਼ ਕਰੀਏ, ਤਾਂ ਇਸ ਨਾਲ ਸਿਰਫ਼ ਸਾਡੀ ਸਿਹਤ ਹੀ ਨਹੀਂ ਸਗੋਂ ਮਨੋਵਿਗਿਆਨਿਕ ਤੇ ਭਾਵਨਾਤਮਕ ਸਿਹਤ 'ਚ ਵੀ ਸੁਧਾਰ ਆ ਸਕਦਾ ਹੈ।

ਨਵੇਂ ਸਾਲ ਦੀ ਸ਼ੁਰੂਆਤ ਮਨੋਵਿਗਿਆਨਿਕ ਸਿਹਤ ਨਾਲ ਵੀ ਜੁੜੀ ਹੋਣੀ ਚਾਹੀਦੀ ਹੈ। ਸਿਹਤਮੰਦ ਜੀਵਨ ਦਾ ਅਰਥ ਸਿਰਫ਼ ਸਰੀਰ ਨਾਲ ਹੀ ਨਾ ਜੁੜਿਆ ਹੋਣਾ ਚਾਹੀਦਾ ਹੈ ਸਗੋਂ ਮਨ ਦੀ ਸਿਹਤ ਵੀ ਮਹੱਤਵਪੂਰਨ ਹੈ। ਤਣਾਅ ਤੇ ਚਿੰਤਾ ਨੂੰ ਘਟਾਉਣ ਲਈ ਮੈਡੀਟੇਸ਼ਨ ਤੇ ਸੰਤੁਲਨ ਨਾਲ ਜਿਊਣਾ ਜ਼ਰੂਰੀ ਹੈ। ਮਨ ਦੀ ਸਿਹਤ 'ਤੇ ਧਿਆਨ ਦੇਣ ਨਾਲ ਆਤਮਿਕ ਸ਼ਕਤੀ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਇੱਥੇ ਟਾਈਮ ਮੈਨੇਜਮੈਂਟ ਤੇ ਮਿਹਨਤ ਦਾ ਸੰਤੁਲਨ ਵੀ ਅਹਿਮ ਹੁੰਦਾ ਹੈ, ਜਿਸ ਨਾਲ ਆਪਣੀ ਪ੍ਰੋਫੈਸ਼ਨਲ ਤੇ ਨਿੱਜੀ ਜ਼ਿੰਦਗੀ 'ਚ ਟਿਕਾਊ ਤੇ ਖ਼ੁਸ਼ੀ ਆ ਸਕਦੀ ਹੈ।

**ਕਸਰਤ ਤੇ ਫਿਟਨੈੱਸ–** ਜਿਸ ਤਰ੍ਹਾਂ ਸਿਹਤਮੰਦ ਖਾਣਾ ਮਹੱਤਵਪੂਰਨ ਹੈ, ਉਸੇ ਤਰ੍ਹਾਂ ਸਰੀਰ ਨੂੰ ਫਿੱਟ ਰੱਖਣਾ ਵੀ ਜ਼ਰੂਰੀ ਹੈ। ਹਰ ਰੋਜ਼ ਕੁਝ ਸਮਾਂ ਕਸਰਤ ਲਈ ਕੱਢਣਾ ਸਿਹਤਮੰਦ ਜੀਵਨ ਲਈ ਜ਼ਰੂਰੀ ਹੈ। ਇਹ ਨਾ ਸਿਰਫ਼ ਸਰੀਰ ਨੂੰ ਤੰਦਰੁਸਤ ਰੱਖਦੀ ਹੈ ਸਗੋਂ ਮਨ ਨੂੰ ਵੀ ਤਾਜ਼ਗੀ ਦਿੰਦੀ ਹੈ। ਕਸਰਤ ਨਾਲ ਸਰੀਰ 'ਚ ਖ਼ੂਨ ਦੀ ਗਤੀਵਿਧੀ ਸਹੀ ਹੁੰਦੀ ਹੈ, ਜੋ ਮਨੁੱਖੀ ਸਰੀਰ ਨੂੰ ਚੁਸਤ ਤੇ ਤੰਦਰੁਸਤ ਬਣਾਉਂਦੀ ਹੈ। ਕਈ ਕਸਰਤਾਂ ਜਿਵੇਂ ਦੌੜਨਾ, ਯੋਗਾ, ਸਾਈਕਲਿੰਗ ਜਾਂ ਜਿੰਮ 'ਚ ਵਰਕਆਊਟ ਕਰਨਾ ਫ਼ਾਇਦੇਮੰਦ ਹਨ।

**ਯੋਜਨਾ ਬਣਾਓ–** ਸਾਲ ਦੀ ਸ਼ੁਰੂਆਤ 'ਚ ਸਵੈ-ਉਪਲੱਬਧੀਆਂ ਅਤੇ ਟੀਚੇ ਲੈ ਕੇ ਰੂਪ-ਰੇਖਾ ਬਣਾਉਣ ਦੀ ਆਦਤ ਮਹੱਤਵਪੂਰਨ ਹਿੱਸਾ ਹੈ। ਬਿਨਾਂ ਕਿਸੇ ਟੀਚੇ ਤੇ ਯੋਜਨਾ ਦੇ ਜੀਵਨ 'ਚ ਅੱਗੇ ਵਧਣਾ ਮੁਸ਼ਕਿਲ ਹੁੰਦਾ ਹੈ। ਖ਼ੁਦ ਲਈ ਟੀਚੇ ਮਿੱਥਣਾ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨਾ ਸਿਹਤਮੰਦ ਜੀਵਨ ਲਈ ਸਿੱਧਾ ਰਸਤਾ ਹੈ। ਇਹ ਸਾਨੂੰ ਆਪਣੇ ਸਮੇਂ ਅਤੇ ਸਰੋਤਾਂ ਦਾ ਕੁਸ਼ਲ ਪ੍ਰਬੰਧ ਕਰਨ 'ਚ ਮਦਦ ਕਰਦਾ ਹੈ। ਸਿਹਤਮੰਦ ਆਦਤਾਂ ਨੂੰ ਆਪਣੀ ਜ਼ਿੰਦਗੀ 'ਚ ਸ਼ਾਮਲ ਕਰਨ ਤੇ ਅੱਗੇ ਵਧਣ ਦੀ ਯੋਜਨਾ ਬਣਾਉਣ ਨਾਲ ਹੀ ਇਹ ਹਕੀਕਤ ਬਣ ਸਕਦੀ ਹੈ। ਨਵੇਂ ਸਾਲ ਦੀ ਸ਼ੁਰੂਆਤ 'ਚ ਆਪਣੇ ਟੀਚੇ ਅਤੇ ਦਿਸ਼ਾ ਨੂੰ ਸਪੱਸ਼ਟ ਰੱਖਣਾ ਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਉਤੇਜਿਤ ਰਹਿਣਾ ਮਹੱਤਵਪੂਰਨ ਹੈ। ਖ਼ੁਦ ਨੂੰ ਪ੍ਰੇਰਿਤ ਕਰਨਾ, ਸਕਾਰਾਤਮਿਕ ਸੋਚ ਰੱਖਣਾ ਤੇ ਆਪਣੀ ਸਿਹਤ ਤੇ ਮਨੋਰਥ ਦੀ ਦਿਸ਼ਾ 'ਚ ਸੁਧਾਰ ਲਿਆਉਣ ਵਾਲੀ ਰਣਨੀਤੀ ਬਣਾਉਣਾ ਬਹੁਤ ਸਹੀ ਤਰੀਕਾ ਹੈ।

**ਸਮਾਜਿਕ ਸਬੰਧ–** ਸਿਹਤਮੰਦ ਜੀਵਨ 'ਚ ਰਿਸ਼ਤੇ ਤੇ ਸਮਾਜਿਕ ਸਬੰਧਾਂ ਨੂੰ ਅਹਿਮੀਅਤ ਦੇਣਾ ਵੀ ਜ਼ਰੂਰੀ ਹੈ। ਅੱਜ ਦੇ ਸਮੇਂ ਵਿਚ ਜਿੱਥੇ ਲੋਕ ਅਕਸਰ ਆਪਣੀ ਨੌਕਰੀ ਤੇ ਹੋਰ ਤਣਾਵਾਂ ਵਿਚ ਰੁੱਝੇ ਰਹਿੰਦੇ ਹਨ, ਉੱਥੇ ਹੀ ਪਰਿਵਾਰ ਤੇ ਦੋਸਤਾਂ ਨਾਲ ਸਮਾਂ ਬਿਤਾਉਣਾ ਜੀਵਨ ਨੂੰ ਖ਼ੁਸ਼ ਤੇ ਤੰਦਰੁਸਤ ਬਣਾਉਂਦਾ ਹੈ। ਪਿਆਰ ਤੇ ਸਹਿਯੋਗ ਸਿਹਤਮੰਦ ਮਨੋਵਿਗਿਆਨਿਕ ਨਾਲ ਜੁੜੇ ਹੋਏ ਹਨ, ਜੋ ਹਰ ਵਿਅਕਤੀ ਨੂੰ ਖ਼ੁਸ਼ ਰਹਿਣ ਦੇ ਸਹਾਰੇ ਦੇਣ ਵਾਲੇ ਹੁੰਦੇ ਹਨ। ਕੰਮ, ਪਰਿਵਾਰ ਤੇ ਮਨੋਰੰਜਨ ਦੇ ਵਿਚਕਾਰ ਸਹੀ ਸੰਤੁਲਨ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਸਿੱਖੋ।

**ਸਿਹਤਮੰਦ ਖਾਣ-ਪੀਣ ਦੀ ਆਦਤ–** ਨਵੇਂ ਸਾਲ 'ਚ ਸਿਹਤਮੰਦ ਜੀਵਨਸ਼ੈਲੀ ਦਾ ਪਹਿਲਾ ਪੜਾਅ ਖਾਣ-ਪੀਣ ਹੋ ਸਕਦਾ ਹੈ। ਸਾਡਾ ਖਾਣਾ ਸਾਡੀ ਸਿਹਤ 'ਤੇ ਸਿੱਧਾ ਪ੍ਰਭਾਵ ਪਾਉਂਦਾ ਹੈ। ਇਸ ਲਈ ਸਿਹਤਮੰਦ ਖ਼ੁਰਾਕ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣਾ ਬਹੁਤ ਜ਼ਰੂਰੀ ਹੈ। ਇਹ ਸਮਝਣਾ ਕਿ ਕਿਹੜੇ ਖਾਣੇ ਸਾਡੇ ਲਈ ਫ਼ਾਇਦੇਮੰਦ ਹਨ ਤੇ ਕਿਹੜੇ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੇ ਹਨ, ਮਹੱਤਵਪੂਰਨ ਹੈ। ਸਿਹਤਮੰਦ ਖਾਣੇ 'ਚ ਤਾਜ਼ਾ ਫਲ, ਸਬਜ਼ੀਆਂ, ਖਣਿਜ, ਵਿਟਾਮਿਨ ਤੇ ਪ੍ਰੋਟੀਨ ਆਦਿ ਸ਼ਾਮਿਲ ਹੋਣੇ ਚਾਹੀਦੇ ਹਨ। ਫਾਸਟ ਫੂਡ ਤੇ ਜੰਕ ਫੂਡ ਤੋਂ ਦੂਰ ਰਹਿਣਾ ਚਾਹੀਦਾ ਹੈ ਕਿਉਂਕਿ ਇਹ ਸਾਡੀ ਸਿਹਤ ਨੂੰ ਖ਼ਤਰੇ 'ਚ ਪਾ ਸਕਦੇ ਹਨ।

ਇਸ ਤਰ੍ਹਾਂ ਨਵੇਂ ਸਾਲ ਨੂੰ ਸਿਹਤਮੰਦ ਆਦਤਾਂ ਦੀ ਸ਼ੁਰੂਆਤ ਦੇ ਤੌਰ 'ਤੇ ਵੇਖਣਾ ਸਾਡੇ ਜੀਵਨ 'ਚ ਖ਼ੁਸ਼ਹਾਲੀ ਤੇ ਤੰਦਰੁਸਤੀ ਲਿਆਉਣ ਦਾ ਜ਼ਰੂਰੀ ਕਦਮ ਹੈ। ਸਿਹਤਮੰਦ ਖਾਣ-ਪੀਣ, ਕਸਰਤ, ਮਨੋਵਿਗਿਆਨਿਕ ਸਿਹਤ, ਸਮਾਜਿਕ ਸਬੰਧ ਤੇ ਟੀਚੇ ਮਿੱਥਣ ਦੀ ਆਦਤ ਸਾਨੂੰ ਪੂਰਨ ਜੀਵਨ ਜਿਊਣ 'ਚ ਮਦਦ ਕਰਦੇ ਹਨ।

# ਬੀਤੇ ਸਾਲ ਸਦੀਵੀ ਵਿਛੋੜਾ ਦੇ ਗਈਆਂ ਕਈ ਨਾਮੀ ਹਸਤੀਆਂ



ਦੁਨੀਆ ਦੇ ਇਸ ਮੇਲੇ ਨੂੰ ਹਰ ਸ਼ਖ਼ਸ ਨੇ ਇੱਕ ਦਿਨ ਅਲਵਿਦਾ ਕਹਿ ਜਾਣਾ ਹੁੰਦਾ ਹੈ ਪ੍ਰੰਤੂ ਬਹੁਤ ਸਾਰੀਆਂ ਅਜਿਹੀਆਂ ਸ਼ਖ਼ਸੀਅਤਾਂ ਆਪਣੇ ਨਾਂ ਨੂੰ ਅਜਿਹੇ ਸਦੀਵੀ ਕੈਨਵਸ ’ਤੇ ਲਿਖ ਜਾਂਦੀਆਂ ਹਨ ਜਿਸ ਨੂੰ ਪੜ੍ਹ ਕੇ ਆਉਣ ਵਾਲੀਆਂ ਪੀੜ੍ਹੀਆਂ ਦਿਸ਼ਾ ਅਤੇ ਦ੍ਰਿਸ਼ਟੀ ਹਾਸਿਲ ਕਰਦੀਆਂ ਹਨ। ਉਨ੍ਹਾਂ ਦੇ ਦੱਸੇ ਮਾਰਗ ’ਤੇ ਤੁਰ ਕੇ ਸਮਾਜ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਸਮਾਜ ਦੀ ਸਮਝ ਹਾਸਿਲ ਕਰਨ ਤੋਂ ਬਾਅਦ ਹਰ ਇੱਕ ਮਨੁੱਖ ਕਲਪਨਾ ਕਰਦਾ ਹੈ ਕਿ ਉਹ ਰਹਿੰਦੀ ਦੁਨੀਆ ਤੱਕ ਜਿਉਂਦਾ ਰਹੇ ਪਰ ਇਹ ਸੰਭਵ ਨਹੀਂ ਹੈ। ਇਸ ਦੇ ਬਦਲ ਵਜੋਂ ਉਹ ਕੁਝ ਅਜਿਹਾ ਕਰਨਾ ਚਾਹੁੰਦਾ ਹੈ ਜਿਸ ਨਾਲ ਉਸਦੀ ਮੌਤ ਤੋਂ ਬਾਅਦ ਵੀ ਉਸਨੂੰ ਯਾਦ ਕੀਤਾ ਜਾਵੇ। ਪ੍ਰਤਿਭਾਵਾਨ ਲੋਕ ਇਸ ਗੱਲ ਨੂੰ ਸਮਝ ਕੇ ਮਿਹਨਤ ਅਤੇ ਲਗਨ ਨਾਲ ਅਜਿਹੇ ਕੰਮ ਕਰਦੇ ਹਨ ਕਿ ਉਹ ਸਰੀਰਕ ਤੌਰ ’ਤੇ ਇਸ ਦੁਨੀਆ ਨੂੰ ਅਲਵਿਦਾ ਕਹਿ ਜਾਂਦੇ ਹਨ ਪਰ ਆਪਣੇ ਕੰਮਾਂ ਕਰਕੇ ਜਿਉਂਦੇ ਰਹਿੰਦੇ ਹਨ। ਉਹ ਸਾਹਿਤਕ, ਰਾਜਨੀਤਕ, ਉਦਯੋਗਿਕ, ਵਿਗਿਆਨਿਕ ਜਾਂ ਹੋਰ ਖੇਤਰਾਂ ਵਿੱਚ ਅਜਿਹੀ ਭੂਮਿਕਾ ਨਿਭਾਉਂਦੇ ਹਨ ਕਿ ਉਨ੍ਹਾਂ ਨੂੰ ਸਦਾ ਯਾਦ ਕੀਤਾ ਜਾਂਦਾ ਹੈ।

### ਉਦਯੋਗਪਤੀ ਰਤਨ ਟਾਟਾ

ਟਾਟਾ ਸੰਨਜ਼ ਦੇ ਸਾਬਕਾ ਚੇਅਰਮੈਨ ਰਤਨ ਟਾਟਾ 9 ਅਕਤੂਬਰ 2024 ਨੂੰ ਅਕਾਲ ਚਲਾਣਾ ਕਰ ਗਏ। ਉਹ ਵੱਡੇ ਉਦਯੋਗਪਤੀ ਅਤੇ ਪਰਉਪਕਾਰੀ ਸਨ। ਉਹ ਬਹੁਤ ਸਾਰੀਆਂ ਚੈਰੀਟੇਬਲ ਸੰਸਥਾਵਾਂ ਦੀ ਅਗਵਾਈ ਕਰਦੇ ਸਨ। ਮਨੁੱਖਤਾ ਦੀ ਭਲਾਈ ਵਾਸਤੇ ਸਿੱਖਿਆ, ਸਿਹਤ ਅਤੇ ਵਾਤਾਵਰਨ ਨੂੰ ਬਿਹਤਰ ਬਣਾਉਣ ਲਈ ਯਤਨਸ਼ੀਲ ਰਹਿੰਦੇ ਸਨ। ਟਾਟਾ ਉਦਯੋਗ ਨੂੰ ਪ੍ਰਫੁਲਿਤ ਕਰਨ ਲਈ ਉਨ੍ਹਾਂ ਨੇ ਦਲੇਰੀ ਨਾਲ ਟਾਟਾ ਟੀ ਨਾਲ ਟੈਟਲੀ, ਟਾਟਾ ਮੋਟਰਜ਼ ਨਾਲ ਜੈਗੁਆਰ ਲੈਂਡ ਰੋਟਰ ਅਤੇ ਅਤੇ ਟਾਟਾ ਸਟੀਲ ਨਾਲ ਕੋਰਸ ਨੂੰ ਹਾਸਿਲ ਕੀਤਾ। ਭਾਰਤ ਕੇਂਦਿਰਤ ਟਾਟਾ ਗਰੁੱਪ ਨੂੰ ਗਲੋਬਲ ਕਰੋਬਾਰ ਵਿੱਚ ਬਦਲਿਆ। ਪਦਮ ਭੂਸ਼ਣ, ਪਦਮ-ਵਿਭੂਸ਼ਣ ਅਤੇ ਅਸਾਮ ਬੈਭਵ ਵਰਗੇ ਸਰਵਉੱਚ ਸਨਮਾਨਾਂ ਤੋਂ ਇਲਾਵਾ ਹੋਰ ਅਨੇਕਾਂ ਸਨਮਾਨਾਂ ਨਾਲ ਸਨਮਾਨਿਤ ਹੋਏ।

### ਡਾ. ਮਨਮੋਹਨ ਸਿੰਘ

ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ 92 ਸਾਲ ਦੀ ਉਮਰ ‘ਚ 26 ਦਸੰਬਰ 2024 ਨੂੰ ਦੇਹਾਂਤ ਹੋ ਗਿਆ। ਆਰਥਿਕ ਸੁਧਾਰਾਂ ਬਾਰੇ ਘੜੀਆਂ ਗਈਆਂ ਨੀਤੀਆਂ ਵਿੱਚ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ। ਉਹ 2004 ਤੋਂ 2014 ਤੱਕ ਯੂਪੀਏ ਸਰਕਾਰ ’ਚ ਦੋ ਵਾਰੀ ਦੇਸ਼ ਦੇ ਪ੍ਰਧਾਨ ਮੰਤਰੀ ਰਹੇ। ਉਨ੍ਹਾਂ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਵਜੋਂ ਸੇਵਾਵਾਂ ਨਿਭਾਈਆਂ ਸਨ। ਇਹ ‘ਪਦਮ ਵਿਭੂਸ਼ਣ’, ‘ਜਵਾਹਰ ਲਾਲ ਨਹਿਰੂ ਜਨਮ ਸ਼ਤਾਬਦੀ’ ਅਤੇ 1993 ਅਤੇ 1994 ’ਚ ਸਾਲ ਦੇ ਬਿਹਤਰੀਨ ਵਿੱਤ ਮੰਤਰੀ ਵਜੋਂ ‘ਏਸ਼ੀਆ ਮਨੀ’ ਐਵਾਰਡ ਨਾਲ ਵੀ ਸਨਮਾਨਿਤ ਸਨ। ਡਾਕਟਰ ਮਨਮੋਹਨ ਸਿੰਘ ਸਹੀ ਰੂਪ ਵਿੱਚ ਸਲਾਹੁਣਯੋਗ ਵਿਚਾਰਕ ਅਤੇ ਦੂਰਦਰਸ਼ੀ ਵਿਦਵਾਨ ਸਨ।

### ਪ੍ਰਸਿੱਧ ਤਬਲਾ ਵਾਦਕ ਜ਼ਾਕਿਰ ਹੁਸੈਨ

15 ਦਸੰਬਰ ਨੂੰ ਭਾਰਤ ਦੇ ਪ੍ਰਸਿੱਧ ਤਬਲਾ ਵਾਦਕ ਜ਼ਾਕਿਰ ਹੁਸੈਨ ਸਵਰਗ ਸਿਧਾਰ ਗਏ। ਉਸਨੇ ਸੰਗੀਤ ਵਿੱਚ 12 ਸਾਲ ਦੀ ਉਮਰ ਵਿੱਚ ਤਬਲੇ ਦੇ ਰੰਗ ਬਿਖੇਰਨਾ ਸ਼ੁਰੂ ਕਰ ਦਿੱਤੇ ਸਨ। ਅਣਥੱਕ ਮਿਹਨਤ ਅਤੇ ਨਵਾਂ ਸਿਰਜਣ ਦੀ ਰੁਚੀ ਕਾਰਨ ਸੋਲੋ ਤਬਲਾ ਵਾਦਨ, ਤਾਲ ਸੰਗਤ, ਤਾਲ ਕਚਹਿਰੀ ਤੇ ਸੰਗੀਤ ਫਿਊਜ਼ਨ ਨੂੰ ਨਵੇਂ ਅਰਥ ਪ੍ਰਦਾਨ ਕੀਤੇ। ਤਬਲਾ ਵਾਦਨ ਨੂੰ ਕਿਸੇ ਵਿਸ਼ੇਸ਼ ਘਰਾਣੇ ਨਾਲ ਬੰਨ੍ਹਣ ਦੀ ਥਾਂ ਹਰ ਘਰਾਣੇ ਦੇ ਚੰਗੇ ਗੁਣ ਗ੍ਰਹਿਣ ਕਰਕੇ ਭਾਰਤੀ ਤਬਲਾ ਵਾਦਨ ਦੀ ਪਰੰਪਰਾ ਨੂੰ ਅਮੀਰ ਕਰਨ ਵਿੱਚ ਨਾ ਭੁੱਲਣਯੋਗ ਭੂਮਿਕਾ ਅਦਾ ਕੀਤੀ। ਉਹਨਾਂ ਨੇ ਅਨੇਕਾਂ ਫਿਲਮਾਂ ਵਿੱਚ ਸੰਗੀਤ ਨਿਰਦੇਸ਼ਨ ਦਾ ਕਾਰਜ ਕੀਤਾ। ਉਹ ਹੋਰਨਾਂ ਅਨੇਕਾਂ ਮਹੱਤਵ ਪੂਰਨ ਇਨਾਮਾਂ ਦੇ ਨਾਲ ਨਾਲ ਪਦਮ ਸ਼੍ਰੀ ਅਤੇ ਪਦਮ ਭੂਸ਼ਨ ਨਾਲ ਸਨਮਾਨਿਤ ਸਨ।

### ਪੰਕਜ ਉਧਾਸ

ਗ਼ਜ਼ਲ ਗਾਇਕ ਪੰਕਜ ਉਧਾਸ 26 ਜਨਵਰੀ ਨੂੰ 72 ਸਾਲ ਦੀ ਉਮਰ ਵਿੱਚ ਅਲਵਿਦਾ ਕਹਿ ਗਏ। ਉਨ੍ਹਾਂ ਨੇ ‘ਨਾਮ’, ‘ਸਾਜਨ’, ‘ਮੋਹਰਾ’ ਸਮੇਤ ਕਈ ਹਿੰਦੀ ਫ਼ਿਲਮਾਂ ਵਿੱਚ ਗਾਇਆ। ਇਹ ਪਦਮ ਸ੍ਰੀ ਨਾਲ ਸਨਮਾਨਿਤ ਸਨ।


### ਨਿਰਮਾਤਾ-ਨਿਰਦੇਸ਼ਕਸ਼ਿਆਮ ਬੈਨੇਗਲ

23 ਦਸੰਬਰ ਨੂੰ ਮਸ਼ਹੂਰ ਪਟਕਥਾ ਲੇਖਕ, ਦਸਤਾਵੇਜ਼ੀ ਫ਼ਿਲਮ ਨਿਰਮਾਤਾ ਅਤੇ ਬਾਲੀਵੁੱਡ ਫਿਲਮ ਨਿਰਦੇਸ਼ਕ ਸ਼ਿਆਮ ਬੈਨੇਗਲ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੇ ਨੌ ਦਿਨ ਪਹਿਲਾਂ ਹੀ ਆਪਣਾ ਜਨਮ ਦਿਨ ਮਨਾਇਆ ਸੀ। ਉਹ ਮਸ਼ਹੂਰ ਅਦਾਕਾਰ ਅਤੇ ਫ਼ਿਲਮ ਨਿਰਦੇਸ਼ਕ ਗੁਰੂ ਦੱਤ ਦਾ ਭਤੀਜਾ ਸੀ। ਉਹਨੂੰ ਸਮਾਜਿਕ ਸਮੱਸਿਆਵਾਂ ਪੇਸ਼ ਕਰਨ ਵਾਲੇ ਸਿਨੇਮੇ ਦਾ ਮੋਢੀ ਮੰਨਿਆ ਜਾਂਦਾ ਹੈ। ਉਸਨੇ ਫਿਲਮਾਂ ਰਾਹੀਂ ਭਾਰਤ ਦੀਆਂ ਸਮਾਜਿਕ ਹਕੀਕਤਾਂ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ। ਉਹ ਅਠਾਰਾਂ ਰਾਸ਼ਟਰੀ ਫ਼ਿਲਮ ਐਵਾਰਡਾਂ, ਇੱਕ ਫਿਲਮ ਫੇਅਰ ਐਵਾਰਡ, ਇੱਕ ਨੰਦੀ ਐਵਾਰਡ, ਪਦਮ ਸ੍ਰੀ, ਪਦਮ ਭੂਸ਼ਨ, ਦਾਦਾ ਸਾਹਿਬ ਫਾਲਕੇ ਤੋਂ ਇਲਾਵਾ ਬਹੁਤ ਸਾਰੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ ਸਨ।

7 ਜਨਵਰੀ ਦੀ ਰਾਤ ਨੂੰ ਪੰਜਾਬੀ ਅਤੇ ਹਿੰਦੀ ਫਿਲਮਾਂ ਦੀ ਬਹੁਰੰਗੀ ਖ਼ੁਸ਼ਮਿਜ਼ਾਜ ਹਸਤੀ ਸੁਰਜੀਤ ਸਿੰਘ ਧਾਮੀ 76 ਸਾਲ ਦੀ ਉਮਰ ਵਿੱਚ ਵਿਛੋੜਾ ਦੇ ਗਏ। ਫ਼ਿਲਮੀ ਜਗਤ ਵਿੱਚ ਉਨ੍ਹਾਂ ਨੂੰ ‘ਦਾਰ ਜੀ’ ਕਰਕੇ ਜਾਣਿਆ ਜਾਂਦਾ ਸੀ।

9 ਜਨਵਰੀ ਨੂੰ ਸ਼ਾਸਤਰੀ ਗਾਇਕ ਉਸਤਾਦ ਰਾਸ਼ਿਦ ਖਾਨ ਦਾ 55 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਉਹ ਰਾਮਪੁਰ-ਸਹਿਸਵਾਨ ਘਰਾਣੇ ਨਾਲ ਸਬੰਧਤ ਸਨ।

15 ਫਰਵਰੀ ਨੂੰ ਦੂਰਦਰਸ਼ਨ ਦੇ ਪ੍ਰਸਿੱਧ ਟੈਲੀਵਿਜ਼ਨ ਸ਼ੋਅ ‘ਉਡਾਣ’ ’ਚ ਮੁੱਖ ਭੂਮਿਕਾ ਨਿਭਾਉਣ ਵਾਲੀ ਅਦਾਕਾਰਾ ਕਵਿਤਾ ਚੌਧਰੀ ਸਦੀਵੀ ਵਿਛੋੜਾ ਦੇ ਗਏ।



ਉਸਨੇ ‘ਯੋਅਰ ਆਨਰ’ ਅਤੇ ‘ਆਈਪੀਐਸ ਡਾਇਰੀਜ਼’ ਵਰਗੇ ਪ੍ਰਸਿੱਧ ਲੜੀਵਾਰ ਬਣਾਏ।

15 ਮਈ ਨੂੰ ਭਾਰਤੀ ਨਾਵਲਕਾਰ, ਨਿਬੰਧਕਾਰ ਅਤੇ ਕਹਾਣੀਕਾਰਾ ਮਾਲਤੀ ਜੋਸ਼ੀ ਅਲਵਿਦਾ ਕਹਿ ਗਏ। ਉਨ੍ਹਾਂ ਨੂੰ 2018 ਵਿੱਚ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ ਗਿਆ।

27 ਮਾਰਚ ਨੂੰ ਪ੍ਰਸਿੱਧ ਗਣਿਤ ਸ਼ਾਸਤਰੀ ਟੀਐਨ ਸੁਬਰਮਣੀਅਮ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੇ ਮੈਥੇਮੈਟਿਕਸ, ਆਟੋਮੋਟਿਵ ਟੈਕਨਾਲੋਜੀ ਅਤੇ ਕੰਪਿਊਟਰ ਸਾਇੰਸ ਵਿੱਚ ਪਾਏਦਾਰ ਯੋਗਦਾਨ ਪਾ ਕੇ ਵਿਸ਼ਵ ਪੱਧਰ ’ਤੇ ਅਮਿੱਟ ਛਾਪ ਛੱਡੀ।

16 ਫਰਵਰੀ ਨੂੰ ਫ਼ਿਲਮ ਦੰਗਲ ਵਿੱਚ ਆਮਿਰ ਖ਼ਾਨ ਦੀ ਧੀ ਬਬੀਤਾ ਫੋਗਾਟ ਦਾ ਕਿਰਦਾਰ ਨਿਭਾਉਣ ਵਾਲੀ ਸੁਹਾਨੀ ਭਟਨਾਗਰ ਦੀ ਮਹਿਜ 19 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਇੱਕ ਐਕਸੀਡੈਂਟ ਕਾਰਨ ਉਸ ਦਾ ਪੈਰ ਟੁੱਟ ਗਿਆ ਸੀ।

26 ਫਰਵਰੀ ਨੂੰ ਕੁਮਾਰ ਸਾਹਨੀ ਅਲਵਿਦਾ ਕਹਿ ਗਏ। ਉਹ ਇੱਕ ਸਿੱਖਿਅਕ, ਲੇਖਕ ਅਤੇ ਨਿਰਦੇਸ਼ਕ ਸਨ। ਉਨ੍ਹਾਂ ਨੇ ਮਾਇਆ ਦਰਪਨ, ਤਰੰਗ, ਖ਼ਿਆਲ ਗਾਥਾ, ਚਾਰ ਅਧਿਆਏ ਅਤੇ ਹੋਰ ਕਈ ਮਹੱਤਵਪੂਰਨ ਫ਼ਿਲਮਾਂ ਦਾ ਨਿਰਦੇਸ਼ਨ ਕੀਤਾ। ਉਨ੍ਹਾਂ ਨੂੰ ਮਾਇਆ ਦਰਪਨ, ਤਰੰਗ ਅਤੇ ਡਾਕੂਮੈਂਟਰੀ ਭਵਨਤਰਨਾ ਲਈ ਰਾਸ਼ਟਰੀ ਪੁਰਸਕਾਰ ਮਿਲਿਆ।

8 ਮਾਰਚ ਨੂੰ ਡੋਲੀ ਸੋਹੀ ਭਾਰਤੀ ਟੈਲੀਵਿਜ਼ਨ ਦੀ ਮਸ਼ਹੂਰ ਅਦਾਕਾਰਾ ਸੀ। ਇਨ੍ਹਾਂ ਦਾ ਦੇਹਾਂਤ ਹੋਇਆ। ਇਹ ‘ਭਾਬੀ’ ਅਤੇ ‘ਕਲਸ਼’ ਵਰਗੇ ਸ਼ੋਆਂ ਵਿੱਚ ਮੁੱਖ ਭੂਮਿਕਾ ਨਿਭਾਉਣ ਕਰਕੇ ਜਾਣੀ ਜਾਂਦੀ ਸੀ। ਇਸ ਨੇ ‘ਮੇਰੀ ਆਸ਼ਿਕੀ ਤੁਮ ਸੇ ਹੀ’, ‘ਝਾਂਸੀ ਕੀ ਰਾਣੀ’ ਅਤੇ ‘ਖ਼ੂਬ ਲੜੀ ਮਰਦਾਨੀ’ ਜਿਹੇ ਸ਼ੋਆਂ ਨਾਲ ਟੈਲੀਵਿਜ਼ਨ ’ਤੇ ਵਾਪਸੀ ਕੀਤੀ।

2 ਮਈ ਨੂੰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਅਤੇ ਪ੍ਰਸਿੱਧ ਜੈਨੇਟਿਕ ਵਿਗਿਆਨੀ ਡਾ. ਮਨਜੀਤ ਸਿੰਘ ਕੰਗ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ। ਇਹ ਪੰਜਾਬ ਦਾ ਮਾਣ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਚੀਵਰਜ਼ ਐਵਾਰਡ ਨਾਲ ਸਨਮਾਨਿਤ ਸਨ।

5 ਨਵੰਬਰ ਨੂੰ ਸ਼ਾਰਦਾ ਸਿਨਹਾ ਦਾ ਦੇਹਾਂਤ ਹੋ ਗਿਆ। ਇਹ ਮੈਥਿਲੀ ਭਾਸ਼ਾ ਦੀ ਲੋਕ ਗਾਇਕਾ ਸਨ। ਇਸ ਨੂੰ ‘ਬਿਹਾਰ ਦੀ ਕੋਇਲ’ ਕਿਹਾ ਜਾਂਦਾ ਸੀ। ਇਹ ਛਠ ਪੂਜਾ ਦੇ ਥੀਮ ਵਾਲੇ ਗਾਣੇ ‘ਹੋ ਦੀਨਾਨਾਥ’ ਦੇ ਮੈਥਿਲੀ ਸੰਸਕਰਣ ਲਈ ਜਾਣੀ ਜਾਂਦੀ ਸੀ। ਇਹ ਮਲਟੀਪਲ ਮਾਈਲੋਮਾ ਨਾਂ ਦੀ ਬੀਮਾਰੀ ਤੋਂ ਪੀੜਤ ਸਨ। ਇਹ ਪਦਮ ਸ੍ਰੀ ਤੇ ਪਦਮ ਭੂਸਣ ਨਾਲ ਸਨਮਾਨਿਤ ਸਨ।

17 ਜਨਵਰੀ 2024 ਨੂੰ ਰਾਜਨੀਤਕ ਖੇਤਰ ’ਚ ਕਾਰਜਸ਼ੀਲ ਰਹੇ ਡਾ. ਬਲਦੇਵ ਰਾਜ ਚਾਵਲਾ 86 ਸਾਲ ਦੀ ਉਮਰ ਵਿੱਚ ਅਲਵਿਦਾ ਕਹਿ ਗਏ। ਇਹ ਆਰੰਭ ਤੋਂ ਆਖੀਰ ਤੱਕ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਰਹੇ। ਭਾਜਪਾ ਤੇ ਅਕਾਲੀ ਦਲ ਗਠਜੋੜ ਦੀ ਸਰਕਾਰ ਸਮੇਂ 2002 ਵਿੱਚ ਇਹ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿੱਚ ਸਿਹਤ ਮੰਤਰੀ ਰਹੇ।

27 ਜਨਵਰੀ ਨੂੰ ਹਰਮੋਹਨ ਧਵਨ ਦਾ 83 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਇਹ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਸਿਆਸੀ ਆਗੂ ਸਨ। ਇਹ ਮਰਹੂਮ ਚੰਦਰ ਸ਼ੇਖਰ ਦੀ ਸਰਕਾਰ ਵਿੱਚ ਸ਼ਹਿਰੀ ਹਵਾਬਾਜ਼ੀ ਮੰਤਰੀ ਰਹੇ। ਬਾਅਦ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ ਸਨ।

25 ਅਪ੍ਰੈਲ ਨੂੰ ਸੁਰਜੀਤ ਸਿੰਘ ਮਿਨਹਾਸ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਇਨ੍ਹਾਂ ਨੇ ਪੰਜਾਬ ਦੇ ਸੰਸਦੀ ਮਾਮਲਿਆਂ ਅਤੇ ਸਿੰਜਾਈ ਤੇ ਬਿਜਲੀ ਵਿਭਾਗਾਂ ਦੇ ਰਾਜ ਮੰਤਰੀ ਦੇ ਤੌਰ ’ਤੇ ਸੇਵਾਵਾਂ ਨਿਭਾਈਆਂ। 1986 ਤੋਂ 1992 ਤੱਕ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਹੇ। ਇਹ ਵੱਖ-ਵੱਖ ਰਾਜਨੀਤਕ ਅੰਦੋਲਨਾਂ ਵਿੱਚ ਸ਼ਾਮਿਲ ਰਹੇ।

10 ਅਗਸਤ ਨੂੰ 95 ਸਾਲ ਦੀ ਉਮਰ ਵਿੱਚ ਨਟਵਰ ਸਿੰਘ ਸੰਸਾਰ ਨੂੰ ਅਲਵਿਦਾ ਆਖ ਗਏ। ਉਹ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਵਿੱਚ ਵਿਦੇਸ਼ ਮੰਤਰੀ ਰਹੇ। ਉਹ ਇੱਕ ਭਾਰਤੀ ਡਿਪਲੋਮੈਟ ਅਤੇ ਦਿੱਗਜ਼ ਕਾਂਗਰਸੀ ਸਿਆਸਤਦਾਨ ਸਨ। ਇਨ੍ਹਾਂ ਨੇ ਅਮਰੀਕਾ ਅਤੇ ਸੰਯੁਕਤ ਰਾਸ਼ਟਰ ’ਚ ਭਾਰਤ ਦੇ ਰਾਜਦੂਤ ਵਜੋਂ ਕੰਮ ਕੀਤਾ। ਇਨ੍ਹਾਂ ਨੇ ‘ਦਿ ਲੈਗੇਸੀ ਆਫ਼ ਨਹਿਰੂ:ਏ ਮੈਮੋਰੀਅਲ ਟਿਬਿਊਟ’, ‘ਟੇਲਜ਼ ਫਰੌਮ ਮਾਡਰਨ ਇੰਡੀਆ’, ‘ਟ੍ਰੇਜ਼ਰਡ ਐਪੀਸਟਲਜ਼’ ਅਤੇ ਆਪਣੀ ਸਵੈ-ਜੀਵਨੀ ‘ਵਨ ਲਾਈਫ਼ ਇਜ਼ ਨਾਟ ਇਨਫ’ ਸਮੇਤ ਦਰਜਨ ਦੇ ਕਰੀਬ ਪੁਸਤਕਾਂ ਲਿਖੀਆਂ। ਇਹ ਪਦਮ ਵਿਭੂਸ਼ਣ ਸਨਮਾਨ ਨਾਲ ਸਨਮਾਨਿਤ ਸਨ।

25 ਜੂਨ ਨੂੰ ਕਮਲ ਚੌਧਰੀ ਰੁਖ਼ਸਤ ਹੋ ਗਏ। ਉਹ ਇੱਕ ਸੁਲਝੇ ਹੋਏ ਸਿਆਸਤਦਾਨ ਅਤੇ ਭਾਰਤੀ ਹਵਾਈ ਸੈਨਾ ਦੇ ਲੜਾਕੂ ਪਾਇਲਟ ਸਨ। 1985 ਵਿੱਚ ਆਪਣੇ ਪਿਤਾ ਸੁਤੰਤਰਤਾ ਸੈਨਾਨੀ ਅਤੇ ਉੱਘੇ ਸਮਾਜਵਾਦੀ ਨੇਤਾ ਚੌਧਰੀ ਬਲਵੀਰ ਸਿੰਘ ਦੀ ਅੱਤਵਾਦੀਆਂ ਦੁਆਰਾ ਹੱਤਿਆ ਤੋਂ ਬਾਅਦ ਸਿਆਸਤ ਵਿੱਚ ਆਏ। ਇਨ੍ਹਾਂ ਦੇ ਪਿਤਾ ਵੀ ਐਮਪੀ ਅਤੇ ਵਿਧਾਇਕ ਰਹੇ ਸਨ। ਉਹ ਤਿੰਨ ਵਾਰ ਕਾਂਗਰਸ ਅਤੇ ਇੱਕ ਵਾਰ ਭਾਜਪਾ ਦੀ ਸੀਟ ਤੋਂ ਲੋਕ ਸਭਾ ਮੈਂਬਰ ਬਣੇ। ਰੱਖਿਆ ਬਾਰੇ ਸਥਾਈ ਕਮੇਟੀ ਅਤੇ ਪਬਲਿਕ ਅੰਡਰਟੇਕਿੰਗਜ਼ ਬਾਰੇ ਕਮੇਟੀ ਦੇ ਚੇਅਰਮੈਨ ਰਹੇ।

29 ਅਗਸਤ ਨੂੰ ਸਾਬਕਾ ਮੰਤਰੀ ਸੁਰਜੀਤ ਸਿੰਘ ਕੋਹਲੀ ਅਕਾਲ ਚਲਾਣਾ ਕਰ ਗਏ। ਇਹ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਵਿੱਚ ਕੈਬਨਿਟ ਮੰਤਰੀ ਰਹੇ ਸਨ। ਇਨ੍ਹਾਂ ਨੇ ਪੰਜਾਬ ਵਿਧਾਨ ਸਭਾ ਵਿੱਚ ਪਟਿਆਲਾ ਦੀ ਨੁਮਾਇੰਦਗੀ ਕੀਤੀ। ਸੁਰਜੀਤ ਸਿੰਘ ਕੋਹਲੀ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਮਿਊਂਸਪਲ ਕੌਂਸਲਰ ਤੋਂ ਕੀਤੀ ਸੀ, ਬਾਅਦ ਵਿੱਚ



ਇਹ ਪੰਜਾਬ ਦੇ ਰਾਜ ਮੰਤਰੀ ਬਣੇ।

12 ਸਤੰਬਰ ਨੂੰ ਭਾਰਤੀ ਮਾਰਕਸਵਾਦੀ ਸਿਆਸਤਦਾਨ ਅਤੇ ਸੀਪੀਆਈ (ਐਮ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਅਲਵਿਦਾ ਕਹਿ ਗਏ। 2005 ਤੋਂ 2017 ਤੱਕ ਪੱਛਮੀ ਬੰਗਾਲ ਤੋਂ ਰਾਜ ਸਭਾ ਮੈਂਬਰ ਰਹੇ। ਇਹ 1974 ਵਿੱਚ ਸਟੂਡੈਂਟ ਫੈਡਰੇਸ਼ਨ ਆਫ਼ ਇੰਡੀਆ ਵਿੱਚ ਸ਼ਾਮਿਲ ਹੋਏ ਸਨ। ਖੱਬੇ-ਪੱਖੀ ਸਿਆਸਤ ਵਿੱਚ ਹਰਕ੍ਰਿਸ਼ਨ ਸਿੰਘ ਸੁਰਜੀਤ ਤੋਂ ਬਾਅਦ ਸਭ ਤੋਂ ਵੱਧ ਚਰਚਿਤ ਚਿਹਰਾ ਸੀਤਾ ਰਾਮ ਯੇਚੁਰੀ ਰਹੇ ਹਨ। ਉਹ ਤੇਲਗੂ, ਹਿੰਦੀ, ਤਾਮਿਲ, ਬੰਗਲਾ ਤੇ ਮਲਿਆਲਮ ਭਾਸ਼ਾਵਾਂ ਨੂੰ ਪੂਰੀ ਰਵਾਨੀ ਨਾਲ ਬੋਲ ਲੈਂਦੇ ਸਨ। ਉਹ ‘ਹਿੰਦੋਸਤਾਨ ਟਾਈਮਜ਼’ ਲਈ ਲਗਾਤਾਰ ‘ਲੈਫ਼ਟ ਹੈਂਡ ਡਰਾਇਵ’ ਨਾਂ ਦਾ ਕਾਲਮ ਲਿਖਦੇ ਰਹੇ ਹਨ। ਯੇਚੁਰੀ ਰਾਜਨੀਤੀ ਵਿੱਚ ਮੌਲਿਕ ਅਧਿਕਾਰਾਂ ਦੀ ਲੜਾਈ ਲੜਨ ਵਾਲੇ ਮਹੱਤਵਪੂਰਨ ਚਿਹਰੇ ਸਨ।

27 ਫਰਵਰੀ ਨੂੰ ਦੇਸ਼ ਦੇ ਸਭ ਤੋਂ ਬਜ਼ੁਰਗ ਲੋਕ ਸਭਾ ਮੈਂਬਰ ਸ਼ਫੀਕਉਰ ਰਹਿਮਾਨ ਬਾਰਕ ਦਾ ਦੇਹਾਂਤ ਹੋ ਗਿਆ। ਉਹ ਸਮਾਜਵਾਦੀ ਪਾਰਟੀ ਨਾਲ ਸਬੰਧਿਤ ਸਿਆਸਤਦਾਨ ਸਨ। ਉਹ ਮੁਰਾਦਾਬਾਦ ਅਤੇ ਸੰਭਲ ਤੋਂ ਚਾਰ ਵਾਰ ਵਿਧਾਇਕ ਅਤੇ ਪੰਜ ਵਾਰ ਲੋਕ ਸਭਾ ਮੈਂਬਰ ਚੁਣੇ ਗਏ। ਬਾਰਕ ਉਸ ਸਮੇਂ ਚਰਚਾ ਵਿੱਚ ਆਇਆ ਜਦੋਂ ਉਸ ਨੇ ਲੋਕ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕਣ ਬਾਅਦ ਐਲਾਨ ਕੀਤਾ ਕਿ ਵੰਦੇ ਮਾਤਰਮ ਇਸਲਾਮ ਦੇ ਵਿਰੁੱਧ ਹੈ ਅਤੇ ਮੁਸਲਮਾਨ ਇਸ ਦਾ ਪਾਲਣ ਨਹੀਂ ਕਰ ਸਕਦੇ। ਉਨ੍ਹਾਂ ਦੀ ਹੋਰ ਵੀ ਕਈ ਮੁੱਦਿਆਂ ’ਤੇ ਤਿੱਖੀ ਆਲੋਚਨਾ ਹੁੰਦੀ ਰਹੀ ਹੈ।

22 ਮਾਰਚ ਪਾਕਿਸਤਾਨ ਦੇ ਸਾਬਕਾ ਟੈਸਟ ਕਪਤਾਨ ਸਈਅਦ ਅਹਿਮਦ ਦਾ ਦੇਹਾਂਤ ਹੋ ਗਿਆ। ਉਹ ਆਪਣੇ ਸਮੇਂ ਦੇ ਧਮਾਕੇਦਾਰ ਬੱਲੇਬਾਜ਼ ਸਨ। ਉਨ੍ਹਾਂ ਦੀ ਉਮਰ 86 ਸਾਲ ਸੀ। ਇਸਨੇ ਰਾਸ਼ਟਰੀ ਟੀਮ ਦੀ ਕਪਤਾਨੀ ਕੀਤੀ ਪਰ ਬਾਅਦ ਵਿੱਚ ਕ੍ਰਿਕਟ ਛੱਡ ਕੇ ਪ੍ਰਚਾਰਕ ਬਣ ਗਿਆ ਅਤੇ ਤਬਲੀਗੀ ਜਮਾਤ ਦਾ ਮੈਂਬਰ ਬਣ ਗਿਆ।

**(ਬਾਕੀ ਸਫਾ 20 ‘ਤੇ)**



# ਦਹਿਸ਼ਤਗਰਦੀ ਦਾ ਨਵਾਂ ਤਰੀਕਾ- ਨਿਊ ਓਰਲਿਨਜ਼ 'ਚ 15 ਲੋਕਾਂ ਨੂੰ ਟਰੱਕ ਨਾਲ ਦਰੜ ਕੇ ਕਤਲ ਕਰਨਾ

ਅਮਰੀਕਾ ਦੇ ਨਿਊ ਓਰਲਿਨਜ਼ ਵਿੱਚ ਨਵੇਂ ਸਾਲ ਦੀ ਪਹਿਲੀ ਸਵੇਰ ਹੋਣ ਤੋਂ ਕੁਝ ਸਮਾਂ ਪਹਿਲਾਂ ਇੱਕ ਟਰੱਕ ਡਰਾਈਵਰ ਨੇ ਜਾਣਬੁੱਝ ਕੇ 15 ਲੋਕਾਂ ਦੀ ਜਾਨ ਲੈ ਲਈ। ਨਿਊ ਓਰਲਿਨਜ਼ ਦੀ ਮਸ਼ਹੂਰ ਬਾਰਬਨ ਸਟ੍ਰੀਟ 'ਤੇ ਨਵੇਂ ਸਾਲ ਮੌਕੇ ਲੋਕਾਂ ਦੀ ਚਹਿਲ-ਪਹਿਲ ਸੀ। ਉਸੇ ਸਮੇਂ ਇੱਕ ਟਰੱਕ ਲੋਕਾਂ ਨੂੰ ਲਤਾੜਦਾ ਹੋਇਆ ਭੀੜ ਤੱਕ ਪਹੁੰਚਿਆ। ਪੁਲਿਸ ਦਾ ਕਹਿਣਾ ਹੈ ਕਿ ਇਸ ਘਟਨਾ ਵਿੱਚ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ ਹੈ ਅਤੇ 35 ਦੇ ਕਰੀਬ ਜ਼ਖਮੀ ਹੋਏ ਹਨ। ਪੁਲਿਸ ਮੁਤਾਬਕ ਡਰਾਈਵਰ ਨੇ ਜਾਣਬੁੱਝ ਕੇ ਟਰੱਕ ਭੀੜ ਵਿੱਚ ਭਜਾਇਆ ਅਤੇ ਇਸ ਤੋਂ ਬਾਅਦ ਉਸ ਨੇ ਟਰੱਕ ਅੰਦਰੋਂ ਫਾਇਰਿੰਗ ਸ਼ੁਰੂ ਕਰ ਦਿੱਤੀ। ਅਮਰੀਕੀ ਮੀਡੀਆ ਮੁਤਾਬਕ ਸ਼ੱਕੀ ਟਰੱਕ ਡਰਾਈਵਰ ਦੀ ਪੁਲਿਸ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਸਥਾਨਕ ਪੁਲਿਸ ਮੁਖੀ ਅਨੇ ਕ੍ਰਿਕਪੈਟਰਿਕ ਨੇ ਕਿਹਾ ਕਿ ਸ਼ੱਕੀ ਵਿਅਕਤੀ ਤੇਜ਼ ਰਫ਼ਤਾਰ ਨਾਲ ਪਿਕਅੱਪ ਟਰੱਕ ਚਲਾ ਰਿਹਾ ਸੀ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਦਰੜਨ ਦੀ ਕੋਸ਼ਿਸ਼ ਕਰ ਰਿਹਾ ਸੀ।

ਸਥਾਨਕ ਸਮੇਂ ਮੁਤਾਬਕ ਤੜਕੇ 3:15 ਵਜੇ, ਇੱਕ ਵਿਅਕਤੀ ਨੇ ਬਾਰਬਨ ਸਟਰੀਟ 'ਤੇ ਭੀੜ ਵਿੱਚ ਤੇਜ਼ ਰਫਤਾਰ ਨਾਲ ਇੱਕ ਪਿਕਅੱਪ ਟਰੱਕ ਚੜ੍ਹਾ ਦਿੱਤਾ ਅਤੇ ਇਸ ਤੋਂ ਬਾਅਦ ਉਸ ਨੇ ਆਪਣੇ ਵਾਹਨ 'ਚੋਂ ਪੁਲਿਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਟਰੱਕ ਨਾਲ ਕੁਚਲੇ ਜਾਣ ਕਾਰਨ 15 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਘੱਟੋ-ਘੱਟ 35 ਹੋਰ ਲੋਕ ਜ਼ਖਮੀ ਹੋ ਗਏ। ਜ਼ਖਮੀਆਂ 'ਚ ਦੋ ਪੁਲਿਸ ਅਧਿਕਾਰੀ ਵੀ ਸ਼ਾਮਲ ਹਨ। ਨਿਊ ਰਲਿਨਜ਼ ਪੁਲਿਸ ਅਧਿਕਾਰੀ ਅਨੇ ਕਿਰਕਪੈਟਰਿਕ ਨੇ ਕਿਹਾ ਕਿ ਸ਼ੱਕੀ ਡਰਾਈਵਰ ਵੱਧ ਤੋਂ ਵੱਧ ਲੋਕਾਂ ਦੀ ਜਾਨ ਲੈਣਾ ਚਾਹੁੰਦਾ ਸੀ। ਉਨ੍ਹਾਂ ਦੱਸਿਆ, "ਇਹ ਘਟਨਾ ਸਥਾਨਕ ਸਮੇਂ ਅਨੁਸਾਰ ਤੜਕੇ ਸਵਾ ਤਿੰਨ ਵਜੇ ਵਾਪਰੀ। ਉਸਨੇ ਬੈਰੀਕੇਡ ਨੂੰ ਵੀ ਟੱਕਰ ਮਾਰੀ ਅਤੇ ਫਿਰ ਗੋਲੀ ਚਲਾ ਕੇ ਦੋ ਪੁਲਿਸ ਅਧਿਕਾਰੀਆਂ ਨੂੰ ਜ਼ਖਮੀ ਕਰ ਦਿੱਤਾ।"

ਐੱਫ਼ਬੀਆਈ ਨੇ ਇਸ ਘਟਨਾ ਦੀ ਜਾਂਚ ਆਪਣੇ ਹੱਥ ਵਿੱਚ ਲੈ ਲਈ ਹੈ। ਪੂਰੇ ਮਾਮਲੇ ਦੀ ਜਾਂਚ ਅੱਤਵਾਦੀ ਹਮਲਾ ਹੋਣ ਦੀ ਸੰਭਾਵਨਾ ਦੇ ਮੱਦੇਨਜ਼ਰ ਵੀ ਕੀਤੀ ਜਾ ਰਹੀ ਹੈ। ਲੁਇਜ਼ਿਆਨਾ ਦੇ ਸੀਨੀਅਰ ਅਟਾਰਨੀ ਲਿਜ਼ ਮੁਰਿਲ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਲਿਖਿਆ- "ਸਾਡੇ ਵਿੱਚੋਂ ਬਹੁਤ ਸਾਰੇ ਨਿਊ ਓਰਲਿਨਜ਼ ਵਿੱਚ ਨਵੇਂ ਸਾਲ ਦਾ ਜਸ਼ਨ ਮਨਾ ਰਹੇ ਲੋਕਾਂ ਦੇ ਜਾਣਬੁੱਝ ਕੇ ਕੀਤੇ ਗਏ ਕਤਲ ਦੀ ਖ਼ਬਰ ਨਾਲ ਸਵੇਰੇ ਜਾਗੇ।" ਉਨ੍ਹਾਂ ਕਿਹਾ, "ਮੈਂ ਇਸ ਘਟਨਾ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਅਰਦਾਸ ਕਰ ਰਹੀ ਹਾਂ ਅਤੇ ਮੈਂ ਇਹ ਯਕੀਨੀ ਬਣਾਵਾਂਗੀ ਕਿ ਉਨ੍ਹਾਂ ਨੂੰ ਇਸ ਲਈ ਨਿਆਂ ਮਿਲੇ।






### ਮੌਕੇ ਦੇ ਗਵਾਹ ਨੇ ਕੀ ਕਿਹਾ?

ਨਿਊ ਓਰਲਿਨਜ਼ ਦੀ ਬਾਰਬਨ ਸਟ੍ਰੀਟ ਇਸਦੀ ਨਾਈਟ ਲਾਈਫ਼ ਲਈ ਜਾਣੀ ਜਾਂਦੀ ਹੈ। ਇੱਥੇ ਕਈ ਬਾਰ, ਰੈਸਟੋਰੈਂਟ ਅਤੇ ਕਲੱਬ ਹਨ। ਘਟਨਾ ਦੇ ਚਸ਼ਮਦੀਦ ਗਵਾਹ ਲੁਈਸਿਆਨਾ ਦੇ ਰਹਿਣ ਵਾਲੇ ਵਿਟ ਡੇਵਿਸ ਨੇ ਦੱਸਿਆ, "ਅਸੀਂ ਸ਼ਾਮ ਤੋਂ ਹੀ ਬਾਰਬਨ ਸਟ੍ਰੀਟ ਵਿੱਚ ਸੀ। "ਸਾਨੂੰ ਇੱਕ ਬਾਰ ਵਿੱਚ ਹੋਣ ਸਮੇਂ ਕਿਸੇ ਕਿਸਮ ਦੀ ਗੋਲੀਬਾਰੀ ਜਾਂ ਗੱਡੀ ਦੀ ਟੱਕਰ ਦੀ ਆਵਾਜ਼ ਨਹੀਂ ਸੁਣੀ, ਉੱਤੇ ਮਿਊਜ਼ਿਕ ਬਹੁਤ ਉੱਚੀ ਸੀ।" "ਫਿਰ ਲੋਕ ਇੱਧਰ-ਉੱਧਰ ਭੱਜਣ ਲੱਗੇ ਅਤੇ ਮੇਜ਼ਾਂ ਦੇ ਹੇਠਾਂ ਲੁਕਣ ਲੱਗੇ, ਜਿਵੇਂ ਕਿ ਇਹ ਕੋਈ ਸ਼ੂਟਰ ਡਰਿਲ ਹੋਵੇ।" "ਇਸ ਘਟਨਾ ਤੋਂ ਬਾਅਦ ਅਧਿਕਾਰੀਆਂ ਨੇ ਲੋਕਾਂ ਨੂੰ ਇਲਾਕੇ ਤੋਂ ਦੂਰ ਰਹਿਣ ਲਈ ਕਿਹਾ ਹੈ।" ਨਿਊ ਰਲਿਨਜ਼ ਦੇ ਪੁਲਿਸ ਸੁਪਰਡੈਂਟ ਨੇ ਕਿਹਾ ਹੈ ਕਿ ਇਨਫੋਰਸਮੈਂਟ ਅਧਿਕਾਰੀ ਸ਼ਹਿਰ ਦੇ ਸੁਪਰਡੋਮ ਸਟੇਡੀਅਮ ਨੂੰ ਸੁਰੱਖਿਅਤ ਕਰਨ ਵਿੱਚ ਲੱਗੇ ਹੋਏ ਹਨ। ਰਾਤ ਨੂੰ ਇੱਥੇ ਫੁੱਟਬਾਲ ਮੈਚ ਖੇਡਿਆ ਜਾਣਾ ਹੈ।

### ਹਮਲਾਵਰ ਸ਼ੈਮਸੂਦ-ਦੀਨ-ਜੱਬਾਰ ਕੌਣ ਸੀ?

ਹਮਲੇ ਵਿੱਚ ਸ਼ਾਮਲ ਵਿਅਕਤੀ ਦੀ ਪਛਾਣ 42 ਸਾਲਾ ਸ਼ੈਮਸੂਦ-ਦੀਨ-ਜੱਬਾਰ ਵਜੋਂ ਹੋਈ ਹੈ। ਸੀਬੀਐੱਸ ਮੁਤਾਬਕ ਮੁਲਜ਼ਮ ਵਿਅਕਤੀ ਦੀ ਪੁਲਿਸ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ ਹੈ। ਪੁਲਿਸ ਨੇ ਦੱਸਿਆ ਕਿ ਮੁਲਜ਼ਮ ਨੇ ਪੁਲਿਸ ਕਰਮੀਆਂ 'ਤੇ ਵੀ ਗੋਲੀਬਾਰੀ ਕੀਤੀ ਸੀ ਅਤੇ ਜਿਸ 'ਤੇ ਪੁਲਿਸ ਵੱਲੋਂ ਜਵਾਬੀ ਕਾਰਵਾਈ ਕੀਤੀ ਗਈ। ਐੱਫਬੀਆਈ ਨੇ ਪਹਿਲਾਂ ਕਿਹਾ ਸੀ ਕਿ ਇਸ ਹਮਲੇ ਦੀ ਅੱਤਵਾਦੀ ਗਤੀਵਿਧੀ ਹੋਣ ਦੇ ਖ਼ਦਸ਼ੇ ਵਜੋਂ ਵੀ ਜਾਂਚ ਕੀਤੀ ਜਾ ਰਹੀ ਹੈ। ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫਬੀਆਈ) ਦੇ ਅਲੇਥੀਆ ਡੰਕਨ ਨੇ ਕਿਹਾ ਕਿ ਏਜੰਸੀ ਦਾ ਮੰਨਣਾ ਨਹੀਂ ਹੈ ਕਿ ਮੁਲਜ਼ਮ ਵਿਅਕਤੀ ਨੇ ਇੱਕਲਿਆਂ ਹੀ ਹਮਲੇ ਨੂੰ ਅੰਜ਼ਾਮ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਮੁਲਜ਼ਮ ਬਾਰੇ ਕੋਈ ਜਾਣਕਾਰੀ ਹੋਵੇ ਜਾਂ ਕਿਸੇ ਨੇ ਪਿਛਲੇ 17 ਘੰਟਿਆਂ ਵਿੱਚ ਟਰੱਕ ਦੇ ਡਰਾਈਵਰ ਨਾਲ ਗੱਲਬਾਤ ਕੀਤੀ ਹੋਵੇ, ਤਾਂ ਉਹ ਐੱਫਬੀਆਈ ਨੂੰ ਸੂਚਨਾ ਦੇਣ ਲਈ ਸੰਪਰਕ ਕਰ ਸਕਦਾ ਹੈ। ਉਨ੍ਹਾਂ ਨੇ ਕਿਹਾ, "ਮਾਮਲੇ ਦੀ ਹਰ ਪੱਖ਼ ਤੋਂ ਜਾਂਚ ਜਾਰੀ ਹੈ ਅਤੇ ਲਗਾਤਾਰ ਨਵੇਂ ਖ਼ੁਲਾਸੇ ਹੋ ਰਹੇ ਹਨ।" ਹੁਣ ਬੰਦ ਕਰ ਦਿੱਤੇ ਗਏ ਲਿੰਕਡਇਨ ਪ੍ਰੋਫਾਈਲ ਮੁਤਾਬਕ, ਜੱਬਾਰ ਮਨੁੱਖੀ ਵਸੀਲਿਆਂ ਅਤੇ ਆਈਟੀ ਵਿਭਾਗ ਸਣੇ ਅਮਰੀਕੀ ਫੌਜ ਦੇ ਵੱਖ-ਵੱਖ ਵਿਭਾਗਾਂ ਵਿੱਚ ਸੇਵਾਵਾਂ ਨਿਭਾ ਚੁੱਕਿਆ ਹੈ। ਉਹ ਸੇਵਾਵਾਂ ਤੋਂ ਫ਼ਾਰਗ ਹੋਣ ਤੋਂ ਪਹਿਲਾਂ ਫਰਵਰੀ 2009 ਤੋਂ ਜਨਵਰੀ 2010 ਤੱਕ ਅਫ਼ਗਾਨਿਸਤਾਨ ਵਿੱਚ ਤੈਨਾਤ ਸਨ।

ਸੀਬੀਐੱਸ ਦੀ ਰਿਪੋਰਟ ਮੁਤਾਬਕ, 2020 ਵਿੱਚ ਪੋਸਟ ਕੀਤੀ ਗਈ ਇੱਕ ਯੂ-ਟਿਊਬ ਵੀਡੀ ਵਿੱਚ, ਜੱਬਾਰ ਨੇ ਕਿਹਾ ਸੀ ਕਿ ਫੌਜ ਵਿੱਚ ਉਨ੍ਹਾਂ ਦੇ ਸਮੇਂ ਨੇ ਉਨ੍ਹਾਂ ਨੂੰ ਇਸ "ਮਹਾਨ ਸੇਵਾ ਦਾ ਅਰਥ" ਸਮਝਾਇਆ ਸੀ। ਉਨ੍ਹਾਂ ਜਾਣਿਆ ਕਿ ਜਵਾਬਦੇਹ ਹੋਣ ਅਤੇ ਹਰ ਚੀਜ਼ ਨੂੰ ਗੰਭੀਰਤਾ ਨਾਲ ਲੈਣ ਦਾ ਕੀ ਮਤਲਬ ਹੈ।

ਜੱਬਾਰ ਨੇ 2015 ਤੋਂ 2017 ਤੱਕ ਜਾਰਜ ਸਟੇਟ ਯੂਨੀਵਰਸਿਟੀ ਵਿੱਚ ਪੜ੍ਹਾਈ ਕੀਤੀ, ਕੰਪਿਊਟਰ ਇਨਫ਼ਾਰਮੇਸ਼ਨ ਸਿਸਟਮ ਵਿੱਚ ਗ੍ਰੈਜੂਏਸ਼ਨ ਕੀਤੀ। ਸੀਬੀਐੱਸ ਨੇ ਰਿਪੋਰਟ ਕੀਤਾ ਹੈ ਕਿ ਉਨ੍ਹਾਂ ਦਾ ਦੋ ਵਾਰ ਵਿਆਹ ਹੋਇਆ ਸੀ। ਪਹਿਲਾ ਵਿਆਹ 2012 ਵਿੱਚ ਖ਼ਤਮ ਹੋਇਆ ਸੀ ਅਤੇ ਦੂਜਾ 2017 ਤੋਂ 2022 ਤੱਕ ਚੱਲਿਆ ਸੀ। ਜੱਬਾਰ ਦਾ ਟ੍ਰੈਫਿਕ ਅਤੇ ਚੋਰੀ ਨਾਲ ਸਬੰਧਿਤ ਅਪਰਾਧਿਕ ਰਿਕਾਰਡ ਵੀ ਸੀ।

ਹਮਲੇ ਵਿੱਚ ਵਰਤਿਆ ਗਿਆ ਟਰੱਕ, ਇੱਕ ਚਿੱਟੇ ਰੰਗ ਦਾ ਫੋਰਡ ਐੱਫ਼-150 ਲਾਈਟਨਿੰਗ ਸੀ, ਜੋ ਕਿ ਬਹੁਤ ਜ਼ਿਆਦਾ ਨੁਕਸਾਨਿਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਟਰੱਕ ਸ਼ੈਮਸੂਦ-ਦੀਨ-ਜੱਬਾਰ ਦਾ ਨਹੀਂ ਸੀ ਬਲਕਿ ਉਸ ਨੇ ਕਿਰਾਏ 'ਤੇ ਲਿਆ ਸੀ। ਅਧਿਕਾਰੀਆਂ ਨੇ ਦੱਸਿਆ ਹਮਲੇ ਵਾਲੀ ਥਾਂ ਤੋਂ ਦੋ ਸੰਭਾਵਿਤ ਵਿਸਫੋਟਕ ਯੰਤਰ ਮਿਲੇ ਹਨ ਅਤੇ ਸੀਬੀਐੱਸ ਮੁਤਾਬਕ ਇੱਕ ਬੰਦੂਕ ਵੀ ਬਰਾਮਦ ਕੀਤੀ ਗਈ ਹੈ।

# ਅਮਰੀਕਾ ਦੇ ਵੀਜ਼ਾ ਨਿਯਮਾਂ 'ਚ ਤਬਦੀਲੀ ਨਾਲ ਵਿਦਿਆਰਥੀਆਂ ਤੇ ਕਾਮਿਆਂ ਨੂੰ ਮਿਲ ਸਦਕਾ ਹੈ ਫਾਇਦਾ

ਅਮਰੀਕਾ ਦੀ ਬਾਇਡਨ ਸਰਕਾਰ ਨੇ ਜਾਣ ਤੋਂ ਪਹਿਲਾਂ ਐੱਚ-1ਬੀ ਵੀਜ਼ਾ ਸਬੰਧੀ ਨਿਯਮਾਂ ਨੂੰ ਸੁਖਾਲਾ ਬਣਾਉਣ ਦਾ ਐਲਾਨ ਕੀਤਾ ਹੈ। ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਊਰਿਟੀ (ਡੀਐੱਚਐੱਸ) ਨੇ ਇਸ ਬਾਬਤ ਅਧਿਕਾਰਤ ਬਿਆਨ ਸਾਂਝਾ ਕਰਦਿਆਂ ਦੱਸਿਆ ਕਿ ਐੱਚ-1ਬੀ ਵੀਜ਼ਾ ਸਬੰਧਿਤ ਫਾਈਨਲ ਰੂਲਜ਼ 17 ਜਨਵਰੀ 2025 ਤੋਂ ਲਾਗੂ ਹੋ ਜਾਣਗੇ। ਅਮਰੀਕੀ ਸਰਕਾਰ ਮੁਤਾਬਕ, ਇਹ ਨਵਾਂ ਨਿਯਮ, ਐੱਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਆਧੁਨਿਕ ਬਣਾਉਣ ਵਿੱਚ ਕਾਫੀ ਲਾਹੇਵੰਦ ਸਾਬਤ ਹੋਵੇਗਾ। ਜਾਰੀ ਕੀਤੇ ਬਿਆਨ ਮੁਤਾਬਕ, ਅਮਰੀਕੀ ਕੰਪਨੀਆਂ ਲਈ ਖਾਲੀ ਪਈ ਅਸਾਮੀਆਂ ਨੂੰ ਭਰਨਾ ਆਸਾਨ ਹੋ ਜਾਵੇਗਾ, ਨਿਯਮਾਂ ਵਿੱਚ ਢਿੱਲ ਹੋਵੇਗੀ ਅਤੇ ਵਿਦੇਸ਼ੀ ਕਾਮਿਆਂ ਨੂੰ ਲਾਭ ਮਿਲੇਗਾ।

ਆਓ ਇਨ੍ਹਾਂ ਨਵੇਂ ਨਿਯਮਾਂ ਬਾਰੇ ਵਿਸਥਾਰ ਨਾਲ ਜਾਣੀਏ-

ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਊਰਿਟੀ ਨੇ ਐੱਚ-1ਬੀ ਪ੍ਰੋਗਰਾਮ ਨੂੰ ਆਧੁਨਿਕ ਬਣਾਉਣ ਦੇ ਫਾਈਨਲ ਰੂਲ (ਅੰਤਮ ਨਿਯਮ) ਦਾ ਐਲਾਨ ਕੀਤਾ ਹੈ। ਇਸ ਨੂੰ ਸੌਖੇ ਸ਼ਬਦਾਂ ਵਿੱਚ ਇੰਝ ਕਿਹਾ ਜਾ ਸਕਦਾ ਹੈ ਕਿ ਐੱਚ-1ਬੀ ਵੀਜ਼ਾ ਦੇ ਅਪਰੂਵਲ ਪ੍ਰੋਸੈਸ ਨੂੰ ਸੁਚਾਰੂ ਬਣਾਉਣ, ਅਮਰੀਕੀ ਕੰਪਨੀਆਂ ਵੱਲੋਂ ਵਿਦੇਸ਼ੀ ਕਾਮੇ ਲਿਆਉਣ ਵਿੱਚ ਨਿਯਮਾਂ ਨੂੰ ਸੁਖਾਲੇ ਕਰਨ, ਪ੍ਰੋਗਰਾਮ ਨੂੰ ਸੁਧਾਰਨ ਅਤੇ ਇਸ ਦੀਆਂ ਗਤੀਵਿਧੀਆਂ ਉੱਤੇ ਨਜ਼ਰ ਰੱਖਣ ਲਈ ਇਹ ਫਾਈਨਲ ਰੂਲ ਲਿਆਂਦਾ ਹੈ।

### ਤੁਹਾਡੇ ਲਈ ਕੀ ਜਾਨਣਾ ਜ਼ਰੂਰੀ ਹੈ

ਡੀਐੱਚਐੱਸ ਮੁਤਾਬਕ, ਐੱਚ-1ਬੀ ਨੌਨ-ਇਮੀਗ੍ਰੈਂਟ ਵੀਜ਼ਾ ਪ੍ਰੋਗਰਾਮ ਅਮਰੀਕੀ ਰੁਜ਼ਗਾਰਦਾਤਾਵਾਂ ਨੂੰ ਵਿਸ਼ੇਸ਼ ਕਾਰੋਬਾਰਾਂ ਵਿੱਚ ਆਰਜ਼ੀ ਤੌਰ 'ਤੇ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ। ਵਿਸ਼ੇਸ਼ ਕਾਰੋਬਾਰਾਂ ਤੋਂ ਭਾਵ ਅਜਿਹੇ ਕਾਰੋਬਾਰ ਤੋਂ ਹੈ, ਜਿਸ ਲਈ ਖ਼ਾਸ ਤਰ੍ਹਾਂ ਦੀ ਯੋਗਤਾ ਅਤੇ ਡਿਗਰੀ ਦੀ ਜ਼ਰੂਰਤ ਹੁੰਦੀ ਹੈ। ਫਾਈਨਲ ਰੂਲ ਦਾ ਟੀਚਾ ਖ਼ਾਸ ਕਾਰੋਬਾਰਾਂ ਦੀ ਪਰਿਭਾਸ਼ਾ ਨੂੰ ਜ਼ਿਆਦਾ ਆਧੁਨਿਕ ਬਣਾਉਣ ਲਈ ਰੁਜ਼ਗਾਰਦਾਤਾਵਾਂ ਅਤੇ ਕਾਮਿਆਂ ਨੂੰ ਨਿਯਮਾਂ ਵਿੱਚ ਢਿੱਲ ਦੇਣਾ ਹੈ। ਇਨ੍ਹਾਂ ਬਦਲਾਵਾਂ ਨਾਲ ਅਮਰੀਕੀ ਰੁਜ਼ਗਾਰਦਾਤਾਵਾਂ ਨੂੰ ਗਲੋਬਲ ਬਾਜ਼ਾਰ ਵਿੱਚ ਮਜ਼ਬੂਤੀ ਨਾਲ ਖੜੇ ਹੋਣ ਲਈ ਲੋੜੀਂਦੇ ਕਾਮਿਆਂ ਦੀ ਕਮੀ ਨੂੰ ਪੂਰਾ ਕਰਨ ਵਿੱਚ ਮਦਦ ਮਿਲੇਗੀ।

ਇਸ ਰੂਲ ਦੇ ਨਾਲ ਐੱਫ1 ਵੀਜ਼ਾ ਉੱਤੇ ਪੜ੍ਹਦੇ ਵਿਦਿਆਰਥੀਆਂ ਲਈ ਐੱਚ-1ਬੀ ਵੀਜ਼ਾ ਲੈਣ ਦੇ ਨਿਯਮ ਸੁਖਾਲੇ ਬਣਨਗੇ। ਇਸ ਦੇ ਨਾਲ, ਇਹ ਰੂਲ ਯੂ ਐੱਸ ਸੀ ਆਈ ਐੱਸ (ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਸਿਜ਼) ਨੂੰ ਉਨ੍ਹਾਂ ਬਿਨੈਕਾਰਾਂ ਦੀ ਐਪਲੀਕੇਸ਼ਨ ਨੂੰ ਜਲਦੀ ਪ੍ਰੋਸੈਸ ਕਰਨ ਦੀ ਇਜਾਜ਼ਤ ਦਿੰਦਾ ਹੈ, ਜਿਨ੍ਹਾਂ ਦੀ ਪਹਿਲਾਂ ਐੱਚ-1ਬੀ ਵੀਜ਼ਾ ਦੀ ਅਰਜ਼ੀ ਮਨਜ਼ੂਰ ਹੋ ਚੁੱਕੀ ਹੈ।





ਇਸ ਤੋਂ ਇਲਾਵਾ ਇਹ ਰੂਲ ਯੂ ਐੱਸ ਸੀ ਆਈ ਐੱਸ ਨੂੰ ਇਹ ਵੀ ਇਜਾਜ਼ਤ ਦਿੰਦਾ ਹੈ ਕਿ ਉਹ ਇਨ੍ਹਾਂ ਨਿਯਮਾਂ ਦੀ ਪਾਲਣਾ ਲਈ ਨਿਰੀਖਣ ਕਰ ਸਕਣ ਅਤੇ ਪਾਲਣਾ ਨਾ ਹੋਣ ਤੇ ਸਜ਼ਾ ਦੇ ਸਕੇ। ਪਰ ਇਸਦੇ ਲਈ ਰੁਜ਼ਗਾਰਦਾਤਾ ਨੂੰ ਇਹ ਜ਼ਰੂਰ ਸਾਬਤ ਕਰਨਾ ਪਵੇਗਾ ਕਿ ਇਹ ਖ਼ਾਸ ਮੁਹਾਰਤ ਵਾਲੀ ਨੌਕਰੀ ਹੈ ਅਤੇ ਇਸ ਲਈ ਮਿੱਥੀ ਗਈ ਤਾਰੀਖ਼ ਮੁਤਾਬਕ ਕੰਮ ਹੋਵੇਗਾ।

### ਕੀ ਕਹਿੰਦੇ ਹਨ ਮਾਹਰ

ਮਾਹਰਾਂ ਦਾ ਕਹਿਣਾ ਹੈ ਕਿ ਮੌਜੂਦਾ ਸਥਿਤੀ ਭਾਰਤੀਆਂ ਦੇ ਹੱਕ ਵਿੱਚ ਹੈ ਕਿਉਂਕਿ ਅਮਰੀਕੀ ਕਰਮਚਾਰੀਆਂ ਵਿੱਚ ਭਾਰਤੀ ਪ੍ਰਤਿਭਾ ਦੀ ਹਮੇਸ਼ਾ ਲੋੜ ਰਹੇਗੀ। ਅਹਿਮਦਾਬਾਦ ਸਥਿਤ ਵੀਜ਼ਾ ਸਲਾਹਕਾਰ ਭਾਵਿਨ ਠਾਕਰ ਕਹਿੰਦੇ ਹਨ, "ਭਾਰਤੀਆਂ ਨੂੰ ਇਸ ਨੂੰ ਇੱਕ ਮੌਕੇ ਵਜੋਂ ਦੇਖਣ ਦੀ ਲੋੜ ਹੈ ਕਿਉਂਕਿ ਡੌਨਲਡ ਟਰੰਪ ਦੀ ਇਹ ਟੀਮ ਪਿਛਲੇ ਕਾਰਜਕਾਲ ਦੀ ਟੀਮ ਨਾਲੋਂ ਵੱਖਰੀ ਹੈ।" ਉਹ ਮੰਨਦੇ ਹਨ ਕਿ ਫ਼ੈਸਲਾ ਅਕਸਰ ਟੀਮ ਦੇ ਪ੍ਰਭਾਵ ਹੇਠ ਆ ਕੇ ਲਿਆ ਜਾਂਦਾ ਹੈ।

ਭਾਵਿਨ ਠਾਕਰ ਦਾ ਕਹਿਣਾ ਹੈ, "ਟਰੰਪ ਦੀ ਮੌਜੂਦਾ ਟੀਮ ਵਿੱਚ ਕਾਫੀ ਉਦਯੋਗਪਤੀ ਹਨ ਅਤੇ ਉਹ ਕਰਮਚਾਰੀਆਂ ਦੀ ਅਹਿਮੀਅਤ ਨੂੰ ਸਮਝਦੇ ਹਨ। ਇਸ ਲਈ ਉਹ ਵਿਦੇਸ਼ ਕਾਮਿਆਂ ਦੇ ਹੁਨਰ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ।" "ਕਾਰੋਬਾਰੀ ਜਾਣਦੇ ਹਨ ਕਿ ਵਿਹਾਰਕ ਕੀ ਹੈ ਅਤੇ ਕੀ ਨਹੀਂ। ਅਮਰੀਕਾ ਦੀ ਵਰਤਮਾਨ ਆਬਾਦੀ ਵਿੱਚ ਹਰ ਕੋਈ ਹੁਨਰਮੰਦ ਕੰਮ ਲਈ ਸਮਰੱਥ ਨਹੀਂ ਹੈ। ਖ਼ਾਸ ਕਰ ਕੇ ਸਥਾਨਕ ਨੌਜਵਾਨ, ਜੋ ਮੁਸ਼ਕਲ ਨਾਲ 12 ਤੱਕ ਹੀ ਪੜ੍ਹੇ ਹੁੰਦੇ ਹਨ।"

ਉਹ ਅੱਗੇ ਆਖਦੇ ਹਨ, "ਅਮਰੀਕਾ ਰੱਖਿਆ ਅਤੇ ਫਾਰਮਾ ਵਿੱਚ ਮੋਹਰੀ ਹੈ ਪਰ ਉੱਥੇ ਹੁਨਰ ਦੀ ਘਾਟ ਹੈ, ਇਸ ਲਈ ਉਨ੍ਹਾਂ ਨੂੰ ਬਾਹਰੋਂ ਹੁਨਰਮੰਦ ਕਾਮਿਆਂ ਦੀ ਲੋੜ ਹੁੰਦੀ ਹੈ।" ਗਾਂਧੀਨਗਰ ਦੀ ਰਹਿਣ ਵਾਲੀ ਅਤੇ ਅਮਰੀਕੀ ਵੀਜ਼ਾ ਮਾਮਲਿਆਂ ਦੀ ਸਲਾਹਕਾਰ ਮਮਤਾ ਠਾਕਰ ਦਾ ਕਹਿਣਾ ਹੈ, "ਭਾਰਤੀ ਵਿਦਿਆਰਥੀਆਂ ਲਈ ਅਮਰੀਕਾ ਅਤੇ ਕੈਨੇਡਾ ਪਹਿਲੀ ਪਸੰਦ ਰਹੇ ਹਨ। ਕੈਨੇਡਾ ਨਾਲ ਚੱਲ ਰਹੇ ਹਾਲ ਦੇ ਵਿਵਾਦ ਕਾਰਨ ਕੁਝ ਗਿਰਾਵਟ ਦਰਜ ਹੋਈ ਹੈ ਪਰ ਅਮਰੀਕਾ ਅਜੇ ਵੀ ਮੋਹਰੀ ਪਸੰਦ ਹੈ।" ਭਾਵਿਨ ਠਾਕਰ, "ਜਿਨ੍ਹਾਂ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰ ਅਤੇ ਨੌਕਰੀ ਦੇ ਪ੍ਰਬੰਧ ਹੁੰਦੇ ਹਨ,ਉਹ ਅਜੇ ਵੀ ਕੈਨੇਡਾ ਜਾਣਾ ਹੀ ਪਸੰਦ ਕਰ ਰਹੇ ਹਨ ਪਰ ਹੋਰਨਾਂ ਲਈ ਅਮਰੀਕਾ ਵਿੱਚ ਲੌਸ ਐਂਜਲਸ ਪਸੰਦੀਦਾ ਸਥਾਨ ਬਣਿਆ ਹੋਇਆ ਹੈ।"

### ਐੱਚ-1ਬੀ ਕਦੋਂ ਸ਼ੁਰੂ ਹੋਇਆ

90 ਦੇ ਦਹਾਕੇ ਵਿੱਚ ਅਮਰੀਕਾ ਵਿੱਚ ਕਈ ਆਈਟੀ ਅਤੇ ਸਾਫ਼ਟਵੇਅਰ ਕੰਪਨੀਆਂ ਦੀ ਸ਼ੁਰੂਆਤ ਹੋਈ। ਆਪਣੇ ਦੇਸ ਵਿੱਚ ਇਸ ਤਰ੍ਹਾਂ ਦੇ ਪੇਸ਼ਾਵਰਾਂ ਦੀ ਕਮੀ ਦੇ ਕਾਰਨ, ਅਮਰੀਕੀ ਸਰਕਾਰ ਨੇ ਇਸ ਪੇਸ਼ੇ ਦੇ ਵਿਦੇਸ਼ੀ ਹੁਨਰਮੰਦਾਂ ਨੂੰ ਐੱਚ-1ਬੀ ਵੀਜ਼ਾ ਪ੍ਰਦਾਨ ਕਰ ਕੇ ਅਸਥਾਈ ਸਮੇਂ ਲਈ ਨੌਕਰੀ ਦੇਣ ਦੀ ਆਗਿਆ ਦਿੱਤੀ। ਇਮੀਗ੍ਰੇਸ਼ਨ ਐਕਟ-1990 ਜਾਰਜ ਡਬਲਯੂ ਬੁਸ਼ ਦੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਹੋਂਦ ਵਿੱਚ ਆਇਆ।

### ਨੌਨ-ਇਮੀਗ੍ਰੈਂਟ ਵੀਜ਼ਾ ਕੀ ਹੁੰਦਾ ਹੈ?

ਐੱਚ-1ਬੀ ਵੀਜ਼ਾ ਇੱਕ ਨੌਨ ਇਮੀਗ੍ਰੈਂਟ ਵੀਜ਼ਾ ਹੈ। ਦਰਅਸਲ, ਅਮਰੀਕਾ ਮੁੱਖ ਤੌਰ 'ਤੇ ਦੋ ਕਿਸਮ ਦੇ ਵੀਜ਼ਿਆਂ 'ਤੇ ਨਿਰਭਰ ਕਰਦਾ ਹੈ, ਇਮੀਗ੍ਰੈਂਟ ਅਤੇ ਨੌਨ-ਇਮੀਗ੍ਰੈਂਟ। ਜੋ ਅਮਰੀਕਾ ਵਿੱਚ ਵੱਸਣਾ ਚਾਹੁੰਦੇ ਹਨ ਉਨ੍ਹਾਂ ਨੂੰ ਇਮੀਗ੍ਰੈਂਟ ਵੀਜ਼ਾ ਦਿੱਤਾ ਜਾਂਦਾ ਹੈ ਅਤੇ ਇਸ ਲਈ ਕੁਝ ਯੋਗਤਾ ਮਾਪਦੰਡ ਲੋੜੀਂਦੇ ਹਨ। ਨੌਨ ਇਮੀਗ੍ਰੈਂਟ ਵੀਜ਼ੇ ਉਨ੍ਹਾਂ ਲੋਕਾਂ ਨੂੰ ਦਿੱਤੇ ਜਾਂਦੇ ਹਨ, ਜੋ ਥੋੜ੍ਹੇ ਸਮੇਂ ਲਈ ਅਮਰੀਕਾ ਵਿੱਚ ਰਹਿਣਾ ਚਾਹੁੰਦੇ ਹਨ। ਐੱਚ-1ਬੀ ਵੀਜ਼ਾ ਨੌਨ-ਇਮੀਗ੍ਰੈਂਟ ਵੀਜ਼ਾ ਸ਼੍ਰੇਣੀ ਦੇ ਤਹਿਤ ਦਿੱਤਾ ਜਾਂਦਾ ਹੈ।

### ਅਰਜ਼ੀ ਕੌਣ ਦੇ ਸਕਦਾ ਹੈ?

ਕਾਰਪੋਰੇਟ ਜਾਂ ਕੰਪਨੀਆਂ ਆਪਣੇ ਕਰਮਚਾਰੀਆਂ ਲਈ ਐੱਚ-1ਬੀ ਵੀਜ਼ਾ ਲਈ ਅਰਜ਼ੀਆਂ ਦਾਇਰ ਕਰਦੀਆਂ ਹਨ। ਕੁਝ ਕੰਪਨੀਆਂ ਐੱਚ-1ਬੀ ਵੀਜ਼ਾ ਸਪਾਂਸਰ ਵੀ ਕਰਦੀਆਂ ਹਨ। ਐੱਚ-1ਬੀ ਵੀਜ਼ਾ ਇਸ ਦੇ ਜਾਰੀ ਹੋਣ ਦੇ ਸਮੇਂ ਤੋਂ 3 ਸਾਲਾਂ ਤੱਕ ਲਈ ਹੁੰਦਾ ਹੈ। ਇਹ ਵਧਾਇਆ ਵੀ ਜਾ ਸਕਦਾ ਹੈ, ਹਾਲਾਂਕਿ ਇਹ 6 ਸਾਲਾਂ ਤੱਕ ਹੀ ਵਧਾਇਆ ਜਾ ਸਕਦਾ ਹੈ। 6 ਸਾਲਾਂ ਬਾਅਦ ਇਸ ਨੂੰ ਮੁੜ ਅਪਲਾਈ ਕਰਨਾ ਪੈਂਦਾ ਹੈ।

### ਡਿਪੈਂਡੇਂਟ ਵੀਜ਼ਾ

ਐੱਚ-1ਬੀ ਵੀਜ਼ਾ ਧਾਰਕ ਦਾ ਪਰਿਵਾਰ ਅਮਰੀਕਾ ਵਿੱਚ ਡਿਪੈਂਡੇਂਟ ਵੀਜ਼ਾ ਲੈ ਕੇ ਰਹਿ ਸਕਦਾ ਹੈ। ਇਸ ਲਈ ਉਨ੍ਹਾਂ ਨੂੰ ਐੱਚ4 ਵੀਜ਼ਾ ਲਈ ਅਰਜ਼ੀ ਦੇਣ ਦੀ ਜ਼ਰੂਰਤ ਹੈ। ਜੀਵਨ ਸਾਥੀ ਅਤੇ 21 ਸਾਲ ਤੋਂ ਘੱਟ ਉਮਰ ਦੇ ਬੱਚੇ ਇਸ ਡਿਪੈਂਡੇਂਟ (ਨਿਰਭਰ) ਵੀਜ਼ਾ ਲਈ ਯੋਗ ਹਨ। ਐੱਚ 4 ਵੀਜ਼ਾ ਧਾਰਕ ਅਮਰੀਕਾ ਵਿੱਚ ਸਿੱਖਿਆ ਹਾਸਲ ਕਰ ਸਕਦੇ ਹਨ। ਪਰ ਉਨ੍ਹਾਂ ਨੂੰ ਅਮਰੀਕਾ ਵਿੱਚ ਕੋਈ ਵੀ ਨੌਕਰੀ ਕਰਨ ਦੀ ਇਜਾਜ਼ਤ ਨਹੀਂ ਹੈ। ਉਨ੍ਹਾਂ ਨੂੰ ਅਮਰੀਕਾ ਵਿੱਚ ਕੰਮ ਕਰਨ ਲਈ ਵਰਕ-ਪਰਮਿਟ ਲੈਣਾ ਪੈਂਦਾ ਹੈ।

# ਡੱਲੇਵਾਲ ਦੇ ਹੱਕ ਵਿਚ ਪੰਜਾਬ ਬੰਦ ਦਾ ਅਸਰ

ਦਿੱਲੀ ਅੰਦੋਲਨ ਤੋਂ ਬਾਅਦ ਹੁਣ ਕੋਈ ਤਿੰਨ-ਚਾਰ ਸਾਲ ਦੇ ਵਕਫ਼ੇ ਤੋਂ ਬਾਅਦ ਇਹ ਦੂਜਾ ਮੌਕਾ ਹੈ ਜਦੋਂ ਕਿਸਾਨ ਜਥੇਬੰਦੀਆਂ ਆਪਣੇ ਹੱਕਾਂ ਲਈ ਲਾਮਬੰਦ ਹੋ ਰਹੀਆਂ ਹਨ। ਕੇਂਦਰ ਸਰਕਾਰ ਵੱਲੋਂ ਮੰਨੀਆਂ ਗਈਆਂ ਮੰਗਾਂ ਨੂੰ ਪੂਰਾ ਨਾ ਕਰਨ ਦੇ ਵਿਰੋਧ ਵਿਚ ਕਿਸਾਨਾਂ ਵੱਲੋਂ ਵੱਡੇ ਪੱਧਰ 'ਤੇ ਅੰਦੋਲਨ ਵਿੱਢਿਆ ਗਿਆ ਹੈ। ਇਸ ਅੰਦੋਲਨ ਵਿਚ ਨਵਾਂ ਇਹ ਹੈ ਕਿ ਇਸ ਵਾਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਮੰਗਾਂ ਪੂਰੀਆਂ ਕਰਵਾਉਣ ਲਈ ਪਿਛਲੇ 35 ਦਿਨਾਂ ਤੋਂ ਮਰਨ ਵਰਤ 'ਤੇ ਹਨ। ਡੱਲੇਵਾਲ ਦੀ ਲਗਾਤਾਰ ਵਿਗੜ ਰਹੀ ਸਿਹਤ ਵੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਉਨ੍ਹਾਂ ਨੂੰ ਸਿਹਤਯਾਬ ਕਰਨ ਲਈ ਪੰਜਾਬ ਸਰਕਾਰ ਨੂੰ ਲਗਾਤਾਰ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਪੈ ਰਹੀ ਹੈ ਪਰ ਕਿਸਾਨ ਜਥੇਬੰਦੀਆਂ ਇਸ ਗੱਲ 'ਤੇ ਅੜੀਆਂ



ਹੋਈਆਂ ਹਨ ਕਿ ਜਦੋਂ ਤੱਕ ਕੇਂਦਰ ਸਰਕਾਰ ਖੁਦ ਕਿਸਾਨੀ ਮਾਮਲਿਆਂ 'ਤੇ ਗੱਲ ਨਹੀਂ ਕਰਦੀ, ਉਦੋਂ ਤੱਕ ਉਹ ਅੰਦੋਲਨ ਖ਼ਤਮ ਨਹੀਂ ਹੋਣ ਦੇਣਗੀਆਂ ਤੇ ਡੱਲੇਵਾਲ ਦੇ ਲਾਗੇ ਕਿਸੇ ਨੂੰ ਵੀ ਨਹੀਂ ਆਉਣ ਦੇਣਗੀਆਂ।

ਕਿਸਾਨਾਂ ਨੇ ਡੱਲੇਵਾਲ ਦੀ ਸੁਰੱਖਿਆ ਲਈ ਖ਼ਾਸ ਲੇਅਰ ਤਿਆਰ ਕੀਤੀ ਹੈ। ਇਸ ਅੰਦੋਲਨ ਦੀ ਕੜੀ ਵਿਚ ਕਿਸਾਨ ਜਥੇਬੰਦੀਆਂ ਨੇ ਪੰਜਾਬ ਬੰਦ ਕੀਤਾ ਹੈ। ਇਸ ਬੰਦ ਦਾ ਅਸਰ ਲਗਪਗ ਸਭ ਅਦਾਰਿਆਂ 'ਤੇ ਦੇਖਣ ਨੂੰ ਮਿਲਿਆ। ਬੱਸਾਂ, ਰੇਲਗੱਡੀਆਂ, ਨਿੱਜੀ ਸਰਕਾਰੀ ਵਾਹਨ, ਦੁਕਾਨਾਂ ਤੇ ਹੋਰ ਅਦਾਰਿਆਂ ਨੂੰ ਇਸ ਬੰਦ ਦਾ ਅਸਰ ਸਹਿਣਾ ਪਿਆ ਹੈ। ਜਦੋਂ ਦਿੱਲੀ 'ਚ ਕਿਸਾਨ ਅੰਦੋਲਨ ਚੱਲ ਰਿਹਾ ਸੀ ਤਾਂ ਉੱਥੇ ਵੀ ਪੌਣੇ ਕੁ ਦੋ ਸਾਲ ਕਈ ਮੁੱਖ ਸੜਕਾਂ 'ਤੇ ਕਿਸਾਨਾਂ ਨੇ ਡੇਰਾ ਲਾਇਆ ਹੋਇਆ ਸੀ। ਇਸ ਕਾਰਨ ਆਮ ਜਨਤਾ ਨੂੰ ਲੰਬਾ ਸਮਾਂ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਝੱਲਣੀਆਂ ਪਈਆਂ ਸਨ ਪਰ ਪੰਜਾਬ, ਹਰਿਆਣਾ, ਦਿੱਲੀ ਤੇ ਦੇਸ਼ ਦੇ ਹੋਰ ਸੂਬਿਆਂ ਤੋਂ ਉਸ ਅੰਦੋਲਨ ਨੂੰ ਵੱਡੇ ਪੱਧਰ 'ਤੇ ਲੋਕਾਂ ਦਾ ਸਾਥ ਮਿਲਿਆ ਸੀ।

ਅਖ਼ੀਰ ਸਰਕਾਰ ਨੂੰ ਝੁਕਣਾ ਪਿਆ ਸੀ ਤੇ ਅੰਦੋਲਨ ਕਿਸੇ ਤਣ-ਪੱਤਣ ਲੱਗ ਸਕਿਆ ਸੀ। ਇਸ ਵਾਰ ਵੀ ਉਸੇ ਤਰ੍ਹਾਂ ਦਾ ਅੰਦੋਲਨ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਹਾਲਾਤ ਪਹਿਲਾਂ ਵਰਗੇ ਨਹੀਂ ਬਣ ਰਹੇ ਹਨ। ਕਿਸਾਨ ਅੰਦੋਲਨ 'ਚ ਬੰਦ ਦੇ ਸੱਦੇ ਨਾਲ ਹੀ ਕਈ ਲੋਕਾਂ ਨੂੰ ਇਸ ਗੱਲ ਦਾ ਖ਼ਦਸ਼ਾ ਖਾਣ ਲੱਗਦਾ ਹੈ ਕਿ ਉਹ ਸੜਕਾਂ ਤੇ ਰੇਲਾਂ ਰਾਹੀ ਆਪਣੇ ਹੋਣ ਵਾਲੇ ਕੰਮਕਾਰਾਂ ਨੂੰ ਕਿਵੇਂ ਸਿਰੇ ਚਾੜ੍ਹਨਗੇ। ਬਹੁਤੇ ਲੋਕਾਂ ਦਾ ਰੁਜ਼ਗਾਰ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਇਕ ਦਿਨ ਵੀ ਜੇ ਦੁਕਾਨਦਾਰੀ ਬੰਦ ਰਹੇ ਤਾਂ ਪੂਰੇ ਹਫ਼ਤੇ ਤੱਕ ਉਸ ਦਾ ਅਸਰ ਸਹਿਣਾ ਪੈਂਦਾ ਹੈ।

ਸਾਲ 2024 ਦਾ ਇਹ ਆਖ਼ਰੀ ਮਹੀਨਾ ਹੈ। ਇਸ ਮਹੀਨੇ ਕਈ ਲੋਕ ਮੁੱਕਦੇ ਸਾਲ ਦੀਆਂ ਛੁੱਟੀਆਂ ਦਾ ਲਾਹਾ ਲੈਣ ਘਰਾਂ ਨੂੰ ਪਰਤਦੇ ਹਨ ਪਰ ਬੰਦ ਕਾਰਨ ਕਈ ਤਰ੍ਹਾਂ ਦੀਆਂ ਦਿੱਕਤਾਂ ਹੁੰਦੀਆਂ ਹਨ। ਸਮਾਜ ਦਾ ਸਾਰਾ ਤਾਣਾ-ਬਾਣਾ ਇਕ-ਦੂਜੇ ਨਾਲ ਜੁੜ ਕੇ ਕੰਮ ਕਰਦਾ ਹੈ ਤੇ ਬੰਦ ਕਾਰਨ ਪੈਦਾ ਹੋਏ ਹਾਲਾਤ ਦਾ ਅਸਰ ਸਾਰਿਆਂ 'ਤੇ ਪੈਂਦਾ ਹੈ। ਹੱਕਾਂ ਲਈ ਆਵਾਜ਼ ਬੁਲੰਦ ਕਰਨੀ ਤੇ ਲੋੜ ਪੈਣ 'ਤੇ ਸੰਘਰਸ਼ ਤੇ ਅੰਦੋਲਨ ਕਰਨੇ ਇਹ ਹਰ ਨਾਗਰਿਕ ਦਾ ਸੰਵਿਧਾਨਕ ਹੱਕ ਹੈ ਪਰ ਕਈ ਵਾਰ ਕਿਸੇ ਖ਼ਾਸ ਅੰਦੋਲਨ ਕਾਰਨ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਨਾਲ ਸਮਾਜਿਕ ਤਣਾਅ ਤੇ ਵਿਚਾਰਾਂ ਦਾ ਵਖਰੇਵਾਂ ਵੀ ਪੈਦਾ ਹੁੰਦਾ ਹੈ। ਹਰ ਅੰਦੋਲਨ ਪ੍ਰਤੀ ਹਰੇਕ ਇਨਸਾਨ ਦੀ ਵੱਖਰੀ ਸੋਚ ਤੇ ਸਮਰਥਨ ਹੁੰਦਾ ਹੈ। ਇਸ ਲਈ ਕਿਸਾਨਾਂ ਦੇ ਇਸ ਅੰਦੋਲਨ ਬਾਰੇ ਸਰਕਾਰ ਨੂੰ ਸਾਰੇ ਕੰਮ ਛੱਡ ਕੇ ਸੋਚਣਾ ਚਾਹੀਦਾ ਹੈ। ਬੰਦ ਜਾਂ ਅੰਦੋਲਨ ਦੌਰਾਨ ਲੋਕਾਂ ਨੂੰ ਕੋਈ ਦਿੱਕਤ ਨਾ ਹੋਵੇ, ਇਸ ਦਾ ਕਿਸਾਨਾਂ ਨੂੰ ਵੀ ਧਿਆਨ ਰੱਖਣਾ ਚਾਹੀਦਾ ਹੈ।

# ਹੁਣ ਵੀ ਪੰਜਾਬ ਦੀ ਫ਼ਿਕਰ ਨਾ ਕੀਤੀ ਤਾਂ ਸਮਾਂ ਲੰਘ ਜਾਵੇਗਾ

**ਇੰਦਰਜੀਤ ਸਿੰਘ ਕੰਗ**

ਅੱਜ 21ਵੀਂ ਸਦੀ ਆਪਣੇ ਸਿਲਵਰ ਜੁਬਲੀ ਵਰ੍ਹੇ ਵਿਚ ਦਾਖ਼ਲ ਹੋ ਗਈ ਹੈ। ਇਸ ਸਦੀ ਦੇ ਨਵੇਂ ਸਾਲ ਚੜ੍ਹਦੇ ਅਤੇ ਲਹਿੰਦੇ ਗਏ ਪ੍ਰੰਤੂ ਆਮ ਲੋਕਾਂ ਦੀ ਵਿਵਸਥਾ ਵਿਚ ਕੋਈ ਸੁਧਾਰ ਨਜ਼ਰ ਨਹੀਂ ਆਇਆ। ਹਰੇਕ ਨਵੇਂ ਸਾਲ ਮੌਕੇ 95 ਪ੍ਰਤੀਸ਼ਤ ਲੋਕ ਝੱਖ ਠੰਢੀ ਰਾਤ ਦੇ ਆਗੋਸ਼ ਵਿਚ ਲਿਪਟੇ ਆਪਣੀਆਂ ਆਰਥਿਕ ਮੰਦਹਾਲੀਆਂ, ਤੰਗੀਆਂ-ਤੁਰਸ਼ੀਆਂ ਤੇ ਬੇਰੁਜ਼ਗਾਰੀ ਨਾਲ ਜੂਝਦੇ, ਆਪਣੀ ਝੂਠੀ ਸੁਪਨਮਈ ਦੁਨੀਆ ਦੇ ਸੁਪਨੇ ਲੈ ਰਹੇ ਹੁੰਦੇ ਹਨ।

ਨਵੇਂ ਸਾਲ ਦੀ ਸਵੇਰ ਨੂੰ ਇਹ ਲੋਕੀਂ ਰੋਜ਼ਾਨਾ ਦੀ ਤਰ੍ਹਾਂ ਉੱਠਦੇ ਹਨ, ਸ਼ਾਮ ਨੂੰ ਥੱਕੇ-ਹਾਰੇ ਵਾਪਸ ਘਰ ਆ ਜਾਂਦੇ ਹਨ। ਉਨ੍ਹਾਂ ਨੂੰ ਚੜ੍ਹੇ ਨਵੇਂ ਸਾਲ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਬਾਬੇ ਨਾਨਕ ਦਾ ਪੰਜਾਬ ਜੋ ਕਦੇ ਪੰਜ ਦਰਿਆਵਾਂ ਦੀ ਜਰਖ਼ੇਜ਼ ਭੂਮੀ ਸੀ ਅਤੇ ਪੂਰੇ ਭਾਰਤ ਦਾ ਅੰਨ ਭੰਡਾਰ ਭਰਨ ਵਾਲਾ ਸੂਬਾ ਸੀ, ਅੱਜ ਖ਼ੁਦ ਰੰਕਾਂ ਵਾਲੀ ਹਾਲਤ ਵਿੱਚੋਂ ਦੀ ਗੁਜ਼ਰ ਰਿਹਾ ਹੈ। ਪੰਜਾਬ ਨੂੰ ਰੰਕ ਬਣਾਉਣ ਵਿਚ ਪੰਜਾਬ ਦੇ ਸਿਆਸਤਦਾਨਾਂ ਨੇ ਬੜੀ ਮਿਹਨਤ ਨਾਲ ਆਪਣਾ ਵੱਡਮੁੱਲਾ ਯੋਗਦਾਨ ਪਾ ਕੇ ਇਸ ਸਥਿਤੀ ਵਿਚ ਲਿਆਂਦਾ ਹੈ ਜਿਸ ਦਾ ਖ਼ਮਿਆਜ਼ਾ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਭੁਗਤਣਗੀਆਂ। ਅੱਜ ਪੰਜਾਬ ਇਨ੍ਹਾਂ ਭੱਦਰਪੁਰਸ਼ ਸਿਆਸਤਦਾਨਾਂ ਦੀ ਬਦੌਲਤ ਹਜ਼ਾਰਾਂ ਕਰੋੜ ਦਾ ਕਰਜ਼ਦਾਰ ਹੈ ਭਾਵ ਪੰਜਾਬ ਵਿਚ ਅੱਜ ਨਵ-ਜਨਮਿਆ ਹਰ ਬੱਚਾ 75 ਹਜ਼ਾਰ ਰੁਪਏ ਕਰਜ਼ੇ ਦੀ ਪੰਡ ਆਪਣੇ ਸਿਰ 'ਤੇ ਰੱਖ ਕੇ ਦੁਨੀਆ ਦਾ ਸਫ਼ਰ ਸ਼ੁਰੂ ਕਰ ਰਿਹਾ ਹੈ ਜੋ ਅੱਗੇ ਜਾ ਕੇ ਹੋਰ ਭਾਰੀ ਹੋਵੇਗੀ।

ਪਰ ਸਾਡੇ ਸਿਆਸੀ ਨੇਤਾ ਰਾਜਨੀਤੀ ਨੂੰ ਸੇਵਾ ਕਹਿਣ ਵਾਲੇ ਮਖੌਟੇ ਹੇਠ ਮੋਟੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਆਪਣਿਆਂ ਗੋਝਿਆਂ ਵਿਚ ਪਾ ਕੇ ਆਪਣੀਆਂ ਅਗਲੀਆਂ ਪੀੜ੍ਹੀਆਂ ਲਈ ਬੇਸ਼ੁਮਾਰ ਧਨ-ਦੌਲਤ ਇਕੱਠੀ ਕਰ ਰਹੇ ਹਨ। ਜਿੱਥੇ ਆਮ ਆਦਮੀ ਨੂੰ ਕਿਸੇ ਵੀ ਤਰ੍ਹਾਂ ਦੀ ਨੌਕਰੀ ਲੈਣ ਲਈ ਆਪਣੀ ਯੋਗਤਾ ਦਾ ਪ੍ਰਮਾਣ ਦੇਣਾ ਪੈਂਦਾ ਹੈ, ਉੱਥੇ ਇਨ੍ਹਾਂ ਸਿਆਸੀ ਲੋਕਾਂ ਲਈ ਕੋਈ ਵਿੱਦਿਅਕ ਯੋਗਤਾ ਦਾ ਮਿਆਰ ਨਹੀਂ, ਨਾ ਉਮਰ ਦੀ ਹੱਦ, ਨਾ ਹੀ ਕੋਈ ਰਿਟਾਇਰਮੈਂਟ ਦੀ ਉਮਰ, ਬਸ ਇਕ ਵਾਰੀ ਕੁਰਸੀ ਨਾਲ ਚਿਪਕੇ ਤਾਂ ਮੁੜ ਨਾਲੋਂ ਲੱਥਣ ਦਾ ਨਾਂ ਹੀ ਨਹੀਂ ਲੈਂਦੇ। ਇੱਥੇ ਅਨਪੜ੍ਹ ਰਾਜ ਕਰ ਰਹੇ ਹਨ ਅਤੇ ਪੜ੍ਹੇ-ਲਿਖੇ ਡਿਗਰੀਆਂ ਪ੍ਰਾਪਤ ਇਨ੍ਹਾਂ ਦੀ ਚਾਕਰੀ ਕਰ ਰਹੇ ਹਨ।

ਮੈਂ ਇਸ ਨਵੇਂ ਵਰ੍ਹੇ ਦੀ ਆਮਦ ਮੌਕੇ ਅੱਜ ਦੇ ਪੰਜਾਬ ਬਾਰੇ ਸੋਚਦਾ ਹਾਂ ਜਿਹੜਾ 1966 ਵਿਚ ਸਿਆਸੀ ਲੋਕਾਂ ਦੀਆਂ ਸਿਆਸੀ ਚਾਲਾਂ ਦੀ ਭੇਟ ਚੜ੍ਹਿਆ ਅਤੇ ਨਵਾਂ ਜਨਮਿਆਂ ਪੰਜਾਬ ਆਪਣੀ ਉਮਰ ਤੋਂ ਪਹਿਲਾਂ ਹੀ ਬੁੱਢਾ ਅਤੇ ਲਾਚਾਰ ਹੋ ਗਿਆ ਹੈ। ਨਸ਼ੇ ਦੀ ਚਿੱਟੀ ਚਾਦਰ ਵਿਚ ਲਿਪਟੇ ਇਸ ਪੰਜਾਬ ਦੀ ਉਮਰ ਤੋਂ ਪਹਿਲਾਂ ਚਿੱਟੀ ਹੋ ਚੁੱਕੀ ਦਾਹੜੀ ਹੰਝੂਆਂ ਨਾਲ ਭਿੱਜੀ ਹੋਈ ਕੂਕ ਕੇ ਫਰਿਆਦ ਕਰਦੀ ਹੋਈ ਨਜ਼ਰ ਆ ਰਹੀ ਹੈ।

ਜਦਕਿ ਇਕ ਸਮਾਂ ਸੀ ਜਦੋਂ ਪੰਜਾਬੀਆਂ ਦੀ ਗੈਰਤ ਦੁਨੀਆ ਵਿਚ ਮੰਨੀ ਜਾਂਦੀ ਸੀ, ਪੂਰਾ ਭਾਰਤ ਪੰਜਾਬ ਤੋਂ ਭੈਅ ਖਾਂਦਾ ਸੀ। ਪੰਜਾਬੀਆਂ ਦੇ ਡੌਲੇ ਅਜਿਹੇ ਫਰਕਦੇ ਸਨ ਕਿ ਹਰੇਕ ਗ਼ੈਰ ਪੰਜਾਬੀ ਆਪਣੀ ਧੀ-ਭੈਣ ਨੂੰ ਪੰਜਾਬੀ ਕੋਲ ਸੁਰੱਖਿਅਤ ਮੰਨਦਾ ਸੀ। ਕਿੰਨਾ ਅਮੀਰ ਵਿਰਸਾ ਸੀ ਪੁਰਾਣੇ ਪੰਜਾਬ ਦਾ। ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ, ਸੁਖਦੇਵ, ਰਾਜਗੁਰੂ, ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ, ਊਧਮ ਸਿੰਘ ਆਦਿ ਕਿੰਨੇ ਹੀ ਸੂਰਮਿਆਂ ਨੇ ਆਪਣੇ ਖ਼ੂਨ ਨਾਲ ਸਿੰਜ ਕੇ ਦੇਸ਼ ਨੂੰ ਆਜ਼ਾਦੀ ਲੈ ਕੇ ਦਿੱਤੀ ਸੀ। ਕੋਈ ਵੀ ਵੈਰੀ ਪੰਜਾਬ ਵੱਲ ਮੂੰਹ ਕਰਨ ਦੀ ਜੁਅਰਤ ਨਹੀਂ ਸੀ ਕਰਦਾ। ਇਸ ਤੋਂ ਇਲਾਵਾ ਅਸੀਂ ਕਿੰਨੀਆਂ ਹੀ ਲਹਿਰਾਂ ਦੇ ਵਾਰਸ ਹਾਂ। ਜਿਊਣਾ ਮੌੜ, ਸੁੱਚਾ ਸੂਰਮਾ, ਦੁੱਲਾ ਭੱਟੀ, ਜੱਗਾ ਡਾਕੂ




ਆਦਿ ਅਨੇਕ ਨਾਇਕ ਪੰਜਾਬੀਆਂ ਦਾ ਮਾਣ ਸਨ।

ਬੱਬਰ ਸ਼ੇਰ ਦੀ ਤਰ੍ਹਾਂ ਪੂਰੀ ਆਨ ਤੇ ਸ਼ਾਨ ਨਾਲ ਜਿਉਂਦੇ ਸਨ ਪੰਜਾਬੀ। ਪਰ ਅੱਜ ਦਾ ਪੰਜਾਬ ਕਾਗਜ਼ੀ ਸ਼ੇਰ ਜਾਪ ਰਿਹਾ ਹੈ। ਕਿਸੇ ਦੀ ਟੈਂ ਨਾ ਮੰਨਣ ਵਾਲੇ ਪੰਜਾਬੀਆਂ ਦੀ ਅਣਖ ਨੂੰ ਜਿੰਦਰਾ ਲੱਗ ਗਿਆ ਜਾਪਦਾ ਹੈ। ਕੁਝ ਵੀ ਹੋਈ ਜਾਵੇ, ਕੋਈ ਲੁੱਟੀ ਜਾਵੇ ਜਾਂ ਕੁੱਟੀ ਜਾਵੇ, ਪੰਜਾਬੀ ਚੂੰ ਨਹੀਂ ਕਰ ਰਹੇ। ਜਿਨ੍ਹਾਂ ਪੰਜਾਬੀਆਂ ਨੂੰ ਫ਼ੌਜ ਵਿਚ ਭਰਤੀ ਕਰਨਾ ਭਾਰਤੀ ਫ਼ੌਜ ਆਪਣੀ ਸ਼ਾਨ ਸਮਝਦੀ ਸੀ, ਅੱਜ ਉਹੀ ਪੰਜਾਬੀ ਫ਼ੌਜ ਵਿਚ ਨਾਮਾਤਰ ਰਹਿ ਗਏ ਹਨ। ਅੱਜ ਦੀ ਨੌਜਵਾਨੀ ਨੂੰ ਸਿਆਸੀ ਜਮਾਤ ਨੇ ਬੁਰੀ ਤਰ੍ਹਾਂ ਮਧੋਲ ਕੇ ਰੱਖ ਦਿੱਤਾ ਹੈ। ਸਿਆਸੀ ਲੋਕ ਆਪਣੀਆਂ ਤਿਜੌਰੀਆਂ ਭਰਨ ਵਿਚ ਮਸਰੂਫ਼ ਹਨ ਅਤੇ ਅਫ਼ਸਰਸ਼ਾਹੀ ਪੂਰੀ ਤਰ੍ਹਾਂ ਚੰਮ ਦੀਆਂ ਚਲਾ ਰਹੀ ਹੈ। ਆਮ ਲੋਕ ਪਿਸ ਰਹੇ ਹਨ। ਅੱਜ ਦਾ ਪੰਜਾਬ ਬੇਰੁਜ਼ਗਾਰੀ, ਗ਼ਰੀਬੀ, ਬਿਮਾਰੀ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਮਹਿੰਗਾਈ, ਭੁੱਖਮਾਰੀ, ਪ੍ਰਦੂਸ਼ਣ, ਬਲਾਤਕਾਰ, ਲੁੱਟਾਂ-ਖੋਹਾਂ, ਕੁੜੀ-ਮਾਰ ਮਸਲਿਆਂ, ਆਤਮ-ਹੱਤਿਆਤਾਵਾਂ, ਘਪਲੇਬਾਜ਼ੀਆਂ, ਡੇਰਾਵਾਦ, ਸਿਆਸਤ ਦੇ ਅਪਰਾਧੀਕਰਨ, ਨਸ਼ੇ ਆਦਿ ਅਨੇਕਾਂ ਸਮੱਸਿਆਵਾਂ ਨਾਲ ਘਿਰਿਆ ਪਿਆ ਹੈ। ਰਾਜਨੀਤਕ ਲੋਕ ਨਸ਼ਾ ਖ਼ਤਮ ਕਰਨ ਦੀਆਂ ਝੂਠੀਆਂ ਸਹੁੰਆਂ ਖਾ ਕੇ ਆਮ ਲੋਕਾਂ ਦੇ ਜਜ਼ਬਾਤ ਨਾਲ ਖੇਡਦੇ ਹਨ। ਪੁਲਿਸ ਅਤੇ ਸਿਆਸੀ ਨੇਤਾਵਾਂ ਦਾ ਆਪਸੀ ਨਾਪਾਕ ਗੱਠਜੋੜ ਨਸ਼ਿਆਂ ਦੀ ਕੜੀ ਟੁੱਟਣ ਨਹੀਂ ਦੇ ਰਿਹਾ। ਨੌਜਵਾਨ ਵਰਗ ਬੇਰੁਜ਼ਗਾਰੀ ਅਤੇ ਨਸ਼ਿਆਂ ਨੇ ਪੂਰੀ ਤਰ੍ਹਾਂ ਝੰਬਿਆ ਪਿਆ ਹੈ।

ਲੋਕਾਂ ਦੇ ਚੁਣੇ ਨੁਮਾਇੰਦਿਆਂ ਨੂੰ ਆਮ ਲੋਕਾਂ ਦੀਆਂ ਦੁੱਖ-ਤਕਲੀਫ਼ਾਂ ਨਾਲ ਕੋਈ ਸਰੋਕਾਰ ਨਹੀਂ ਬਲਕਿ ਉਨ੍ਹਾਂ ਦੇ ਖ਼ੁਦ ਦੇ ਰੇਤਾ, ਸ਼ਰਾਬ, ਭੂਮੀ ਤੇ ਟੋਲ ਮਾਫ਼ੀਆ ਆਦਿ ਦੇ ਕਾਰੋਬਾਰ ਧੜੱਲੇ ਨਾਲ ਚੱਲ ਰਹੇ ਹਨ। ਅੱਜ ਪੰਜਾਬ ਦੀ ਨੌਜਵਾਨੀ ਪੰਜਾਬ ਵਿਚ ਰਹਿਣ ਲਈ ਤਿਆਰ ਨਹੀਂ ਹੈ।

ਜਿਹੜੇ ਕੁਝ ਫ਼ੀਸਦੀ ਨੌਜਵਾਨ ਪੰਜਾਬ ਵਿਚ ਰਹਿ ਗਏ ਹਨ, ਉਨ੍ਹਾਂ ਨੂੰ ਟੈਲੀਕਾਮ ਕੰਪਨੀਆਂ ਵੱਲੋਂ ਦਿੱਤੇ ਨੈੱਟ ਪੈਕਾਂ ਨੇ ਆਪਣਾ 'ਗੁਲਾਮ' ਬਣਾ ਲਿਆ ਹੈ। ਨੌਜਵਾਨ ਮੁੰਡੇ-ਕੁੜੀਆਂ ਹੱਥਾਂ ਵਿਚ ਮੋਬਾਈਲ ਅਤੇ ਕੰਨਾਂ ਵਿਚ ਟੂਟੀਆਂ ਲਗਾ ਕੇ ਸੜਕਾਂ 'ਤੇ ਨੀਵੀਂ ਪਾ ਕੇ ਆਲੇ-ਦੁਆਲੇ ਤੋਂ ਬੇਖ਼ਬਰ ਚੱਲ ਰਹੇ ਹਨ। ਉਨ੍ਹਾਂ ਵਿਚ ਇੰਨੀ ਵੀ ਜੁਅਰਤ ਨਹੀਂ ਹੈ ਕਿ ਮੌਜੂਦਾ ਸਰਕਾਰਾਂ ਵੱਲੋਂ ਕੀਤੀ ਜਾ ਲੁੱਟ-ਖਸੁੱਟ ਅਤੇ ਬੇਇਨਸਾਫ਼ੀ ਵਿਰੁੱਧ ਆਵਾਜ਼ ਬੁਲੰਦ ਕਰ ਸਕਣ। ਸਰਕਾਰਾਂ ਨੇ ਨੌਜਵਾਨਾਂ ਦੀ ਗੁਲਾਮੀ ਦੀ ਰਮਜ਼ ਪਛਾਣ ਲਈ ਹੈ। ਜਿੱਥੇ ਉਨ੍ਹਾਂ ਨੂੰ ਕੋਈ ਡਰ ਹੁੰਦਾ ਹੈ, ਉੱਥੇ ਇੰਟਰਨੈੱਟ ਬੰਦ ਕਰ ਦਿੱਤਾ ਜਾਂਦੈ। ਹੁਣ ਤਾਂ ਪੰਜਾਬੀ ਇਸੇ ਗੱਲੋਂ ਹੀ ਡਰੀ ਜਾਂਦੇ ਹਨ ਕਿ ਜੇ ਸਰਕਾਰ ਨੇ ਨੈੱਟ ਬੰਦ ਦਿੱਤਾ ਤਾਂ ਸਾਡਾ ਕੀ ਬਣੂਗਾ। ਹੁਣ ਪੰਜਾਬ ਦੀ ਜਵਾਨੀ ਸੁੱਕੇ ਬਾਲਣ ਦੀ ਤਰ੍ਹਾਂ ਹੋ ਚੁੱਕੀ ਹੈ। ਆਪਸੀ ਰਿਸ਼ਤਿਆਂ ਵਿਚ ਤਰੇੜਾਂ ਪੈ ਚੁੱਕੀਆਂ ਹਨ।

ਭਾਈਚਾਰਕ ਸਾਂਝ ਟੁੱਟ ਰਹੀ ਹੈ। ਭੈਣ-ਭਰਾ ਦਾ ਰਿਸ਼ਤਾ ਹੁਣ ਨਿੱਘਾ ਤੇ ਮਾਣ-ਸਤਿਕਾਰ ਵਾਲਾ ਨਹੀਂ ਰਿਹਾ। ਸਰਕਾਰੀ ਸਕੂਲਾਂ ਦਾ ਮਾੜਾ ਹਾਲ ਹੈ। ਪ੍ਰਾਈਵੇਟ ਸਕੂਲਾਂ ਦਾ ਗਲਬਾ ਵਧਦਾ ਜਾ ਰਿਹਾ ਹੈ। ਸਰਕਾਰੀ ਅਧਿਆਪਕ ਗ਼ਰੀਬ ਬੱਚਿਆਂ ਨੂੰ ਪੜ੍ਹਾ ਰਹੇ ਹਨ। ਸਰਕਾਰ ਦੀ ਸਿੱਖਿਆ ਨੀਤੀ ਪੰਜਾਬ ਦੇ ਬੱਚਿਆਂ ਦਾ ਭਵਿੱਖ ਧੁੰਦਲਾ ਕਰਨ ਵਿਚ ਪੂਰਾ ਯੋਗਦਾਨ ਪਾ ਰਹੀ ਹੈ। ਗੱਲ ਕੀ ਇਨ੍ਹਾਂ ਚੁਣੌਤੀਆਂ ਦੀ ਸੂਚੀ ਬਹੁਤ ਲੰਬੀ ਹੋ ਚੁੱਕੀ ਹੈ। ਸਾਨੂੰ ਇਨ੍ਹਾਂ ਦਾ ਹੱਲ ਵੀ ਆਪ ਹੀ ਕੱਢਣਾ ਪਵੇਗਾ।


ਆਪਣੀ ਟੇਕ ਇਨ੍ਹਾਂ ਅਖੌਤੀ ਸਰਮਾਏਦਾਰ ਲੀਡਰਾਂ ਤੋਂ ਹਟਾਉਣੀ ਹੀ ਪਵੇਗੀ ਤੇ ਇਕ ਨਵੇਂ ਸੰਘਰਸ਼ ਦੀ ਸ਼ੁਰੂਆਤ ਕਰਨੀ ਪਵੇਗੀ। ਸਾਨੂੰ ਕੰਧ 'ਤੇ ਲਿਖਿਆ ਪੜ੍ਹਨਾ ਪਵੇਗਾ। ਪਹਿਲਾਂ ਸਾਨੂੰ ਅੰਗਰੇਜ਼ ਲੁੱਟਦੇ ਰਹੇ, ਹੁਣ ਸਾਨੂੰ ਕਾਲੇ ਅੰਗਰੇਜ਼ ਲੁੱਟੀ ਜਾ ਰਹੇ ਹਨ। ਜੇ ਹੁਣ ਵੀ ਅਸੀਂ ਕੁਝ ਨਾ ਕੀਤਾ ਤਾਂ ਇਹ ਪੰਜ ਪ੍ਰਤੀਸ਼ਤ ਲੋਕ ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਵੀ ਇਸੇ ਤਰ੍ਹਾਂ ਲੁੱਟੀ ਤੇ ਕੁੱਟੀ ਜਾਣਗੇ। ਸਾਨੂੰ ਪਹਿਲ ਕਰਨ ਲਈ ਮੁਹਰੇ ਆਉਣਾ ਹੀ ਪਵੇਗਾ-ਨਹੀਂ ਤਾਂ ਇਹ ਨਵੇਂ ਸਾਲ ਆਉਂਦੇ-ਜਾਂਦੇ ਰਹਿਣਗੇ ਤੇ ਅਸੀਂ ਆਪਣੇ ਹੀ ਲੋਟੂ ਭਾਈਆਂ ਕੋਲੋਂ ਲੁੱਟੇ ਜਾਂਦੇ ਰਹਾਂਗੇ। ਆਓ! ਆਪਾਂ ਸਾਰੇ ਸਹੁੰ ਖਾਈਏ ਕਿ ਇਸ ਨਵੇਂ ਸਾਲ 'ਚ ਅਸੀਂ ਇਨ੍ਹਾਂ ਹੁਕਮਰਾਨਾਂ ਵਿਰੁੱਧ ਜੰਗ ਦੀ ਸ਼ੁਰੂਆਤ ਆਪਣੇ ਬਲਬੂਤੇ ਕਰਨੀ ਹੈ। ਇਨ੍ਹਾਂ ਦੇ ਥੱਲੇ ਲੱਗਣ ਦੀ ਆਪਣੀ ਮਾਨਸਿਕਤਾ ਨੂੰ ਬਦਲਣਾ ਹੈ। ਜੇ ਅਸੀਂ ਆਪਣੇ ਅੰਦਰ ਦੱਬੇ ਪਏ ਗੁਬਾਰ ਨੂੰ ਬਾਹਰ ਲੈ ਆਏ ਤਾਂ 2025 ਵਿਚ ਸਾਡੇ ਪੰਜਾਬ ਦੇ ਫ਼ਿਕਰ ਨੂੰ ਮੁੜ ਫ਼ਖ਼ਰ ਵਿਚ ਬਦਲਣ ਤੋਂ ਕੋਈ ਨਹੀਂ ਰੋਕ ਸਕੇਗਾ। ਸੋ ਆਓ, ਕਾਮਨਾ ਕਰੀਏ ਕਿ ਇਹ ਨਵਾਂ ਸਾਲ ਸਾਡੇ ਸਭ ਲਈ ਖ਼ੁਸ਼ੀਆਂ, ਖੇੜੇ ਤੇ ਬਹਾਰਾਂ ਲੈ ਕੇ ਆਵੇ ਤੇ ਨਾਲ ਹੀ ਟੁੱਟ ਚੁੱਕੀ ਭਾਈਚਾਰਕ ਸਾਂਝ ਕੁਝ ਪੀਡੀ ਕਰ ਸਕੇ।

# ਐਨਟੀਨੇ ਘੁੰਮਾ ਕੇ ਚੱਲਣ ਵਾਲੇ ਟੈਲੀਵਿਜ਼ਨ ਦਾ ਵੀ ਇਕ ਸਮਾਂ ਸੀ

**ਬਿੰਦਰ ਸਿੰਘ ਖੁੱਡੀ ਕਲਾਂ**

ਰਵਾਨਗੀ ਸਮੇਂ ਦੀ ਵਿਸ਼ੇਸ਼ਤਾ ਅਤੇ ਵਿਲੱਖਣਤਾ ਹੈ। ਰੁਕਣਾ ਜਾਂ ਕਿਸੇ ਦੀ ਉਡੀਕ ਕਰਨਾ ਸਮੇਂ ਦੀ ਆਦਤ ਨਹੀਂ ਹੈ। ਸਮੇਂ ਦੀ ਕੀਮਤ ਇਸ ਦੀ ਰਵਾਨਗੀ ਵਿਚ ਹੀ ਹੈ। ਜੇ ਸਮੇਂ ਨੂੰ ਰੋਕ ਸਕਣਾ ਸੰਭਵ ਹੁੰਦਾ ਤਾਂ ਇਹ ਕੀਮਤੀ ਵੀ ਨਾ ਹੁੰਦਾ। ਸਮੇਂ ਦੀ ਰਵਾਨਗੀ ਨੂੰ ਇਨਸਾਨ ਨੇ ਆਪਣੀ ਜ਼ਰੂਰਤ ਅਨੁਸਾਰ ਘੜੀਆਂ, ਪਲਾਂ, ਘੰਟਿਆਂ, ਦਿਨਾਂ, ਹਫ਼ਤਿਆਂ, ਮਹੀਨਿਆਂ ਤੇ ਵਰ੍ਹਿਆਂ ਵਿਚ ਵੰਡ ਲਿਆ ਹੈ। ਸਮੇਂ ਦੀ ਤਬਦੀਲੀ ਮਨੁੱਖ ਲਈ ਵੱਖਰਾ ਉਤਸ਼ਾਹ ਲੈ ਕੇ ਆਉਂਦੀ ਹੈ। ਹਰ ਦਿਨ, ਹਫ਼ਤੇ ਅਤੇ ਮਹੀਨੇ ਦੀ ਸਵੇਰ ਦੀ ਮਨੁੱਖ ਨਵੇਂ ਜੋਸ਼ ਨਾਲ ਸ਼ੁਰੂ ਕਰਦਾ ਹੈ। ਦਿਨਾਂ, ਹਫ਼ਤਿਆਂ ਤੇ ਮਹੀਨਿਆਂ ਦੇ ਜੋੜ ਨਾਲ ਬਣੇ ਵਰ੍ਹੇ ਦੀ ਸ਼ੁਰੂਆਤ ਵਿਸ਼ਵ ਭਰ ਦੀ ਮਨੁੱਖਤਾ ਵੱਲੋਂ ਨਵੇਂ ਜਜ਼ਬਿਆਂ ਨਾਲ ਆਰੰਭ ਕੀਤੀ ਜਾਂਦੀ ਹੈ। ਵਿਸ਼ਵ ਦੇ ਹਰ ਕੋਨੇ 'ਚ ਲੋਕਾਂ ਵੱਲੋਂ ਨਵੇਂ ਵਰ੍ਹੇ ਨੂੰ ਖ਼ੁਸ਼ਆਮਦੀਦ ਕਹਿਣ ਦੇ ਨਾਲ-ਨਾਲ ਬੀਤ ਰਹੇ ਵਰ੍ਹੇ ਨੂੰ ਪਿਆਰ ਅਤੇ ਸਤਿਕਾਰ ਭਰੀ ਅਲਵਿਦਾ ਵੀ ਕਹੀ ਜਾਂਦੀ ਹੈ। ਇਕੱਤੀ ਦਸੰਬਰ ਦੀ ਰਾਤ ਨੂੰ ਵਿਸ਼ਵ ਭਰ ਦੇ ਲੋਕਾਂ ਵੱਲੋਂ ਜਸ਼ਨ ਦੇ ਰੂਪ ਵਿਚ ਮਨਾਉਂਦਿਆਂ ਆਪੋ-ਆਪਣੀ ਸੱਭਿਅਤਾ ਦੀ ਤਰਜਮਾਨੀ ਕਰਦੇ ਰੰਗਾਰੰਗ ਸਮਾਗਮ ਕੀਤੇ ਜਾਂਦੇ ਹਨ। ਪੰਜਾਬ ਵਿਚ ਵੀ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਇਸ ਤਰ੍ਹਾਂ ਦੇ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਹੈ।

ਟੈਲੀਵਿਜ਼ਨ ਚੈਨਲਾਂ ਵੱਲੋਂ ਵਿਸ਼ੇਸ਼ ਤੌਰ 'ਤੇ ਗੀਤ-ਸੰਗੀਤ ਦੇ ਪ੍ਰੋਗਰਾਮਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਕੋਈ ਸਮਾਂ ਸੀ ਜਦੋਂ ਟੈਲੀਵਿਜ਼ਨ ਚੈਨਲਾਂ ਦੀ ਅੱਜ ਵਾਂਗ ਭਰਮਾਰ ਨਹੀਂ ਸੀ ਅਤੇ ਚੈਨਲਾਂ ਦੇ ਖੇਤਰ 'ਚ



ਦੂਰਦਰਸ਼ਨ ਦੀ ਸਰਦਾਰੀ ਹੁੰਦੀ ਸੀ। ਨਵੇਂ ਵਰ੍ਹੇ ਨੂੰ ਖ਼ੁਸ਼ਆਮਦੀਦ ਕਹਿਣ ਲਈ ਪੇਸ਼ ਕੀਤਾ ਜਾਂਦਾ ਰੰਗਾਰੰਗ ਪ੍ਰੋਗਰਾਮ ਦਰਸ਼ਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੁੰਦਾ ਸੀ। ਗੀਤਾਂ ਤੇ ਸਕਿੱਟਾਂ ਵਾਲੇ ਇਸ ਪ੍ਰੋਗਰਾਮ ਨੂੰ ਵੇਖਣ ਲਈ ਲੋਕ ਦੇਰ ਰਾਤ ਤੱਕ ਜਾਗਦੇ ਰਹਿੰਦੇ ਸਨ। ਦੂਰਦਰਸ਼ਨ ਦੀ ਸਰਦਾਰੀ ਵਾਲੇ ਦਿਨਾਂ ਦੌਰਾਨ ਪ੍ਰਸਾਰਣ ਤਕਨੀਕ ਵੀ ਅੱਜ ਵਰਗੀ ਤੇਜ਼-ਤਰਾਰ ਨਹੀਂ ਸੀ। ਕੇਬਲ ਤਾਰ ਰਾਹੀਂ ਚੈਨਲ ਦੀ ਸੁਵਿਧਾ ਮਹਿਜ਼ ਸ਼ਹਿਰਾਂ ਦੇ ਕੁਝ ਕੁ ਘਰਾਂ ਤੱਕ ਸੀਮਤ ਸੀ। ਬਹੁਗਿਣਤੀ ਘਰਾਂ 'ਚ ਐਨਟੀਨਾ ਲਗਾ ਕੇ ਟੈਲੀਵਿਜ਼ਨ ਵੇਖਿਆ ਜਾਂਦਾ ਸੀ। ਲੋਹੇ ਦੀ ਵੀਹ-ਪੱਚੀ ਫੁੱਟ ਉੱਚੀ ਪਾਈਪ ਦੇ ਸਿਖਰ 'ਤੇ ਐਲੂਮੀਨੀਅਮ ਦੀਆਂ ਰਾਡਾਂ ਦਾ ਐਨਟੀਨਾ ਵਿਸ਼ੇਸ਼ ਦਿਸ਼ਾ ਵੱਲ ਫਿੱਟ ਕੀਤਾ ਜਾਂਦਾ ਸੀ। ਉਸ ਐਨਟੀਨੇ ਵੱਲੋਂ ਪ੍ਰਾਪਤ ਕੀਤਾ ਸਿਗਨਲ ਤਾਰ ਰਾਹੀਂ ਟੈਲੀਵਿਜ਼ਨ ਤੱਕ ਪਹੁੰਚਦਾ ਕੀਤਾ ਜਾਂਦਾ ਸੀ।

ਘਰਾਂ ਦੀਆਂ ਛੱਤਾਂ 'ਤੇ ਵਿਖਾਈ ਦਿੰਦੀ ਐਨਟੀਨਿਆਂ ਦੀ ਭਰਮਾਰ ਵੱਖਰਾ ਹੀ ਨਜ਼ਾਰਾ ਪੇਸ਼ ਕਰਦੀ ਸੀ। ਤੇਜ਼-ਹਵਾਵਾਂ ਅਤੇ ਹਨੇਰੀਆਂ ਦੌਰਾਨ ਇਹ ਐਨਟੀਨੇ ਅਕਸਰ ਟੁੱਟ ਜਾਂਦੇ ਸਨ ਜਾਂ ਫਿਰ ਆਪਣੀ ਦਿਸ਼ਾ ਤੋਂ ਹਿੱਲ ਜਾਂਦੇ ਸਨ। ਐਨਟੀਨੇ ਦੀ ਦਿਸ਼ਾ ਹਿੱਲਣ ਨਾਲ ਹੀ ਤਸਵੀਰ ਦੀ ਗੁਣਵੱਤਾ ਖ਼ਰਾਬ ਹੋ ਜਾਂਦੀ ਸੀ ਜਾਂ ਫਿਰ ਕਈ ਵਾਰ ਤਸਵੀਰ ਆਉਂਦੀ ਹੀ ਨਹੀਂ ਸੀ। ਕਈ ਵਾਰ ਕੇਵਲ ਤਸਵੀਰ ਆ ਜਾਣੀ, ਆਵਾਜ਼ ਨਾ ਆਉਣੀ ਜਾਂ ਫਿਰ ਕੇਵਲ ਆਵਾਜ਼ ਆ ਜਾਣੀ ਤੇ ਤਸਵੀਰ ਨਾ ਆਉਣੀ। ਇਸ ਤਰ੍ਹਾਂ ਦੀਆਂ ਤਮਾਮ ਸਮੱਸਿਆਵਾਂ ਤੋਂ ਮੁਕਤੀ ਪਾਉਣ ਲਈ

(ਬਾਕੀ ਸਫ਼ਾ 16 'ਤੇ)

# Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

3143 ARDEN ROAD, HAYWARD, CA- 94545


# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

# AAA AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial PKWY West
Hayward, CA 94544

# CALIFORNIA IMMIGRATION SERVICES INC.

CISI

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION
OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

## SUKHWINDER BHELLA

510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



# GRAND OPENING FAIRWAY AUTO CENTRE BODY SHOP

ਸੋਮਵਾਰ ਤੋਂ ਸ਼ੁੱਕਰਵਾਰ 9 ਤੋਂ 5, ਸ਼ਨਿਚਰਵਾਰ ਨੂੰ 9 ਤੋਂ 2 ਵਜੇ ਤੱਕ

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

Our Expertise Services.. As offers below

* All Accicents Insurance Claims are accepted it.
* Repairs Fiber Glasses for Trucks & Cars.
* Straighten Frames & Scratch Removal from cars
* Build Customs Design Cars per cust
* Replace Brakes & Rooters for cars
* Engine Lights & Car Maintenances
* Body Repairs & Paint Restoration

15% Off Any Selected Servises Until January 30, 2025



Gurdial Aujla
510-552-0856

Our Services Hours
Monday to Friday (9:00 AM to 5:00 PM)
Saturday 9:00 AM to 2:00 PM and Sunday (Closed)

1620 doolittle Dr, San Leandro, CA 94577
510-538-2983
Email: 1fairwayautocenter@gmail.com

MOON indian cuisine

# Moon Indian Cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਠੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ
ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170
www.moonindiancuisine.net

# ਕੀ ਕੁਆਰੇ ਲੋਕ ਵਿਆਹੇ ਲੋਕਾਂ ਨਾਲੋਂ ਜ਼ਿਆਦਾ ਖੁਸ਼ ਹੁੰਦੇ ਹਨ

ਡਾ. ਬੇਲਾ ਡੀਪੌਲੋ ਦਾ ਕਹਿਣਾ ਹੈ ਕਿ ਜਦੋਂ ਉਹ 20 ਸਾਲਾਂ ਦੇ ਸਨ ਤਾਂ ਉਹ ਕੁਆਰੇ ਰਹਿ ਕੇ ਖੁਸ਼ ਸੀ। ਪਰ ਉਹ ਕਹਿੰਦੇ ਹਨ ਕਿ ਉਹ ਹਮੇਸ਼ਾ ਇਹ ਸੋਚਦੇ ਸਨ ਕਿ ਇਹ ਭਾਵਨਾ ਬਦਲ ਜਾਵੇਗੀ ਅਤੇ ਉਨ੍ਹਾਂ ਦੇ ਆਲੇ-ਦੁਆਲੇ ਰਹਿਣ ਵਾਲੇ ਲੋਕ ਵੀ ਇਹੀ ਕਹਿੰਦੇ ਸਨ।

ਡਾ. ਡੀਪੌਲੋ ਹੁਣ 71 ਸਾਲ ਦੇ ਹਨ ਅਤੇ ਉਹ ਕਹਿੰਦੇ ਹਨ ਕਿ ਇਹ ਭਾਵਨਾ ਕਦੇ ਨਹੀਂ ਬਦਲਦੀ, ਜਦਕਿ ਉਨ੍ਹਾਂ ਦੇ ਆਲੇ-ਦੁਆਲੇ ਰਹਿਣ ਵਾਲੇ ਲੋਕ ਅਜੇ ਵੀ ਉਸੇ ਗੱਲ 'ਤੇ ਯਕੀਨ ਕਰਦੇ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਦੇ ਇਕੱਲੇ ਰਹਿਣ ਦੇ ਅਹਿਸਾਸ ਨੇ ਉਨ੍ਹਾਂ ਨੂੰ ਸੰਪੂਰਨ ਜ਼ਿੰਦਗੀ ਜਿਉਣ ਦੀ ਇਜ਼ਾਜਤ ਦਿੱਤੀ ਹੈ। "ਸਮੇਂ ਦੇ ਨਾਲ ਮੈਨੂੰ ਅਹਿਸਾਸ ਹੋਇਆ ਕਿ ਮੇਰੇ ਲਈ ਇਕੱਲੇ ਰਹਿਣਾ ਹੀ ਠੀਕ ਹੈ। ਜਦੋਂ ਤੁਸੀਂ ਇਹ ਮੰਨ ਲੈਂਦੇ ਹੋ ਤਾਂ ਤੁਸੀਂ ਇਕੱਲੇ ਵਿਅਕਤੀ ਦੇ ਰੂਪ ਵਿੱਚ ਆਪਣੀ ਜ਼ਿੰਦਗੀ ਨਾਲ ਪੂਰੀ ਤਰ੍ਹਾਂ ਇਨਸਾਫ ਕਰ ਸਕਦੇ ਹੋ, ਘਰ ਖਰੀਦਦੇ ਹੋ, ਆਪਣਾ ਮਨਚਾਹਿਆ ਕੰਮ ਕਰਦੇ ਹੋ ਅਤੇ ਆਪਣੀ ਸੰਪੂਰਨ ਜ਼ਿੰਦਗੀ ਜਿਉਂਦੇ ਹੋ।" ਡਾ. ਡੀਪੌਲੋ ਹਾਰਵਰਡ ਯੂਨੀਵਰਸਿਟੀ ਵਿੱਚ ਇੱਕ ਸਮਾਜਿਕ ਮਨੋਵਿਗਿਆਨੀ ਹਨ ਅਤੇ ਪੁਸਤਕ "ਨੈਚੁਰਲੀ ਸਿੰਗਲ" ਦੇ ਲੇਖਕ ਹਨ।

ਸਾਲਾਂ ਤੋਂ ਉਨ੍ਹਾਂ ਨੇ ਕੁਆਰੇ ਰਹਿ ਰਹੇ ਲੋਕਾਂ ਦੀ ਜ਼ਿੰਦਗੀ ਅਤੇ ਉਨ੍ਹਾਂ ਦੇ ਖੁਸ਼ ਰਹਿਣ ਬਾਰੇ ਅਧਿਐਨ ਕੀਤਾ ਹੈ। ਉਨ੍ਹਾਂ ਨੇ ਇਸ ਦਾ ਵੀ ਅਧਿਐਨ ਕੀਤਾ ਕਿ ਸਮਾਜ ਵਿੱਚ ਉਨ੍ਹਾਂ ਦੀ ਭੂਮਿਕਾ ਕਿਵੇਂ ਬਦਲ ਰਹੀ ਹੈ। ਡੀਪੌਲੋ ਕਹਿੰਦੇ ਹਨ ਕਿ ਇਕੱਲੇ ਰਹਿਣ ਵਾਲੇ ਲੋਕਾਂ ਦੇ ਤਜ਼ਰਬਿਆਂ ਬਾਰੇ ਸਮਾਜ ਵਿੱਚ ਬਹੁਤ ਸਾਰੀਆਂ ਗੱਲਾਂ ਹਨ –। ਉਹ ਕਹਿੰਦੇ ਹਨ ਕਿ ਇਨ੍ਹਾਂ ਵਿੱਚੋਂ ਕਈ ਵਿਚਾਰ ਪੂਰੀ ਤਰ੍ਹਾਂ ਹਟਾ ਦਿੱਤੇ ਗਏ ਹਨ,ਜੋ ਇੱਕ ਸਮਾਜਿਕ ਖੋਜਕਰਤਾ ਦੇ ਰੂਪ ਵਿੱਚ ਉਨ੍ਹਾਂ ਨੇ ਦੇਖੇ । ਉਹ ਕਹਿੰਦੇ ਹਨ, "ਮੈਂ ਆਪਣਾ ਜੀਵਨ ਇਕੱਲੇ ਰਹਿਣ ਵਾਲੇ ਲੋਕਾਂ ਦੀਆਂ ਅਸਲ ਕਹਾਣੀਆਂ ਨੂੰ ਲੱਭਣ ਲਈ ਸਮਰਪਿਤ ਕਰ ਦਿੱਤਾ।" ਡੀਪੌਲੋ ਨੇ 2017 ਵਿੱਚ ਟੈੱਡ ਟਾਕ ਵਿੱਚ ਕਿਹਾ ਸੀ, "ਅਜਿਹੀਆਂ ਬਹੁਤ ਸਾਰੀਆਂ ਕਹਾਣੀਆਂ ਹਨ, ਜਿਨ੍ਹਾਂ ਬਾਰੇ ਸਾਨੂੰ ਕੋਈ ਦੱਸਦਾ ਨਹੀਂ।" ਇਸ ਨੂੰ 1।7 ਮਿਲੀਅਨ ਤੋਂ ਵੱਧ ਦੇਖਿਆ ਗਿਆ ਹੈ।

**'ਲੋਕਾਂ ਦਾ ਧਿਆਨ ਕੁਆਰਿਆਂ ਨਾਲੋਂ ਜੋੜਿਆਂ ਵੱਲ ਵੱਧ ਜਾਂਦਾ ਹੈ'**

ਮੈਂ ਤੁਹਾਨੂੰ ਇੱਕ ਸਵਾਲ ਪੁੱਛ ਕੇ ਸ਼ੁਰੂਆਤ ਕਰਾਂਗਾ, ਜੋ ਮੇਰੇ ਨਿੱਜੀ ਤਜ਼ਰਬੇ ਤੋਂ ਆਉਂਦਾ ਹੈ। ਮੈਂ 38 ਸਾਲ ਦਾ ਹਾਂ, ਮੈਂ ਇਕੱਲਾ ਹਾਂ ਅਤੇ ਕਦੇ-ਕਦੇ ਮੈਨੂੰ ਅਜਿਹਾ ਲੱਗਦਾ ਹੈ ਕਿ ਦੁਨੀਆ ਉਨ੍ਹਾਂ ਲੋਕਾਂ ਦੇ ਪੱਖ ਵਿੱਚ ਹੈ, ਜੋ ਰਿਸ਼ਤੇ ਵਿੱਚ ਹਨ।

**ਤੁਸੀਂ ਅਜਿਹਾ ਕਿਉਂ ਮਹਿਸੂਸ ਕਰਦੇ ਹੋ?**

ਡੀਪੌਲੋ ਜਵਾਬ ਦਿੰਦੇ ਹਨ ਕਿ, "ਇਹ ਸੱਚ ਹੈ ਕਿ ਲੋਕਾਂ ਦਾ ਧਿਆਨ ਜੋੜਿਆਂ ਵੱਲ ਜ਼ਿਆਦਾ ਜਾਂਦਾ ਹੈ, ਉਨ੍ਹਾਂ ਨੂੰ ਤੋਹਫ਼ੇ, ਸਤਿਕਾਰ, ਇੱਥੋਂ ਤੱਕ ਕਿ ਫਿਲਮਾਂ ਅਤੇ ਸੀਰੀਜ਼ ਵਿੱਚ ਮੁੱਖ ਭੂਮਿਕਾ ਮਿਲਦੀ ਹੈ। ਸਾਰਾ ਕੁਝ ਉਨ੍ਹਾਂ ਲੋਕਾਂ ਦੇ ਆਲੇ-ਦੁਆਲੇ ਹੀ ਘੁੰਮਦਾ ਜਾਪਦਾ ਹੈ, ਜੋ ਲੋਕ ਰਿਸ਼ਤੇ ਵਿੱਚ ਹੁੰਦੇ ਹਨ।" "ਹਾਲਾਂਕਿ ਹੁਣ ਇਹ ਸਭ ਬਦਲ ਰਿਹਾ ਹੈ ਕਿਉਂਕਿ ਦੁਨੀਆ ਭਰ ਵਿੱਚ ਜ਼ਿਆਦਾ ਤੋਂ ਜ਼ਿਆਦਾ ਲੋਕ ਇਕੱਲਾ ਰਹਿਣਾ ਪਸੰਦ ਕਰ ਰਹੇ ਹਨ। ਇੱਥੇ ਸਾਡੇ ਵਰਗੇ ਹੋਰ ਵੀ ਲੋਕ ਹਨ। ਅਸੀਂ ਇਸ ਬਿਰਤਾਂਤ ਨੂੰ ਬਦਲ ਸਕਦੇ ਹਨ ਕਿ ਇਕੱਲੇ ਰਹਿਣ ਦਾ ਕੀ ਮਤਲਬ ਹੁੰਦਾ ਹੈ ਅਤੇ ਅਸੀਂ ਸਾਰੇ ਇਸ ਬਾਰੇ ਵਧੀਆ ਮਹਿਸੂਸ ਕਰਾਂਗੇ।" ਉਹ ਇਹ ਵੀ ਕਹਿੰਦੇ ਹਨ ਕਿ ਪਰ ਇਸ ਗੱਲ ਦਾ ਮਾਣ ਕਰਨਾ ਕਈ ਵਾਰ ਔਖਾ ਹੋ ਜਾਂਦਾ ਹੈ, ਉਦੋਂ ਜਦੋਂ ਤੁਸੀਂ ਕਿਸੇ ਵਿਗਿਆਨਕ ਅਧਿਐਨ ਨੂੰ ਇਹ ਤਰਕ ਦਿੰਦੇ ਹੋਏ ਸੁਣਦੇ ਹੋ ਕਿ ਵਿਆਹੇ ਹੋਏ ਲੋਕ ਬੁਢਾਪੇ ਵਿੱਚ ਖੁਸ਼ ਰਹਿੰਦੇ ਹਨ। ਸਮੱਸਿਆ ਇਹ ਹੈ ਕਿ ਇਹ ਅਧਿਐਨ ਹੁਣ ਪੁਰਾਣੇ ਹੋ ਚੁੱਕੇ ਹਨ।

ਹਾਲ ਹੀ ਵਿੱਚ ਇਕੱਲੇ ਰਹਿਣ ਵਾਲੇ ਲੋਕਾਂ ਉੱਤੇ



ਕੀਤੇ ਗਏ ਅਧਿਐਨ ਇਹ ਦੱਸਦੇ ਹਨ ਕਿ ਜਦੋਂ ਇਕੱਲਾ ਰਹਿਣ ਵਾਲਾ ਵਿਅਕਤੀ ਆਪਣੀ ਮੱਧ ਉਮਰ ਯਾਨੀ ਕਿ 40 ਸਾਲ ਦੀ ਉਮਰ ਵਿੱਚ ਆਉਂਦਾ ਹੈ ਤਾਂ ਉਹ ਹੋਰ ਵੀ ਜ਼ਿਆਦਾ ਖੁਸ਼ ਨਜ਼ਰ ਆਉਂਦਾ ਹੈ।

ਇਹ ਅਧਿਐਨ ਉਸ ਰੂੜ੍ਹੀਵਾਦੀ ਧਾਰਨਾ ਨੂੰ ਤੋੜਦਾ ਹੈ ਕਿ ਆਈਸਕ੍ਰੀਮ ਖਾਂਦਾ ਹੋਇਆ ਇਕੱਲਾ ਦੁਖੀ ਵਿਅਕਤੀ ਘਰ ਵਿੱਚ ਰੋ ਰਿਹਾ ਹੈ। ਅਸਲ ਸੱਚਾਈ ਇਹ ਹੈ ਕਿ ਇਕੱਲੇ ਰਹਿਣ ਵਾਲੇ ਲੋਕ ਪਹਿਲਾਂ ਹੀ ਖੁਸ਼ ਹਨ ਅਤੇ ਸਮੇਂ ਦੇ ਨਾਲ ਉਹ ਹੋਰ ਵੀ ਜ਼ਿਆਦਾ ਖੁਸ਼ ਹੁੰਦੇ ਜਾਂਦੇ ਹਨ। ਅਧਿਐਨ ਸਾਨੂੰ ਕੀ ਦੱਸਦੇ ਹਨ ਕਿ ਇਕੱਲੇ ਲੋਕ ਖੁਸ਼ ਕਿਉਂ ਰਹਿੰਦੇ ਹਨ? ਅਧਿਐਨ ਦੱਸਦੇ ਹਨ ਕਿ ਜਦੋਂ ਲੋਕ ਵਿਆਹੇ ਜਾਂਦੇ ਹਨ ਤਾਂ ਹੋਰ ਵੀ ਜ਼ਿਆਦਾ ਇਕੱਲੇਪਣ ਮਹਿਸੂਸ ਕਰ ਸਕਦੇ ਹਨ। ਉਹ ਆਪਣੇ ਦੋਸਤਾਂ ਤੋਂ ਦੂਰ ਹੋ ਜਾਂਦੇ ਹਨ, ਆਪਣੇ ਮਾਪਿਆਂ ਨਾਲ ਘੱਟ ਸਮਾਂ ਬਿਤਾਉਂਦੇ ਹਨ ਅਤੇ ਆਪਣੇ ਅੰਦਰ ਇੱਕ ਬੁਲਬੁਲਾ ਪੈਦਾ ਕਰ ਲੈਂਦੇ ਹਨ।

ਦੂਜੇ ਪਾਸੇ ਕੁਆਰੇ ਲੋਕ ਆਪਣੇ ਦੋਸਤਾਂ, ਪਰਿਵਾਰ ਅਤੇ ਆਪਣੀ ਜ਼ਿੰਦਗੀ ਦੇ ਹੋਰ ਅਹਿਮ ਲੋਕਾਂ ਨਾਲ ਮਿਲਦੇ-ਵਰਤਦੇ ਰਹਿੰਦੇ ਹਨ। ਇਹ ਇੱਕ ਮੁੱਖ ਕਾਰਨ ਹੈ ਕਿ ਇਕੱਲੇ ਰਹਿਣ ਵਾਲੇ ਲੋਕ ਸਮੇਂ ਦੇ ਨਾਲ ਆਪਣੀ ਜ਼ਿੰਦਗੀ ਵਿੱਚ ਜ਼ਿਆਦਾ ਖੁਸ਼ ਰਹਿਣ ਲੱਗਦੇ ਹਨ। ਨਾਲ ਹੀ ਉਹ ਜਾਣਦੇ ਹਨ ਇਕੱਲੇ ਜੀਵਨ ਕਿਵੇਂ ਬਤੀਤ ਕਰਨਾ ਹੈ, ਉਹ ਆਪਣਾ ਘਰ ਬਣਾਉਂਦੇ ਹਨ, ਆਪਣੇ ਰਿਸ਼ਤਿਆਂ ਨੂੰ ਸੰਭਾਲਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਆਪਣੇ ਤਰੀਕੇ ਨਾਲ ਜਿਉਣ ਦੀ ਆਜ਼ਾਦੀ ਹੁੰਦੀ ਹੈ। ਮੈਂ ਇਨ੍ਹਾਂ ਨੂੰ 'ਇਕੱਲੇ ਦਿਲ ਵਾਲਾ' ਕਹਿੰਦਾ ਹਾਂ। ਉਹ ਆਪਣੇ ਇਕੱਲੇਪਣ ਦੇ ਬਾਵਜੂਦ ਵੱਧਦੇ-ਫੁੱਲਦੇ ਹਨ ਅਤੇ ਖੁਸ਼ ਰਹਿੰਦੇ ਹਨ।

**'ਦਿਲੋਂ ਇਕੱਲੇ' ਲੋਕਾਂ ਦਾ ਕਿਵੇਂ ਪਤਾ ਲੱਗਦਾ ਹੈ**

ਤੁਸੀਂ ਉਨ੍ਹਾਂ ਲੋਕਾਂ ਬਾਰੇ ਗੱਲ ਕਰਦੇ ਹੋ, ਜੋ 'ਦਿਲ ਤੋਂ ਇਕੱਲੇ' ਹਨ, ਇੱਕ ਇਕੱਲੇ ਰਹਿਣ ਵਾਲੇ ਦੀ ਪਛਾਣ ਕਿਵੇਂ ਕੀਤੀ ਜਾ ਸਕਦੀ ਹੈ? ਦਿਲ ਤੋਂ ਇਕੱਲੇ ਰਹਿਣ ਵਾਲੇ ਲੋਕ ਆਪਣੀ ਆਜ਼ਾਦੀ ਦਾ ਲੁਤਫ਼ ਲੈਂਦੇ ਹਨ ਅਤੇ ਉਹ ਆਪਣੇ ਇਕੱਲੇ ਰਹਿਣ ਦੇ ਸਮੇਂ ਦੀ ਵਰਤੋਂ ਚਿੰਤਤ ਕਰਨ, ਆਰਾਮ ਕਰਨ, ਰਚਨਾਤਮਕ ਬਣਨ ਅਤੇ ਆਪਣੀ ਅਧਿਆਤਮਕਤਾ ਵਿਕਸਤ ਕਰਨ ਲਈ ਕਰਦੇ ਹਨ। ਉਹ ਇਕੱਲੇ ਰਹਿਣ ਤੋਂ ਡਰਦੇ ਨਹੀਂ ਹਨ ਅਤੇ ਇਹੀ ਉਨ੍ਹਾਂ ਨੂੰ ਇਕੱਲੇਪਣ ਮਹਿਸੂਸ ਕਰਨ ਤੋਂ ਬਚਾਉਂਦਾ ਹੈ। ਇਹ ਉਸ ਰੂੜ੍ਹੀਵਾਦੀ ਵਿਚਾਰ ਦੇ ਵਿਰੁੱਧ ਹਨ ਕਿ ਇਕੱਲੇ ਲੋਕ ਇਕੱਲੇਪਣ ਦਾ ਸ਼ਿਕਾਰ ਹੁੰਦੇ ਹਨ। ਯਕੀਨਨ ਕੁਝ ਕੁਆਰੇ ਲੋਕ ਇਕੱਲਪਣ ਮਹਿਸੂਸ ਕਰਦੇ ਹਨ, ਜਿਵੇਂ ਕਿ ਬਹੁਤ ਸਾਰੇ ਵਿਆਹੇ ਹੋਏ ਲੋਕ ਕਰਦੇ ਹਨ ਪਰ ਜਿਹੜੇ ਲੋਕ ਦਿਲੋਂ ਕੁਆਰੇ ਹਨ, ਉਹ ਇਕੱਲੇਪਣ ਨੂੰ ਸਾਕਾਰਤਮਕ ਵਜੋਂ ਲੈਂਦੇ ਹਨ।

ਅੰਗਰੇਜ਼ੀ ਵਿੱਚ ਦੋ ਵੱਖ-ਵੱਖ ਸ਼ਬਦ ਹਨ ,ਇਕਾਂਤ ਅਤੇ ਇਕੱਲਾਪਣ। ਕੀ ਇਹ ਅੰਤਰ ਸਾਨੂੰ ਇਹ ਸਮਝਣ ਵਿੱਚ ਮਦਦ ਕਰ ਸਕਦਾ ਹੈ ਕਿ ਕੁਝ ਕੁਆਰੇ ਲੋਕ ਖੁਸ਼ ਕਿਉਂ ਮਹਿਸੂਸ ਕਰਦੇ ਹਨ ਅਤੇ ਹੋਰ ਵਿਆਹੇ ਹੋਏ ਇਕੱਲਾ ਮਹਿਸੂਸ ਕਰਦੇ ਹਨ? ਇਕੱਲਤਾ ਉਦੋਂ ਵਾਪਰਦੀ ਹੈ ਜਦੋਂ ਤੁਸੀਂ ਸਮਾਜ ਵਿੱਚ ਜਿਸ ਗੁਣਵਤਾ ਦਾ ਮੇਲ-ਜੋਲ ਚਾਹੁੰਦੇ ਹੋ ਉਹ ਨਹੀਂ ਮਿਲਦਾ ਤਾਂ ਤੁਸੀਂ ਇਸ ਬਾਰੇ ਨਾਖੁਸ਼ ਮਹਿਸੂਸ ਕਰਦੇ ਹੋ।

ਜਦਕਿ ਦੂਜੇ ਪਾਸੇ,ਇਕਾਂਤ ਇੱਕ ਚੁਣੇ ਹੋਏ ਬਦਲ ਜਾਂ ਫਿਰ ਇਕੱਲੇ ਬਿਤਾਏ ਜਾਣ ਵਾਲੇ ਸਮੇਂ ਵਜੋਂ ਦਰਸਾਇਆ ਜਾਂਦਾ ਹੈ। ਜੋ ਬਹੁਤ ਬੇਹਤਰ ਹੋ ਸਕਦਾ ਹੈ। ਬਹੁਤ ਸਾਰੇ ਲੋਕ , ਖ਼ਾਸ ਕਰਕੇ ਇਕੱਲੇ ਰਹਿਣ ਵਾਲੇ ਲੋਕ ਇਸ ਸਮੇਂ ਦੀ ਕਦਰ ਕਰਦੇ ਹਨ , ਇਸ ਸਮੇਂ ਦੀ ਵਰਤੋ ਉਹ ਆਪਣੇ ਆਪ ਨੂੰ ਜਾਂਚਦੇ ਹੋਏ ਉਹ ਕੰਮ ਕਰਨ ਵਿੱਚ ਕਰਦੇ ਹਨ ਜੋ ਉਨ੍ਹਾਂ ਨੂੰ ਪਸੰਦ ਹੈ,ਕਿਸੇ ਵੱਲੋਂ ਪਰਖੇ ਜਾਣ ਦੀ ਪਰਵਾਹ ਤੋਂ ਬਿਨ੍ਹਾਂ।

ਇੱਥੇ ਮੈਂ ਉਨ੍ਹਾਂ ਲੋਕਾਂ ਬਾਰੇ ਪੁੱਛਦਾ ਜੋ ਭਾਵੇਂ ਰੋਮਾਂਟਿਕ ਰਿਸ਼ਤਿਆਂ ਵਿੱਚ ਹਨ, ਫਿਰ ਵੀ ਆਪਣੇ ਆਪ ਨੂੰ "ਦਿਲ ਵਿੱਚ ਇਕੱਲਾ" ਪਾਉਂਦਾ ਹਾਂ। ਇ ਂ ਕਿਵੇਂ ਚੱਲਦਾ ਹੈ? ਆਮ ਤੌਰ 'ਤੇ ਇਹ ਲੋਕ ਘੱਟ ਰਿਵਾਇਤੀ ਸਬੰਧਾਂ ਨੂੰ ਤਰਜੀਹ ਦਿੰਦੇ ਹਨ, ਸ਼ਾਇਦ ਉਹ ਵੱਖਰੇ ਘਰਾਂ ਵਿੱਚ ਰਹਿੰਦੇ ਹਨ ਜਾਂ ਇੱਕੋ ਘਰ ਦੇ ਅੰਦਰ ਸੁਤੰਤਰ ਥਾਵਾਂ ਉੱਤੇ ਰਹਿੰਦੇ ਹਨ। ਉਹ ਖ਼ਰਚਿਆਂ ਨੂੰ ਵੀ ਜ਼ਿਆਦਾ ਸਾਂਝਾ ਨਹੀਂ ਕਰਦੇ ਹਨ ਅਤੇ ਇੱਕ ਜੋੜੇ ਦੇ ਰੂਪ ਵਿੱਚ ਅਤੇ ਆਪਣੇ ਦੋਸਤਾਂ ਜਾਂ ਆਪਣੇ ਲਈ ਸਮੇਂ ਵਿਚਕਾਰ ਸੰਤੁਲਨ ਬਣਾਈ ਰੱਖਦੇ ਹਨ।

ਇਸ ਤਰ੍ਹਾਂ, ਉਹ ਆਪਣੇ ਇਕੱਲੇ ਹੋਣ ਦੀ ਪਛਾਣ ਛੱਡੇ ਬਿਨ੍ਹਾਂ ਇੱਕ ਰੋਮਾਂਟਿਕ ਰਿਸ਼ਤੇ ਦਾ ਆਨੰਦ ਮਾਣ ਸਕਦੇ ਹਨ। ਡਾ. ਬੇਲਾ ਡੀਪੌਲੋ ਤੋਂ ਪੁੱਛਿਆ ਗਿਆ ਕਿ,"ਤੁਸੀਂ ਦੱਸਿਆ ਕਿ ਤੁਸੀਂ ਜ਼ਿੰਦਗੀ ਭਰ ਇਕੱਲੇ ਰਹੇ ਹੋ, ਕੀ ਤੁਸੀਂ ਆਪਣੇ ਤਜ਼ਰਬੇ ਬਾਰੇ ਕੁਝ ਸਾਂਝਾ ਕਰ ਸਕਦੇ ਹੋ?" ਡਾ। ਬੇਲਾ ਡੀਪੌਲੋ ਕਹਿੰਦੇ ਹਨ, "ਮੈਂ 71 ਸਾਲਾਂ ਦੀ ਹਾਂ ਅਤੇ ਮੈਂ ਹਮੇਸ਼ਾਂ ਇਕੱਲੀ ਰਹੀ ਹਾਂ। ਜਦੋਂ ਮੈਂ ਆਪਣੀ 20 ਸਾਲ ਦੀ ਅੱਲੜ੍ਹ ਉਮਰ ਵਿੱਚ ਸੀ, ਮੈਂ ਆਪਣੀ ਇਕੱਲੇਪਣ ਦੀ ਜ਼ਿੰਦਗੀ ਨੂੰ ਮਾਣਦੀ ਸੀ। " "ਮੈਂ ਸੋਚਿਆ ਸੀ ਕਿ ਬਾਅਦ ਵਿੱਚ ਮੈਂ ਆਪਣਾ ਮਨ ਬਦਲ ਲਵਾਂਗੀ ਕਿਉਂਕਿ ਇਸ ਦੀ ਹੀ ਉਮੀਦ ਕੀਤੀ ਜਾਂਦੀ ਸੀ। ਪਰ ਸਮੇਂ ਦੇ ਨਾਲ ਮੈਨੂੰ ਅਹਿਸਾਸ ਹੋਇਆ ਕਿ ਮੈਂ ਇਕੱਲਾ ਰਹਿਣਾ ਚਾਹੁੰਦੀ ਹਾਂ।"

ਲਤੀਨੀ ਅਮਰੀਕਾ ਵਰਗੇ ਸਮਾਜ ਵਿੱਚ, ਜਿੱਥੇ ਲੋਕਾਂ ਉਪਰ ਵਿਆਹ ਕਰਵਾਉਣ ਲਈ ਪੂਰਾ ਦਬਾਅ ਪਾਇਆ ਜਾਂਦਾ ਹੈ, ਤੁਸੀਂ ਉਨ੍ਹਾਂ ਇਕੱਲੇ ਪੁਰਸ਼ਾਂ ਅਤੇ ਮਹਿਲਾਵਾਂ ਨੂੰ ਕੀ ਸਲਾਹ ਦੇਣਾ ਚਾਹੁੰਦੇ ਹੋ, ਜੋ ਇਹ ਮੰਨਦੇ ਹਨ ਕਿ ਸਮਾਜ ਉਨ੍ਹਾਂ ਦੇ ਖ਼ਿਲਾਫ਼ ਹੈ? ਮੇਰੀ ਸਲਾਹ ਹੈ ਕਿ ਤੁਸੀਂ ਆਪਣੇ ਆਪ 'ਤੇ ਮਾਣ ਮਹਿਸੂਸ ਕਰੋ। ਜੇ ਤੁਸੀਂ ਇਕੱਲੇ ਹੋ ਅਤੇ ਸਾਥੀ ਚਾਹੁੰਦੇ ਹੋ ਪਰ ਤੁਸੀਂ ਕਿਸੇ ਲਈ ਕੋਈ ਸਮਝੌਤਾ ਨਹੀਂ ਕਰਦੇ ਤਾਂ ਤੁਹਾਨੂੰ ਆਪਣੇ ਪੈਮਾਨਿਆਂ ਉਪਰ ਮਾਣ ਮਹਿਸੂ ਕਰਨਾ ਚਾਹੀਦਾ ਹੈ। ਦੂਜੇ ਪਾਸੇ ਜੇ ਤੁਸੀਂ ਇਕੱਲੇ ਰਹਿਣ ਦਾ ਆਨੰਦ ਲੈਂਦੇ ਹੋ ਅਤੇ ਤੁਸੀਂ ਵਿਆਹ ਕਰਵਾਉਣ ਦੇ ਦਬਾਅ ਦਾ ਵਿਰੋਧ ਕੀਤਾ ਹੈ ਤਾਂ ਆਪਣੇ ਪ੍ਰਤੀ ਸੱਚੇ ਹੋਣ ਉਪਰ ਮਾਣ ਮਹਿਸੂਸ ਕਰੋ। ਇਹ ਵੀ ਯਾਦ ਰੱਖੋ ਕਿ ਜਿਵੇਂ-ਜਿਵੇਂ ਕੁਆਰੇ ਲੋਕਾਂ ਦੀ ਗਿਣਤੀ ਵਧੇਗੀ, ਇਕੱਲੇ ਹੋਣ ਪ੍ਰਤੀ ਸਮਾਜ ਦੀ ਸੋਚ ਵੀ ਬਦਲਦੀ ਰਹੇਗੀ। ਇੱਕ ਵਾਰ ਜਦੋਂ ਤੁਸੀਂ ਇਹ ਸਵਿਕਾਰ ਕਰ ਲੈਂਦੇ ਹੋ ਤਾਂ ਤੁਸੀਂ ਆਪਣੀ ਇਕੱਲੀ ਜ਼ਿੰਦਗੀ ਵਿੱਚ ਪੂਰਾ ਨਿਵੇਸ਼ ਕਰ ਸਕਦੇ ਹੋ, ਇੱਕ ਘਰ ਖਰੀਦਦੇ ਹੋ, ਆਪਣੇ ਚਾਵਾਂ ਨੂੰ ਪੂਰਾ ਕਰਨਾ ਅਤੇ ਸੰਪੂਰਨ ਜ਼ਿੰਦਗੀ ਜਿਉਂਦੇ ਹੋ।

# ਭਾਰਤ ਸਰਕਾਰ ਵੱਲੋਂ ਨਦੀ ਜੋੜੋ ਮੁਹਿੰਮ ਆਰੰਭ

ਪ੍ਰਧਾਨ ਮੰਤਰੀ ਵੱਲੋਂ ਕੇਨ-ਬੇਤਵਾ ਨਦੀਆਂ ਨੂੰ ਜੋੜਨ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਣਾ ਇਸ ਅਹਿਮ ਪ੍ਰਾਜੈਕਟ ਨੂੰ ਰਫ਼ਤਾਰ ਦੇਣਾ ਹੈ। ਇਸ ਪ੍ਰਾਜੈਕਟ ਨਾਲ ਮੱਧ ਪ੍ਰਦੇਸ਼ ਤੇ ਉੱਤਰ ਪ੍ਰਦੇਸ਼ ਦੇ ਬੁੰਦੇਲਖੰਡ ਖੇਤਰ ਦੇ ਲੱਖਾਂ ਲੋਕਾਂ ਨੂੰ ਫ਼ਾਇਦਾ ਹੋਵੇਗਾ। ਇਹ ਪ੍ਰਾਜੈਕਟ ਪੀਣ ਵਾਲੇ ਪਾਣੀ ਦੇ ਨਾਲ ਸਿੰਚਾਈ ਦੇ ਪਾਣੀ ਦੇ ਸੰਕਟ ਨੂੰ ਵੀ ਦੂਰ ਕਰਨ ਵਿਚ ਮਦਦਗਾਰ ਸਿੱਧ ਹੋਵੇਗਾ। ਇਸ ਤੋਂ ਇਲਾਵਾ ਇਹ ਬਿਜਲੀ ਦਾ ਵੀ ਉਤਪਾਦਨ ਕਰੇਗਾ। ਇਹ ਤਸੱਲੀਬਖ਼ਸ਼ ਹੈ ਕਿ ਲੱਖਾਂ ਲੋਕਾਂ ਦੇ ਜੀਵਨ ਵਿਚ ਖ਼ੁਸ਼ਹਾਲੀ ਲਿਆਉਣ ਵਾਲਾ ਇਹ ਪ੍ਰਾਜੈਕਟ ਅਖ਼ੀਰ ਅੱਗੇ



ਵਧਿਆ ਪਰ ਇਸ ’ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਕਿ ਇਸ ਦੇ ਸ਼ੁਭ ਆਰੰਭ ਵਿਚ ਇੰਨੀ ਦੇਰੀ ਕਿਉਂ ਹੋਈ? ਕੇਨ ਅਤੇ ਬੇਤਵਾ ਨਦੀਆਂ ਨੂੰ ਜੋੜਨ ਦੀ ਕਲਪਨਾ ਬਹੁਤ ਪਹਿਲਾਂ ਕੀਤੀ ਗਈ ਸੀ ਪਰ ਲੰਬੇ ਸਮੇਂ ਤੱਕ ਉਸ ’ਤੇ ਵਿਚਾਰ ਹੀ ਹੁੰਦਾ ਰਿਹਾ ਅਤੇ ਤਤਕਾਲੀ ਸਰਕਾਰਾਂ ਉਸ ’ਤੇ ਕੋਈ ਠੋਸ ਫ਼ੈਸਲਾ ਨਹੀਂ ਲੈ ਸਕੀਆਂ। ਇਸ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਇਹ ਸਹੀ ਹੀ ਕਿਹਾ ਕਿ ਅਜਿਹੇ ਪ੍ਰਾਜੈਕਟਾਂ ਦੀ ਦੇਰੀ ਦੇ ਮੂਲ ਵਿਚ ਕਾਂਗਰਸ ਸਰਕਾਰਾਂ ਦਾ ਵਤੀਰਾ ਰਿਹਾ। ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਵਾਜਪਾਈ ਸਰਕਾਰ ਨੇ ਲਗਪਗ 20 ਸਾਲ ਪਹਿਲਾਂ ਨਦੀ ਜੋੜੋ ਮੁਹਿੰਮ ਦੀ ਰੂਪਰੇਖਾ ਬਣਾਈ ਸੀ। ਇਹ ਵਾਜਬ ਹੀ ਹੈ ਕਿ ਉਨ੍ਹਾਂ ਦੀ ਜਨਮ ਮਿਤੀ ’ਤੇ ਕੇਨ-ਬੇਤਵਾ ਨਦੀਆਂ ਨੂੰ ਜੋੜਨ ਦੇ ਪ੍ਰਾਜੈਕਟ ਨੂੰ ਹਰੀ ਝੰਡੀ ਦਿਖਾਈ ਗਈ। ਚੰਗਾ ਹੁੰਦਾ ਕਿ ਇਹ ਪ੍ਰਾਜੈਕਟ ਦੇਰੀ ਦਾ ਸ਼ਿਕਾਰ ਨਾ ਹੁੰਦਾ। ਘੱਟ ਤੋਂ ਘੱਟ ਹੁਣ ਤਾਂ ਇਹ ਯਕੀਨੀ ਬਣਾਉਣਾ ਹੀ ਚਾਹੀਦਾ ਹੈ ਕਿ ਇਹ ਪ੍ਰਾਜੈਕਟ ਮਿੱਥੇ ਸਮੇਂ ਵਿਚ ਪੂਰਾ ਹੋਵੇ। ਜਦ ਕੋਈ ਪ੍ਰਾਜੈਕਟ ਦੇਰ ਨਾਲ ਸ਼ੁਰੂ ਹੁੰਦਾ ਹੈ ਤਾਂ ਸਿਰਫ਼ ਉਸ ਦੀ ਲਾਗਤ ਹੀ ਨਹੀਂ ਵਧਦੀ ਬਲਕਿ ਉਸ ਤੋਂ ਲਾਹਾ ਲੈਣ ਵਾਲੇ ਲੋਕਾਂ ਨੂੰ ਰਾਹਤ ਦੇਣ ਵਿਚ ਬੇਲੋੜੀ ਦੇਰੀ ਹੁੰਦੀ ਹੈ।

ਇਸ ਨਾਲ ਉਨ੍ਹਾਂ ਵਿਚ ਨਿਰਾਸ਼ਾ ਘਰ ਕਰ ਜਾਂਦੀ ਹੈ। ਇਹ ਠੀਕ ਨਹੀਂ ਕਿ ਸੱਤਾ ਪਰਿਵਰਤਨ ਕਾਰਨ ਕੋਈ ਬਹੁ-ਉਪਯੋਗੀ ਪ੍ਰਾਜੈਕਟ ਠੰਢੇ ਬਸਤੇ ਵਿਚ ਚਲਾ ਜਾਵੇ। ਬਦਕਿਸਮਤੀ ਨਾਲ ਆਪਣੇ ਦੇਸ਼ ਵਿਚ ਅਜਿਹਾ ਆਮ ਹੀ ਹੁੰਦਾ ਹੈ। ਸਰਕਾਰਾਂ ਦੇ ਬਦਲਣ ਦੇ ਨਾਲ ਹੀ ਜਾਂ ਤਾਂ ਪ੍ਰਸਤਾਵਤ ਪ੍ਰਾਜੈਕਟਾਂ ਦੀ ਅਣਦੇਖੀ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ ਜਾਂ ਫਿਰ ਸਿੱਧੇ-ਸਿੱਧੇ ਉਨ੍ਹਾਂ ਦਾ ਵਿਰੋਧ ਸ਼ੁਰੂ ਹੋ ਜਾਂਦਾ ਹੈ। ਕਦੇ-ਕਦੇ ਵਾਤਾਵਰਨ ਪ੍ਰੇਮੀ ਸੰਗਠਨ ਉਨ੍ਹਾਂ ਦੇ ਵਿਰੋਧ ਵਿਚ ਖੜ੍ਹੇ ਹੋ ਜਾਂਦੇ ਹਨ। ਬੇਸ਼ੱਕ ਕਿਸੇ ਵੀ ਪ੍ਰਾਜੈਕਟ ਨੂੰ ਮੂਰਤ ਰੂਪ ਦੇਣ ਵਿਚ ਵਾਤਾਵਰਨ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਪਰ ਇਹ ਅੜੀ ਵੀ ਠੀਕ ਨਹੀਂ ਕਿ ਕੋਈ ਦਰਖਤ ਨਾ ਕੱਟਿਆ ਜਾਵੇ ਅਤੇ ਕਿਸੇ ਨੂੰ ਵੀ ਉਜਾੜੇ ਦਾ ਸਾਹਮਣਾ ਨਾ ਕਰਨਾ ਪਵੇ। ਚਾਹੀਦਾ ਤਾਂ ਇਹ ਹੈ ਕਿ ਜੇ ਇਕ ਰੁੱਖ ਕੱਟਿਆ ਜਾਂਦਾ ਹੈ ਤਾਂ ਉਸ ਦੇ ਬਦਲੇ ਦੋ ਹੋਰ ਪੌਦੇ ਲਗਾਏ ਜਾਣ।

ਇਸ ਤਰ੍ਹਾਂ ਵਿਕਾਸ ਦੇ ਰਾਹ ਵਿਚ ਕਿਸੇ ਵੀ ਤਰ੍ਹਾਂ ਦਾ ਬਹਾਨਾ ਬਣਾ ਕੇ ਅੜਚਣ ਨਹੀਂ ਪਵੇਗੀ। ਵਾਤਾਵਰਨ ਦੀ ਰੱਖਿਆ ਦੇ ਨਾਂ ’ਤੇ ਵਿਕਾਸ ਦੇ ਨਾਲ ਹੀ ਲੋਕ ਭਲਾਈ ਵਿਰੋਧੀ ਰਾਜਨੀਤੀ ਨਹੀਂ ਕੀਤੀ ਜਾਣੀ ਚਾਹੀਦੀ। ਇਸ ਸਿਆਸਤ ਦਾ ਸਬੂਤ ਸਿਰਫ਼ ਕੇਨ-ਬੇਤਵਾ ਨਦੀਆਂ ਨੂੰ ਜੋੜਨ ਦੇ ਮਾਮਲੇ ਵਿਚ ਹੀ ਨਹੀਂ ਦਿੱਤਾ ਗਿਆ। ਹੋਰ ਕਈ ਪ੍ਰਾਜੈਕਟਾਂ ਨੂੰ ਅੱਗੇ ਵਧਾਉਣ ਦੇ ਮਾਮਲੇ ਵਿਚ ਵੀ ਅਜਿਹਾ ਹੋਇਆ। ਚੰਗਾ ਹੋਵੇ ਕਿ ਹੁਣ ਇਹ ਸੰਕਲਪ ਲਿਆ ਜਾਵੇ ਕਿ ਭਵਿੱਖ ਵਿਚ ਕਿਸੇ ਪ੍ਰਾਜੈਕਟ ਦੇ ਮਾਮਲੇ ਵਿਚ ਅਜਿਹਾ ਨਾ ਹੋਵੇ। ਕੌਮੀ ਤੇ ਖੇਤਰੀ ਪਾਰਟੀਆਂ ਨੂੰ ਇਸ ’ਤੇ ਆਮ ਸਹਿਮਤੀ ਕਾਇਮ ਕਰਨੀ ਹੋਵੇਗੀ ਕਿ ਵਿਕਾਸ ਦੇ ਕੰਮਾਂ ਵਿਚ ਸਿਆਸੀ ਮਤਭੇਦ ਰੋੜਾ ਨਾ ਬਣਨ।




# ਕਣਕ ਦੀ ਬਜਾਏ ਖਾਓ ਛੌਲਿਆਂ ਦੀ ਰੋਟੀ

ਛੋਲਿਆਂ ਦੇ ਵੇਸਣ ਦੀ ਰੋਟੀ ਕਣਕ ਦੀ ਰੋਟੀ ਨਾਲੋਂ ਜ਼ਿਆਦਾ ਪੌਸ਼ਟਿਕ ਤੇ ਸਿਹਤਮੰਦ ਹੁੰਦੀ ਹੈ। ਕਣਕ ਦੀ ਰੋਟੀ ਨਾ ਸਿਰਫ਼ ਮੋਟਾਪਾ ਵਧਾਉਂਦੀ ਹੈ ਬਲਕਿ ਸ਼ੂਗਰ ਦੇ ਰੋਗੀਆਂ ਲਈ ਵੀ ਫਾਇਦੇਮੰਦ ਨਹੀਂ ਹੈ। ਇਸ ਲਈ ਜੇਕਰ ਤੁਸੀਂ ਕਣਕ ਦੀ ਰੋਟੀ ਦੀ ਬਜਾਏ ਵੇਸਣ ਦੀ ਰੋਟੀ ਖਾਣਾ ਸ਼ੁਰੂ ਕਰ ਦਿੰਦੇ ਹੋ ਤਾਂ ਤੁਹਾਨੂੰ ਸਰੀਰ 'ਚ ਤੇਜ਼ੀ ਨਾਲ ਬਦਲਾਅ ਦੇਖਣ ਨੂੰ ਮਿਲਦਾ ਹੈ।

**ਭਾਰ ਘਟਾਉਣ 'ਚ ਕਰਦੀ ਹੈ ਮਦਦ**

ਵੇਸਣ ਦੀ ਰੋਟੀ 'ਚ ਕੈਲੋਰੀ ਘੱਟ ਤੇ ਫਾਈਬਰ ਜ਼ਿਆਦਾ ਹੁੰਦਾ ਹੈ, ਜੋ ਭਾਰ ਘਟਾਉਣ 'ਚ ਮਦਦ ਕਰਦਾ ਹੈ। ਵੇਸਣ ਦੀ ਰੋਟੀ ਤੁਹਾਡੇ



ਭਾਰ ਨੂੰ ਘੱਟ ਕਰਨ ਵਿੱਚ ਮਦਦ ਕਰਦੀ ਹੈ। ਇਸ ਤੋਂ ਇਲਾਵਾ ਇਹ ਕਣਕ ਦੀ ਰੋਟੀ ਨਾਲੋਂ ਵੀ ਜ਼ਿਆਦਾ ਫਾਇਦੇਮੰਦ ਹੁੰਦੀ ਹੈ। ਜੋ ਲੋਕ ਵਜ਼ਨ ਘਟਾਉਣ ਬਾਰੇ ਸੋਚ ਰਹੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਜੇਕਰ ਉਹ ਕਣਕ ਦੀ ਰੋਟੀ ਖਾ ਰਹੇ ਹਨ ਤਾਂ ਉਨ੍ਹਾਂ ਨੂੰ ਕਣਕ ਦੀ ਰੋਟੀ ਛੱਡ ਕੇ ਵੇਸਣ ਦੀ ਰੋਟੀ ਖਾਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

**ਸ਼ੂਗਰ ਨੂੰ ਕੰਟਰੋਲ ਕਰਨ 'ਚ ਅਸਰਦਾਰ**

ਵੇਸਣ ਦੀ ਰੋਟੀ ਵਿੱਚ ਘੱਟ ਗਲਾਈਸੈਮਿਕ ਇੰਡੈਕਸ ਹੁੰਦਾ ਹੈ, ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਸ਼ੂਗਰ ਦੇ ਮਰੀਜ਼ਾਂ ਲਈ ਕਣਕ ਦੀ ਰੋਟੀ ਜ਼ਹਿਰ ਤੋਂ ਘੱਟ ਨਹੀਂ ਹੈ। ਅਜਿਹੇ 'ਚ ਜੇਕਰ ਤੁਸੀਂ ਵੇਸਣ ਦੀ ਰੋਟੀ ਦਾ ਸੇਵਨ ਕਰਦੇ ਹੋ ਤਾਂ ਇਹ ਤੁਹਾਡੇ ਸਰੀਰ ਲਈ ਬਹੁਤ ਫਾਇਦੇਮੰਦ ਹੈ।

**ਦਿਲ ਦੀ ਸਿਹਤ 'ਚ ਸੁਧਾਰ**

ਵੇਸਣ ਦੀ ਰੋਟੀ ਵਿੱਚ ਓਮੇਗਾ-3 ਫੈਟੀ ਐਸਿਡ ਤੇ ਫਾਈਬਰ ਹੁੰਦਾ ਹੈ, ਜੋ ਦਿਲ ਦੀ ਸਿਹਤ ਨੂੰ ਵਧੀਆ ਬਣਾਉਣ ਵਿੱਚ ਮਦਦ ਕਰਦਾ ਹੈ। ਜੇਕਰ ਤੁਸੀਂ ਲਗਾਤਾਰ ਵੇਸਣ ਦੀ ਰੋਟੀ ਦਾ ਸੇਵਨ ਕਰਦੇ ਹੋ ਤਾਂ ਇਹ ਤੁਹਾਡੇ ਦਿਲ ਲਈ ਬਹੁਤ ਫਾਇਦੇਮੰਦ ਹੈ। ਰਾਤ ਨੂੰ ਵੇਸਣ ਦੀ ਰੋਟੀ ਖਾਣ ਦੀ ਕੋਸ਼ਿਸ਼ ਕਰੋ।

**ਪਾਚਨ ਤੰਤਰ 'ਚ ਸੁਧਾਰ ਕਰਦੀ ਹੈ**

ਵੇਸਣ ਦੀ ਰੋਟੀ 'ਚ ਫਾਈਬਰ ਹੁੰਦਾ ਹੈ, ਜੋ ਪਾਚਨ ਤੰਤਰ ਨੂੰ ਵਧੀਆ ਬਣਾਉਣ 'ਚ ਮਦਦ ਕਰਦਾ ਹੈ। ਜਿਨ੍ਹਾਂ ਲੋਕਾਂ ਨੂੰ ਕਬਜ਼ ਜਾਂ ਐਸੀਡਿਟੀ ਦੀ ਸਮੱਸਿਆ ਹੁੰਦੀ ਹੈ, ਉਹ ਵੇਸਣ ਦੀ ਰੋਟੀ ਦਾ ਜ਼ਿਆਦਾ ਸੇਵਨ ਕਰ ਸਕਦੇ ਹਨ। ਕਿਉਂਕਿ ਕਣਕ ਦੀ ਰੋਟੀ ਤੁਹਾਡੀ ਪਾਚਨ ਪ੍ਰਣਾਲੀ ਨੂੰ ਸੁਧਾਰਦੀ ਹੈ।

**ਕੈਂਸਰ ਦੇ ਖਤਰੇ ਨੂੰ ਘਟਾਉਣ 'ਚ ਮਦਦ**

ਵੇਸਣ ਦੀ ਰੋਟੀ 'ਚ ਐਂਟੀ ਆਕਸੀਡੈਂਟ ਹੁੰਦੇ ਹਨ, ਜੋ ਕੈਂਸਰ ਦੇ ਖਤਰੇ ਨੂੰ ਘੱਟ ਕਰਨ 'ਚ ਮਦਦ ਕਰਦੇ ਹਨ। ਇਸ ਤੋਂ ਇਲਾਵਾ ਕਣਕ ਵਿੱਚ ਬਹੁਤ ਸਾਰੇ ਕੀਟਨਾਸ਼ਕ ਮਿਲਾਏ ਜਾਂਦੇ ਹਨ ਜਦ ਕਿ ਵੇਸਣ ਦੀ ਰੋਟੀ ਦੇ ਅਨਾਜ ਵਿੱਚ ਇਸ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਅਜਿਹੇ 'ਚ ਵੇਸਣ ਦੀ ਰੋਟੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੀ ਹੈ।

# ਸਿਰ ਤੋਂ ਪੈਰਾਂ ਤੱਕ ਪੂਰੇ ਸਰੀਰ ਦੀ ਦੇਖਭਾਲ ਕਰਦਾ ਹੈ ਚੁਕੰਦਰ

ਚੁਕੰਦਰ ਨੂੰ ਸਿਹਤ ਲਈ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਇਹ ਵਿਟਾਮਿਨ ਸੀ, ਫੋਲਿਕ ਐਸਿਡ, ਆਇਰਨ, ਪੋਟਾਸ਼ੀਅਮ, ਮੈਗਨੀਸ਼ੀਅਮ, ਪ੍ਰੋਟੀਨ, ਫਾਈਬਰ ਅਤੇ ਵਿਟਾਮਿਨ ਬੀ6 ਵਰਗੇ ਪੌਸ਼ਟਿਕ ਤੱਤਾਂ ਦਾ ਖਜ਼ਾਨਾ ਹੈ। ਜ਼ਾਹਰ ਹੈ ਕਿ ਇਹ ਸਾਰੇ ਪੌਸ਼ਟਿਕ ਤੱਤ ਮਿਲ ਕੇ ਇਸ ਨੂੰ ਸੁਪਰਫੂਡ ਬਣਾਉਂਦੇ ਹਨ। ਚੁਕੰਦਰ ਨੂੰ ਲੰਬੇ ਸਮੇਂ ਤੱਕ ਖੁਰਾਕ ਵਿੱਚ ਸ਼ਾਮਲ ਕਰਨ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ ਅਤੇ ਕਈ ਬਿਮਾਰੀਆਂ ਨਾਲ ਲੜਨ ਦੇ ਵੀ ਸਮਰੱਥ ਬਣ ਜਾਂਦਾ ਹੈ। ਤੁਸੀਂ ਇਸ ਨੂੰ ਕਈ ਤਰੀਕਿਆਂ ਨਾਲ ਆਪਣੀ ਸਰਦੀਆਂ ਦੀ ਖੁਰਾਕ ਵਿਚ ਵੀ ਸ਼ਾਮਲ ਕਰ ਸਕਦੇ ਹੋ। ਆ ਇਸ ਲੇਖ ਵਿਚ ਜਾਣਦੇ ਹਾਂ ਕਿ ਚੁਕੰਦਰ ਖਾਣ ਦੇ ਕੀ ਫਾਇਦੇ ਹਨ।

ਚੁਕੰਦਰ ਵਿੱਚ ਆਇਰਨ ਭਰਪੂਰ ਮਾਤਰਾ ਵਿੱਚ ਹੁੰਦਾ ਹੈ, ਜੋ ਸਰੀਰ ਵਿੱਚ ਹੀਮੋਗਲੋਬਿਨ ਪੈਦਾ ਕਰਨ ਵਿੱਚ ਮਦਦ ਕਰਦਾ ਹੈ। ਹੀਮੋਗਲੋਬਿਨ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿੱਚ ਆਕਸੀਜਨ ਪਹੁੰਚਾਉਂਦਾ ਹੈ। ਇਸ ਤਰ੍ਹਾਂ ਚੁਕੰਦਰ ਦਾ ਨਿਯਮਤ ਸੇਵਨ ਅਨੀਮੀਆ ਵਰਗੀ ਖੂਨ ਦੀ ਕਮੀ ਦੀ ਸਮੱਸਿਆ ਨੂੰ ਦੂਰ ਕਰਨ ਵਿਚ ਮਦਦ ਕਰਦਾ ਹੈ।

**ਦਿਲ ਨੂੰ ਰੱਖੋ ਸਿਹਤਮੰਦ**

ਚੁਕੰਦਰ ਵਿੱਚ ਪਾਏ ਜਾਣ ਵਾਲੇ ਨਾਈਟ੍ਰੇਟਸ ਸਰੀਰ ਵਿੱਚ ਨਾਈਟ੍ਰਿਕ ਆਕਸਾਈਡ ਵਿੱਚ ਬਦਲ ਜਾਂਦੇ ਹਨ, ਜੋ ਖੂਨ ਦੀਆਂ ਨਾੜੀਆਂ ਦੀ ਰੁਕਾਵਟ ਨੂੰ ਦੂਰ ਕਰਕੇ ਖੂਨ ਦੇ ਪ੍ਰਵਾਹ ਨੂੰ ਸੁਧਾਰਦੇ ਹਨ। ਇਸ ਨਾਲ ਬਲੱਡ ਪ੍ਰੈਸ਼ਰ ਕੰਟਰੋਲ 'ਚ ਰਹਿੰਦਾ ਹੈ ਅਤੇ ਹਾਰਟ ਅਟੈਕ ਅਤੇ ਸਟ੍ਰੋਕ ਵਰਗੀਆਂ ਦਿਲ ਸੰਬੰਧੀ ਬੀਮਾਰੀਆਂ ਦਾ ਖਤਰਾ ਘੱਟ ਹੁੰਦਾ ਹੈ।

**ਪਾਚਨ ਵਿੱਚ ਸੁਧਾਰ**



ਚੁਕੰਦਰ ਵਿੱਚ ਮੌਜੂਦ ਫਾਈਬਰ ਪਾਚਨ ਕਿਰਿਆ ਨੂੰ ਸੁਧਾਰਦਾ ਹੈ। ਇਹ ਕਬਜ਼ ਦੀ ਸਮੱਸਿਆ ਨੂੰ ਦੂਰ ਕਰਨ ਅਤੇ ਅੰਤੜੀਆਂ ਦੀ ਬਿਹਤਰ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ।

**ਬਲੱਡ ਪ੍ਰੈਸ਼ਰ ਨੂੰ ਕੰਟਰੋਲ**

ਚੁਕੰਦਰ 'ਚ ਮੌਜੂਦ ਪੋਟਾਸ਼ੀਅਮ, ਮੈਗਨੀਸ਼ੀਅਮ ਅਤੇ ਨਾਈਟ੍ਰੇਟਸ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਹਾਈ ਬਲੱਡ ਪ੍ਰੈਸ਼ਰ ਦਿਲ ਨਾਲ ਸਬੰਧਤ ਬਿਮਾਰੀਆਂ ਦਾ ਇੱਕ ਵੱਡਾ ਕਾਰਨ ਹੈ, ਇਸ ਲਈ ਚੁਕੰਦਰ ਦਾ ਸੇਵਨ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦਗਾਰ ਹੁੰਦਾ ਹੈ।

**ਚਮੜੀ ਨੂੰ ਚਮਕਦਾਰ**

ਚੁਕੰਦਰ ਵਿਚ ਵਿਟਾਮਿਨ ਸੀ ਅਤੇ ਐਂਟੀਆਕ-ਸੀਡੈਂਟ ਭਰਪੂਰ ਮਾਤਰਾ ਵਿਚ ਪਾਏ ਜਾਂਦੇ ਹਨ, ਜੋ ਚਮੜੀ ਨੂੰ ਸਿਹਤਮੰਦ ਅਤੇ ਚਮਕਦਾਰ ਬਣਾਉਣ ਵਿਚ ਮਦਦ ਕਰਦੇ ਹਨ। ਇਹ ਚਮੜੀ ਨੂੰ ਫ੍ਰੀ ਰੈਡੀਕਲਸ ਤੋਂ ਬਚਾਉਂਦਾ ਹੈ ਅਤੇ ਬੁਢਾਪੇ ਦੇ ਸੰਕੇਤਾਂ ਨੂੰ ਹੌਲੀ ਕਰਨ ਵਿੱਚ ਮਦਦ ਕਰਦਾ ਹੈ।

**ਇਮਿਊਨਿਟੀ ਮਜ਼ਬੂਤ**

ਚੁਕੰਦਰ ਵਿੱਚ ਵਿਟਾਮਿਨ ਸੀ ਅਤੇ ਐਂਟੀਆਕ-ਸੀਡੈਂਟ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ, ਜੋ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਨੂੰ ਮਜ਼ਬੂਤ ਕਰਦੇ ਹਨ। ਇਹ ਕਈ ਤਰ੍ਹਾਂ ਦੀਆਂ ਇਨਫੈਕਸ਼ਨਾਂ ਨਾਲ ਲੜਨ 'ਚ ਮਦਦ ਕਰਦਾ ਹੈ।

**ਮਾਨਸਿਕ ਸਿਹਤ ਲਈ ਫਾਇਦੇਮੰਦ**

ਚੁਕੰਦਰ ਵਿਚ ਮੌਜੂਦ ਨਾਈਟਰੇਟਸ ਦਿਮਾਗ ਵਿਚ ਖੂਨ ਦੇ ਪ੍ਰਵਾਹ ਨੂੰ ਸੁਧਾਰਦੇ ਹਨ, ਜਿਸ ਨਾਲ ਯਾਦਦਾਸ਼ਤ ਅਤੇ ਇਕਾਗਰਤਾ ਵਿਚ ਸੁਧਾਰ ਹੁੰਦਾ ਹੈ। ਇਹ ਡਿਮੇਨਸ਼ੀਆ ਅਤੇ ਅਲਜ਼ਾਈਮਰ ਵਰਗੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

# ਸਵੇਰੇ ਉੱਠਦੇ ਹੀ ਖਾਲੀ ਪੇਟ ਪੀਓ ਕੋਸਾ ਪਾਣੀ

ਸਵੇਰੇ ਉੱਠਦੇ ਹੀ ਖਾਲੀ ਪੇਟ ਕੋਸਾ ਪਾਣੀ ਪੀਣ ਨਾਲ ਕਈ ਸਿਹਤ ਲਾਭ ਹੋ ਸਕਦੇ ਹਨ। ਸਰਦੀਆਂ ਵਿੱਚ ਭਾਰ ਵਧਣ ਦੀ ਸਮੱਸਿਆ ਤੋਂ ਕਈ ਲੋਕ ਪਰੇਸ਼ਾਨ ਰਹਿੰਦੇ ਹਨ। ਭਾਰ ਵਧਣਾ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਬਹੁਤ ਸਾਰੇ ਲੋਕ ਭਾਰ ਘਟਾਉਣ ਲਈ ਬਹੁਤ ਕੋਸ਼ਿਸ਼ ਕਰਦੇ ਹਨ। ਹਾਲਾਂਕਿ ਉਨ੍ਹਾਂ



ਨੂੰ ਇਸ 'ਚ ਸਫਲਤਾ ਨਹੀਂ ਮਿਲਦੀ। ਅਜਿਹੇ 'ਚ ਅਸੀਂ ਤੁਹਾਨੂੰ ਵਜ਼ਨ ਘੱਟ ਕਰਨ ਦਾ ਸਭ ਤੋਂ ਆਸਾਨ ਤਰੀਕਾ ਦੱਸ ਰਹੇ ਹਾਂ। ਤੁਸੀਂ ਸਿਰਫ ਕੋਸਾ ਪਾਣੀ ਪੀ ਕੇ ਆਪਣਾ ਭਾਰ ਘਟਾ ਸਕਦੇ ਹੋ।

ਭਾਰ ਘਟਾਉਣ ਵਿੱਚ ਮਦਦ ਕਰਦਾ ਹੈ- ਕੋਸਾ ਪਾਣੀ ਪੀਣ ਨਾਲ ਤੁਹਾਡੇ ਸਰੀਰ ਨੂੰ ਊਰਜਾ ਮਿਲਦੀ ਹੈ ਅਤੇ ਤੁਹਾਡਾ ਮੈਟਾਬੋਲਿਜ਼ਮ ਵਧਦਾ ਹੈ, ਜਿਸ ਨਾਲ ਭਾਰ ਘੱਟ ਕਰਨ 'ਚ ਮਦਦ ਮਿਲਦੀ ਹੈ। ਗਰਮ ਪਾਣੀ ਪੀਣ ਨਾਲ ਤੁਹਾਡੀ ਕੈਲੋਰੀ ਬਰਨ ਹੁੰਦੀ ਹੈ। ਗਰਮ ਪਾਣੀ ਤੁਹਾਡੇ ਪੇਟ 'ਚ ਜਮ੍ਹਾ ਚਰਬੀ ਨੂੰ ਵੀ ਸਾੜ ਦਿੰਦਾ ਹੈ। ਜੇਕਰ ਤੁਸੀਂ ਇੱਕ ਮਹੀਨੇ ਤੋਂ ਜ਼ਿਆਦਾ ਸਮੇਂ ਤੱਕ ਗਰਮ ਪਾਣੀ ਪੀਂਦੇ ਹੋ ਤਾਂ ਤੁਹਾਡਾ ਭਾਰ ਘੱਟ ਹੋ ਸਕਦਾ ਹੈ। ਹਾਲਾਂਕਿ, ਤੁਹਾਨੂੰ ਇਹ ਉਪਾਅ ਲਗਾਤਾਰ ਕਰਨਾ ਹੋਵੇਗਾ।

ਪਾਚਨ ਪ੍ਰਣਾਲੀ ਨੂੰ ਸੁਧਾਰਦਾ ਹੈ- ਕੋਸਾ ਪਾਣੀ ਪੀਣ ਨਾਲ ਤੁਹਾਡੀ ਪਾਚਨ ਪ੍ਰਣਾਲੀ ਮਜ਼ਬੂਤ ਹੁੰਦੀ ਹੈ ਅਤੇ ਤੁਹਾਨੂੰ ਪਾਚਨ ਸੰਬੰਧੀ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ। ਕੋਸਾ ਪਾਣੀ ਤੁਹਾਡੀ ਪਾਚਨ ਕਿਰਿਆ ਨੂੰ ਸੁਧਾਰਦਾ ਹੈ। ਇਸ ਦੇ ਨਾਲ ਹੀ ਤੁਹਾਡੇ ਪੇਟ ਦੀ ਪਾਚਨ ਕਿਰਿਆ ਵੀ ਠੀਕ ਹੁੰਦੀ ਹੈ।

ਸਕਿਨ ਨੂੰ ਸਿਹਤਮੰਦ ਰੱਖਦਾ ਹੈ- ਕੋਸਾ ਪਾਣੀ ਪੀਣਾ ਤੁਹਾਡੀ ਚਮੜੀ ਨੂੰ ਸਿਹਤਮੰਦ ਬਣਾਉਣ ਵਿਚ ਮਦਦ ਕਰਦਾ ਹੈ ਅਤੇ ਤੁਹਾਨੂੰ ਚਮੜੀ ਨਾਲ ਜੁੜੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਂਦਾ ਹੈ। ਕੋਸਾ ਪਾਣੀ ਪੀਣ ਨਾਲ ਤੁਹਾਡੀ ਮਾਨਸਿਕ ਸਿਹਤ ਵਿੱਚ ਸੁਧਾਰ ਹੁੰਦਾ ਹੈ ਅਤੇ ਤੁਹਾਨੂੰ ਤਣਾਅ ਅਤੇ ਚਿੰਤਾ ਤੋਂ ਰਾਹਤ ਮਿਲਦੀ ਹੈ।

40 ਦਿਨਾਂ 'ਚ ਭਾਰ ਘਟਾਉਣ ਲਈ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਹੋਵੇਗਾ

ਨਿਯਮਤ ਕਸਰਤ: ਨਿਯਮਤ ਕਸਰਤ ਤੁਹਾਡੇ ਸਰੀਰ ਨੂੰ ਊਰਜਾ ਦਿੰਦੀ ਹੈ ਅਤੇ ਤੁਹਾਡੇ ਮੈਟਾਬੋਲਿਜ਼ਮ ਨੂੰ ਵਧਾਉਂਦੀ ਹੈ। ਜੇਕਰ ਤੁਸੀਂ ਗਰਮ ਪਾਣੀ ਪੀਣ ਦੇ ਨਾਲ ਨਿਯਮਿਤ ਕਸਰਤ ਕਰਦੇ ਹੋ, ਤਾਂ ਇਹ ਤੁਹਾਡੇ ਸਰੀਰ ਤੋਂ ਬਹੁਤ ਸਾਰੀ ਚਰਬੀ ਨੂੰ ਬਰਨ ਕਰਨ ਵਿੱਚ ਮਦਦ ਕਰਦਾ ਹੈ।


ਸਿਹਤਮੰਦ ਖੁਰਾਕ: ਸਿਹਤਮੰਦ ਖੁਰਾਕ ਖਾਣ ਨਾਲ ਤੁਹਾਡੇ ਸਰੀਰ ਨੂੰ ਜ਼ਰੂਰੀ ਪੌਸ਼ਟਿਕ ਤੱਤ ਮਿਲਦੇ ਹਨ ਅਤੇ ਤੁਹਾਡਾ ਭਾਰ ਘਟਾਉਣ ਵਿੱਚ ਮਦਦ ਮਿਲਦੀ ਹੈ। ਭਾਰ ਘਟਾਉਣ ਲਈ ਤੁਹਾਨੂੰ ਚੰਗੀ ਖੁਰਾਕ ਵੀ ਲੈਣੀ ਚਾਹੀਦੀ ਹੈ।

ਲੋੜੀਂਦੀ ਨੀਂਦ: ਲੋੜੀਂਦੀ ਨੀਂਦ ਲੈਣ ਨਾਲ ਤੁਹਾਡੇ ਸਰੀਰ ਨੂੰ ਆਰਾਮ ਮਿਲਦਾ ਹੈ ਅਤੇ ਤੁਹਾਡੇ ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਕਾਫ਼ੀ ਨੀਂਦ ਲ ਅਤੇ ਤਣਾਅ ਤੋਂ ਬਚੋ।

ਇਨ੍ਹਾਂ ਗੱਲਾਂ ਨੂੰ ਧਿਆਨ 'ਚ ਰੱਖ ਕੇ ਅਤੇ ਸਵੇਰੇ ਉੱਠਦੇ ਹੀ ਖਾਲੀ ਪੇਟ ਕੋਸਾ ਪਾਣੀ ਪੀਣ ਨਾਲ 40 ਦਿਨਾਂ 'ਚ ਤੁਹਾਡਾ ਭਾਰ ਘੱਟ ਹੋ ਸਕਦਾ ਹੈ।

# ਦਿਮਾਗ਼ 'ਚ ਸੋਜ ਦਾ ਮਰਦਾਂ ਤੇ ਔਰਤਾਂ ਦੇ ਵਿਵਹਾਰ 'ਤੇ ਪੈਂਦਾ ਹੈ ਵੱਖਰਾ ਪ੍ਰਭਾਵ

ਇਕ ਅਧਿਐਨ 'ਚ ਕਿਹਾ ਗਿਆ ਹੈ ਕਿ ਦਿਮਾਗ਼ ਦੇ ਯਾਦ ਕੇਂਦਰ ਹਿੱਪੋਕੈਂਪਸ 'ਚ ਸੋਜ ਕਾਰਨ ਔਰਤਾਂ ਤੇ ਮਰਦਾਂ ਦੇ ਵਿਵਹਾਰ 'ਤੇ ਵੱਖ-ਵੱਖ ਪ੍ਰਭਾਵ ਪੈਂਦਾ ਹੈ। ਇਸ ਲਈ ਨਿਊਰੋਲੌਜੀਕਲ ਬਿਮਾਰੀਆਂ ਦਾ ਇਲਾਜ ਕਰਦੇ ਸਮੇਂ ਲਿੰਗ ਅੰਤਰ ਨੂੰ ਧਿਆਨ 'ਚ ਰੱਖਿਆ ਜਾਣਾ ਚਾਹੀਦਾ ਹੈ। ਹਿੱਪੋਕੈਂਪਸ ਨੂੰ ਯਾਦ ਕੇਂਦਰ, ਸਿੱਖਣ ਤੇ ਭਾਵਨਾਵਾਂ 'ਤੇ ਰੋਕ ਲਾਉਣ ਲਈ ਅਹਿਮ ਮੰਨਿਆ ਜਾਂਦਾ ਹੈ। ਖੋਜੀਆਂ ਨੇ ਦੱਸਿਆ ਕਿ ਜਿਹੜੇ ਲੋਕਾਂ ਦੇ ਦਿਮਾਗ਼



ਖੇਤਰ 'ਚ ਸੋਜ ਹੁੰਦੀ ਹੈ, ਉਹ ਉਦਾਸੀਨਤਾ, ਰੋਜ਼ਾਨਾ ਦੀਆਂ ਸਰਗਰਮੀਆਂ 'ਚ ਮੁਸ਼ਕਲਾਂ ਤੇ ਖਾਣੇ ਦੀਆਂ ਪਹਿਲਾਂ 'ਚ ਬਦਲਾਅ ਵਰਗੇ ਲੱਛਣਾਂ ਦਾ ਤਜਰਬਾ ਕਰ ਸਕਦੇ ਹਨ। ਉਨ੍ਹਾਂ ਪਾਇਆ ਕਿ ਅਲਜ਼ਾਈਮਰ ਤੇ ਤਣਾਅ ਸਮੇਤ ਕਈ ਬਿਮਾਰੀਆਂ 'ਚ ਇਹ ਲੱਛਣ ਮਰਦਾਂ ਦੇ ਮੁਕਾਬਲੇ ਮਹਿਲਾਵਾਂ 'ਚ ਵੱਧ ਗੰਭੀਰ ਹੁੰਦੇ ਹਨ। ਖੋਜੀਆਂ ਨੇ ਚੂਹਿਆਂ ਦੇ ਹਿੱਪੋਕੈਂਪਸ ਨੂੰ ਲਿਪੋਪਾਲੀਸੈਕੇਰਾਈਡ ਦੇ ਸੰਪਰਕ 'ਚ ਲਿਆ ਕੇ ਸੋਜ ਪੈਦਾ ਕੀਤੀ। ਇਸ ਤੋਂ ਇਲਾਵਾ, ਟੀਮ ਨੇ ਇਸ ਨੂੰ ਸਿੱਧਾ ਚੂਹਿਆਂ ਦੇ ਹਿੱਪੋਕੈਂਪਸ 'ਚ ਇੰਜੈਕਟ ਕੀਤਾ ਤੇ ਉਨ੍ਹਾਂ ਦੀਆਂ ਸਰਗਰਮੀਆਂ ਤੇ ਖਾਣੇ ਸਬੰਧੀ ਵਿਵਹਾਰ ਦਾ ਵਿਸ਼ਲੇਸ਼ਣ ਕੀਤਾ। ਨਿਊਰੋਇਨ-ਫਲੇਮੇਸ਼ਨ ਕਾਰਨ ਦੋਵਾਂ ਲਿੰਗਾਂ ਦੇ ਚੂਹਿਆਂ 'ਚ ਸਰਗਰਮੀ ਦਾ ਪੱਧਰ ਵਧ ਗਿਆ ਪਰ ਮਾਦਾ ਚੂਹਿਆਂ 'ਚ ਖਾਣੇ ਦੀ ਚਾਹ ਵਾਲੇ ਵਿਵਹਾਰ 'ਚ ਵਧੇਰੇ ਸਪੱਸ਼ਟ ਪ੍ਰਭਾਵ ਦੇਖਿਆ ਗਿਆ।

ਖੋਜੀਆਂ ਨੇ ਕਿਹਾ ਕਿ ਇਸ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਹਿੱਪੋਕੈਂਪਸ ਨਿਊਰੋਇਨਫਲੇਮੇਸ਼ਨ ਨੂੰ ਮਿੱਥਣ ਵਾਲੇ ਇਲਾਜ ਇਨ੍ਹਾਂ ਬਿਮਾਰੀਆਂ 'ਚ ਨੋਟਿਸ ਕਰਨ ਤੇ ਵਿਵਹਾਰ ਸਬੰਧੀ ਲੱਛਣਾਂ ਨੂੰ ਘੱਟ ਕਰਨ ਤੇ ਦਿਮਾਗ਼ ਦੀ ਸਿਹਤ 'ਚ ਸੁਧਾਰ ਕਰਨ 'ਚ ਮਦਦ ਕਰ ਸਕਦੇ ਹਨ। ਇਹ ਖ਼ਾਸ ਕਰਕੇ ਔਰਤਾਂ 'ਚ ਵਧੇਰੇ ਲਾਹੇਵੰਦ ਸਾਬਿਤ ਹੋ ਸਕਦਾ ਹੈ।

# ਭਾਰਤ ਲਈ ਚੁਣੌਤੀ ਬਣਿਆ ਬੰਗਲਾਦੇਸ਼

ਪ੍ਰਕਾਸ਼ ਸਿੰਘ

ਬੰਗਲਾਦੇਸ਼ 'ਚ ਹਾਲਾਤ ਖ਼ਰਾਬ ਹੁੰਦੇ ਜਾ ਰਹੇ ਹਨ। ਇਸ ਕਾਰਨ ਦੱਖਣੀ ਏਸ਼ੀਆ 'ਚ ਜੋ ਹਾਲਾਤ ਬਣ ਰਹੇ ਹਨ, ਉਹ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ। ਪਾਕਿਸਤਾਨ ਤਾਂ 1947 ਤੋਂ ਹੀ ਭਾਰਤ ਵਿਰੋਧੀ ਹਿੰਸਕ ਕਾਰਵਾਈ ਕਰ ਰਿਹਾ ਹੈ। ਅਫ਼ਗਾਨਿਸਤਾਨ ਨੂੰ ਭਾਰਤ ਨੇ ਬਹੁਤ ਆਰਥਕ ਮਦਦ ਦਿੱਤੀ, ਪਰ ਉਸ ਦਾ ਕੋਈ ਵਿਸ਼ੇਸ਼ ਸਕਾਰਾਤਮਕ ਨਤੀਜਾ ਨਹੀਂ ਨਿਕਲਿਆ। ਬੰਗਲਾਦੇਸ਼ ਨੂੰ ਅਸੀਂ 1971 'ਚ ਆਜ਼ਾਦ ਕਰਵਾਇਆ। ਸ਼ੇਖ਼ ਹਸੀਨਾ ਦੇ ਕਾਰਜਕਾਲ 'ਚ ਅਜਿਹਾ ਲੱਗਾ ਕਿ ਸਾਡੀਆਂ ਪੂਰਬ-ਉੱਤਰ ਦੀ ਸਰਹੱਦਾਂ ਹੁਣ ਸੁਰੱਖਿਅਤ ਰਹਿਣਗੀਆਂ ਤੇ ਇਸ ਗੁਆਂਢੀ ਦੇਸ਼ ਨਾਲ ਚੰਗੇ ਸਬੰਧ ਬਣੇ ਰਹਿਣਗੇ, ਪਰ ਇਹ ਅਧਿਆਏ ਵੀ ਪੰਜ ਅਗਸਤ, 2024 ਨੂੰ ਖ਼ਤਮ ਹੋ ਗਿਆ, ਜਦ ਬੰਗਲਾਦੇਸ਼ 'ਚ ਤਖ਼ਤਾਪਲਟ ਹੋ ਗਿਆ ਤੇ ਸ਼ੇਖ਼ ਹਸੀਨਾ ਨੂੰ ਭਾਰਤ 'ਚ ਪਨਾਹ ਲੈਣੀ ਪਈ।



ਬੰਗਲਾਦੇਸ਼ 'ਚ ਸਰਕਾਰ ਵਿਰੋਧੀ ਅੰਦੋਲਨ ਦੀ ਅਗਵਾਈ ਜਮਾਤ-ਏ-ਇਸਲਾਮੀ, ਹਿਜ਼ਬੁਤ ਤਹਿਰੀਰ ਤੇ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਤੋਂ ਇਲਾਵਾ ਕਈ ਇਸਲਾਮੀ ਸੰਗਠਨ ਕਰ ਰਹੇ ਸਨ। ਅਮਰੀਕਾ ਦਾ ਇਕ ਪ੍ਰਭਾਵੀ ਵਰਗ ਵੀ ਅੰਦੋਲਨਕਾਰੀਆਂ ਦਾ ਸਮਰਥਨ ਕਰ ਰਿਹਾ ਸੀ। ਲਗਦਾ ਹੈ ਕਿ ਸਾਡੀ ਖ਼ੁਫ਼ੀਆ ਏਜੰਸੀ ਨੂੰ ਇਸ ਸਾਜ਼ਿਸ਼ ਦੀ ਭਨਕ ਨਹੀਂ ਲੱਗੀ। ਬੰਗਲਾਦੇਸ਼ 'ਚ ਇਸ ਸਮੇਂ ਇਕ ਅੰਤ੍ਰਿਮ ਸਰਕਾਰ ਚੱਲ ਰਹੀ ਹੈ, ਜਿਸ ਦੇ ਮੁੱਖ ਸਲਾਹਕਾਰ ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਹਨ। ਤਖ਼ਤਾਪਲਟ ਤੋਂ ਬਾਅਦ ਤੋਂ ਬੰਗਲਾਦੇਸ਼ 'ਚ ਘੱਟ ਗਿਣਤੀਆਂ ਤੇ ਖ਼ਾਸ ਤੌਰ 'ਤੇ ਹਿੰਦੂਆਂ 'ਤੇ ਬਹੁਤ ਸਾਰੇ ਹਮਲੇ ਹੋ ਰਹੇ ਹਨ। ਮੰਦਰਾਂ ਨੂੰ ਤੋੜਿਆ ਜਾ ਰਿਹਾ ਹੈ, ਸੰਤਾਂ ਨੂੰ ਤਸੀਹੇ ਦਿੱਤੇ ਜਾ ਰਹੇ ਹਨ। ਹਿੰਦੂ ਅਧਿਕਾਰੀਆਂ ਨੂੰ ਅਸਤੀਫ਼ੇ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਹੈ, ਔਰਤਾਂ ਦਾ ਸ਼ੋਸ਼ਣ ਹੋ ਰਿਹਾ ਹੈ।

ਭਾਰਤ ਦੇ ਵਿਦੇਸ਼ ਮੰਤਰਾਲੇ ਮੁਤਾਬਕ ਅੱਠ ਦਸੰਬਰ ਤੱਕ ਹਿੰਦੂਆਂ ਤੇ ਹੋਰ ਘੱਟ ਗਿਣਤੀਆਂ ਖ਼ਿਲਾਫ਼ 2200 ਹਿੰਸਕ ਘਟਨਾਵਾਂ ਹੋ ਚੁੱਕੀਆਂ ਹਨ। ਇਨ੍ਹਾਂ 'ਚ ਹਿੰਦੂਆਂ ਦੀਆਂ ਹੱਤਿਆਵਾਂ ਵੀ ਸ਼ਾਮਲ ਹਨ। ਬੰਗਲਾਦੇਸ਼ ਸਰਕਾਰ ਦਾ ਧਿਆਨ ਜਦ ਇਨ੍ਹਾਂ ਘਟਨਵਾਂ ਵੱਲ ਦਿ-ਵਾਇਆ ਜਾਂਦਾ ਹੈ ਤਾਂ ਉਹ ਦਲੀਲ ਦਿੰਦੀ ਹੈ ਕਿ ਇਹ ਸਾਡਾ ਅੰਦਰੂਨੀ ਮਾਮਲਾ ਹੈ ਤੇ ਇਹ ਘਟਨਾਵਾਂ ਫ਼ਿਰਕੂ ਨਹੀਂ ਹਨ, ਬਲਕਿ ਸਿਆਸੀ ਹਨ। ਕੀ ਇਹ ਅਜੀਬ ਨਹੀਂ ਕਿ ਜਦ ਕਿਸੇ ਦੇਸ਼ 'ਚ ਮੁਹੰਮਦ ਸਾਹਿਬ ਦਾ ਕਾਰਟੂਨ ਬਣਦਾ ਹੈ ਜਾਂ ਕਿਤੇ ਕੋਈ ਮਸਜਿਦ ਡਿੱਗ ਜਾਂਦੀ ਹੈ, ਤਦ ਤਾਂ ਉਹ ਮਾਮਲਾ ਵਿਸ਼ਵ ਪੱਧਰੀ ਹੋ ਜਾਂਦਾ ਹੈ ਤੇ ਦੁਨੀਆ ਭਰ ਦੇ ਮੁਸਲਮਾਨ ਉਸ 'ਤੇ ਆਪਣਾ ਵਿਰੋਧ ਪ੍ਰਗਟ ਕਰਦੇ ਹਨ ਪਰ ਜਦ ਹਿੰਦੂਆਂ ਦੇ ਮੰਦਰ ਤੋੜੇ ਜਾਂਦੇ ਹਨ ਤੇ ਉਨ੍ਹਾਂ ਦਾ ਸ਼ੋਸ਼ਣ ਹੁੰਦਾ ਹੈ ਤਾਂ ਇਹ ਸਬੰਧਤ ਦੇਸ਼ ਦਾ ਅੰਦਰੂਨੀ ਮਾਮਲਾ ਹੋ ਜਾਂਦਾ ਹੈ।

ਬੰਗਲਾਦੇਸ਼ 'ਚ ਕੁਝ ਘਟਨਾਵਾਂ ਦੇ ਪਿੱਛੇ ਸਿਆਸੀ ਕਾਰਨ ਹੋ ਸਕਦੇ ਹਨ, ਕਿਉਂਕਿ ਉਥੇ ਦਾ ਘੱਟ ਗਿਣਤੀ ਵਰਗ ਜ਼ਿਆਦਾਤਰ ਅਵਾਮੀ ਲੀਗ ਦਾ ਸਮਰਥਨ ਕਰਦਾ ਹੈ, ਪਰ ਇਹ ਕਹਿਣਾ ਗਲੇ ਦੇ ਹੇਠਾਂ ਨਹੀਂ ਉਤਰਦਾ ਕਿ ਉਨ੍ਹਾਂ 'ਤੇ ਹਮਲੇ ਦੇ ਪਿੱਛੇ ਫ਼ਿਰਕੂ ਭਾਵਨਾ ਨਹੀਂ ਹੈ। ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਪਿਛਲੇ ਦਿਨੀਂ ਢਾਕਾ ਗਏ ਤੇ ਉਨ੍ਹਾਂ ਨੇ ਘੱਟ ਗਿਣਤੀਆਂ ਦੀ ਸੁਰੱਖਿਆ ਬਾਰੇ ਵਿਸ਼ੇਸ਼ ਤੌਰ 'ਤੇ ਮੁਹੰਮਦ ਯੂਨਸ ਨਾਲ ਗੱਲ ਕੀਤੀ, ਪਰ ਸਥਿਤੀ 'ਚ ਕੋਈ ਤਬਦੀਲੀ ਹੁੰਦੀ ਪ੍ਰਤੀਤ ਨਹੀਂ ਹੁੰਦੀ। ਭਾਰਤ ਦੇ ਲਈ ਖ਼ਾਸ ਚਿੰਤਾ ਦੇ ਤਿੰਨ ਪਹਿਲੂ ਹਨ। ਪਹਿਲਾ, ਬੰਗਲਾਦੇਸ਼ 'ਚ ਕੱਟੜਪੰਥੀਆਂ ਦਾ ਦਬਦਬਾ ਵਧਦਾ ਜਾ ਰਿਹਾ ਹੈ। ਜਮਾਤ-ਏ-ਇਸਲਾਮੀ ਤੋਂ ਪਾਬੰਦੀ ਹਟਾ ਲਈ ਗਈ ਹੈ। ਪਿਛਲੀ ਸਰਕਾਰ ਨੇ ਜਿਨ੍ਹਾਂ ਕੱਟੜਪੰਥੀਆਂ ਨੂੰ ਜੇਲ੍ਹ 'ਚ ਬੰਦ ਕਰ ਕੇ ਰੱਖਿਆ ਸੀ, ਉਨ੍ਹਾਂ ਨੂੰ ਛੱਡ ਦਿੱਤਾ ਗਿਆ ਹੈ। ਅੰਤ੍ਰਿਮ ਸਰਕਾਰ ਦਾ ਸਮਰਥਨ ਕਰ ਰਿਹਾ ਹਿਜ਼ਬੁਤ ਤਹਿਰੀਰ ਇਕ ਕੱਟੜ ਇਸਲਾਮੀ ਸੰਗਠਨ ਹੈ, ਜੋ ਦੁਨੀਆ ਭਰ 'ਚ ਖ਼ਲੀਫ਼ਾ ਦਾ ਸਾਮਰਾਜ ਸਥਾਪਿਤ ਕਰਨ 'ਚ ਵਿਸ਼ਵਾਸ ਕਰਦਾ ਹੈ।

ਦੂਜਾ, ਬੰਗਲਾਦੇਸ਼ ਦਾ ਝੁਕਾਅ ਹੀ ਨਹੀਂ, ਬਲਕਿ ਲਗਾਵ ਵੀ ਪਾਕਿਸਤਾਨ ਨਾਲ ਹੁੰਦਾ ਜਾ ਰਿਹਾ ਹੈ। ਮੁਹੰਮਦ ਯੂਨਸ ਪਿਛਲੇ ਦਿਨੀਂ ਪਾਕਿਸਤਾਨੀ ਪ੍ਰਧਾਨ ਮੰਤਰੀ ਨਾਲ ਜਿਸ ਗਰਮਜੋਸ਼ੀ ਨਾਲ ਮਿਲੇ, ਉਹ ਦੇਖਣ ਲਾਇਕ ਸੀ। ਪਾਕਿਸਤਾਨ ਨਾਲ ਸਮੁੰਦਰੀ ਰਾਹ ਤੋਂ ਬੰਗਲਾਦੇਸ਼ ਨੂੰ ਸਾਮਾਨ ਵੀ ਜਾਣ ਲੱਗਾ ਹੈ, ਜੋ ਸਾਲਾਂ ਤੋਂ ਬੰਦ ਸੀ। ਪਾਕਿਸਤਾਨੀ ਗਾਇਕ ਢਾਕਾ ਸੱਦੇ ਜਾ ਰਹੇ ਹਨ।

ਤੀਜਾ, ਚੀਨ ਹੁਣ ਬੰਗਲਾਦੇਸ਼ 'ਚ ਆਪਣਾ ਜਾਲ ਤੇਜ਼ੀ ਨਾਲ ਫੈਲਾ ਸਕਦਾ ਹੈ। ਉਸ ਦੀ ਬੈਲਟ ਐਂਡ ਰੋਡ ਇਨੀਸ਼ਿਏਟਿਵ ਯੋਜਨਾ ਨੂੰ ਰਫ਼ਤਾਰ ਮਿਲ ਸਕਦੀ ਹੈ। ਬੰਗਲਾਦੇਸ਼ ਫ਼ੌਜੀ ਸਮੱਗਰੀ ਚੀਨ ਤੋਂ ਖਰੀਦਣ ਜਾ ਰਿਹਾ ਹੈ।

ਬੰਗਲਾਦੇਸ਼ ਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਭਾਰਤ ਦੇ ਸਾਹਮਣੇ ਤਿੰਨ ਸ਼ੱਕ ਸਾਹਮਣੇ ਆ ਰਹੇ ਹਨ। ਪਹਿਲਾ, ਇਹ ਕਿ ਕੀ ਬੰਗਲਾਦੇਸ਼ 'ਚ ਵੀ ਅਫ਼ਗਾਨਿਸਤਾਨ ਵਾਂਗ ਕੋਈ ਤਾਲਿਬਾਨੀ ਰਾਜ ਸਥਾਪਿਤ ਹੋ ਜਾਵੇਗਾ? ਦੂਜਾ, ਕੀ ਬੰਗਲਾਦੇਸ਼ ਮੁੜ ਪੂਰਬ-ਉੱਤਰ ਦੇ ਅੱਤਵਾਦੀ-ਵੱਖਵਾਦੀ ਸੰਗਠਨਾਂ ਦਾ ਸ਼ਰਨ ਸਥਾਨ ਬਣ ਜਾਵੇਗਾ? ਕੀ ਬੰਗਲਾਦੇਸ਼ 'ਚ ਹਿੰਦੂਆਂ ਦੀ ਸੁਰੱਖਿਆ ਯਕੀਨੀ ਬਣ ਸਕੇਗੀ? ਇਸ ਸਮੇਂ ਉਥੇ ਹਿੰਦੂਆਂ ਦੀ ਆਬਾਦੀ 7.95 ਫ਼ੀਸਦੀ ਹੈ। ਇਕ ਸਮੇਂ ਉਹ 20 ਫ਼ੀਸਦੀ ਤੋਂ ਵੱਧ ਸੀ। ਹਾਲਾਤ ਕਾਫ਼ੀ ਅਜੀਬ ਹਨ, ਪਰ ਸਾਨੂੰ ਉਸ ਦਾ ਹੱਲ ਤਾਂ ਲੱਭਣਾ ਹੀ ਪਵੇਗਾ। ਇਤਿਹਾਸ ਗਵਾਹ ਹੈ ਕਿ ਜੇ ਤੁਹਾਡੇ ਕੋਲ ਆਰਥਕ ਤੇ ਫ਼ੌਜੀ ਤਾਕਤ ਹੈ ਤਾਂ ਤੁਸੀਂ ਕਿਸੇ ਵੀ ਦੇਸ਼ ਨਾਲ ਨਜਿੱਠ ਸਕਦੇ ਹੋ। ਭਾਰਤ ਇਨ੍ਹਾਂ ਦੋਵਾਂ ਖੇਤਰਾਂ 'ਚ ਆਪਣੀ ਸਮਰੱਥਾ ਤੇਜ਼ੀ ਨਾਲ ਵਧਾ ਰਿਹਾ ਹੈ। ਬੰਗਲਾਦੇਸ਼ 'ਚ ਕੋਈ ਵੀ ਸਰਕਾਰ ਬਣੇ, ਸਾਨੂੰ ਉਸ ਨਾਲ ਨਜਿੱਠਣ 'ਚ ਜ਼ਿਆਦਾ ਮੁਸ਼ਕਲ ਨਹੀਂ ਹੋਣੀ ਚਾਹੀਦੀ।

ਅਸੀਂ ਕਿਸੇ ਗੁਆਂਢੀ ਦੇਸ਼ 'ਤੇ ਹਮਲਾ ਨਹੀਂ ਕਰਨਾ ਹੈ, ਪਰ ਉਸ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜੇ ਉਸ ਨੇ ਕੋਈ ਭਾਰਤ ਵਿਰੋਧੀ ਕਾਰਵਾਈ ਕੀਤੀ ਤਾਂ ਉਸ ਦੀ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ। ਪੂਰਬ-ਉੱਤਰ ਦੀਆਂ ਸਰਹੱਦਾਂ ਨੂੰ ਸਾਨੂੰ ਸੁਰੱਖਿਅਤ ਰੱਖਣਾ ਪਵੇਗਾ। ਬੰਗਲਾਦੇਸ਼ ਦੀ 4096 ਕਿਲੋਮੀਟਰ ਸਰਹੱਦ 'ਤੇ ਸੀਮਾ ਸੁਰੱਖਿਆ ਬਲ ਤਾਇਨਾਤ ਹੈ, ਉਸ ਨੂੰ ਆਪਣੀ ਡਿਊਟੀ ਹੋਰ ਚੌਕਸੀ ਨਾਲ ਕਰਨੀ ਪਵੇਗੀ। ਹਿੰਦੂਆਂ ਦੀ ਸੁਰੱਖਿਆ ਲਈ ਸਾਨੂੰ ਬੰਗਲਾਦੇਸ਼ 'ਤੇ ਅੰਤਰਰਾਸ਼ਟਰੀ ਦਬਾਅ ਬਣਾਉਣਾ ਪਵੇਗਾ ਤੇ ਇਸ ਸਬੰਧੀ ਲਗਾਤਾਰ ਕੋਸ਼ਿਸ਼ਾਂ ਕਰਨੀਆਂ ਪੈਣਗੀਆਂ।

ਅਮਰੀਕਾ 'ਚ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਸੰਭਵ ਤੌਰ 'ਤੇ ਸਾਨੂੰ ਇਸ 'ਚ ਮਦਦ ਮਿਲੇਗੀ। ਬਾਵਜੂਦ ਇਸ ਦੇ ਬੰਗਲਾਦੇਸ਼ 'ਚ ਹਿੰਦੂਆਂ ਦੇ ਸ਼ੋਸ਼ਣ ਬਾਰੇ ਸਾਨੂੰ ਸਾਰੇ ਦੇਸ਼ਾਂ 'ਚ ਪ੍ਰਚਾਰ ਕਰਨਾ ਪਵੇਗਾ। ਜੇ ਹਾਲਾਤ 'ਚ ਸੁਧਾਰ ਨਹੀਂ ਹੁੰਦਾ ਤਾਂ ਭਾਰਤ ਨੂੰ ਸ਼ਾਇਦ ਆਬਾਦੀ ਦੀ ਅਦਲਾ-ਬਦਲੀ ਦਾ ਪ੍ਰਸਤਾਵ ਰੱਖਣਾ ਪਵੇ। 2000 'ਚ ਸਾਹਮਣੇ ਆਈ ਮਾਧਵ ਗੋਡਬੋਲੇ ਕਮੇਟੀ ਦੀ ਰਿਪੋਰਟ ਮੁਤਾਬਕ ਭਾਰਤ 'ਚ ਲਗਪਗ 1.5 ਕਰੋੜ ਬੰਗਲਾਦੇਸ਼ੀ ਨਾਜਾਇਜ਼ ਰੂਪ ਨਾਲ ਰਹਿ ਰਹੇ ਹਨ। ਹੁਣ ਇਹ ਗਿਣਤੀ ਤਿੰਨ-ਚਾਰ ਕਰੋੜ ਹੋ ਸਕਦੀ ਹੈ। ਬੰਗਲਾਦੇਸ਼ ਦਾ ਅਰਥਚਾਰਾ ਡਾਵਾਂਡੋਲ ਰਿਹਾ ਹੈ। ਹੋ ਸਕਦਾ ਹੈ ਕਿ ਉਥੇ ਦੀ ਲੀਡਰਸ਼ਿਪ ਨੂੰ ਜਲਦੀ ਇਹ ਸਮਝ ਆ ਜਾਵੇ ਕਿ ਭਾਰਤ ਤੋਂ ਮਦਦ ਤੇ ਚੰਗੇ ਸਬੰਧਾਂ ਤੋਂ ਬਿਨਾਂ ਦੇਸ਼ ਨੂੰ ਆਸਾਨੀ ਨਾਲ ਚਲਾਉਣਾ ਮੁਸ਼ਕਲ ਹੋਵੇਗਾ। ਇਹ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਬੰਗਲਾਦੇਸ਼ ਸਹੀ ਰਾਹ 'ਤੇ ਆ ਜਾਵੇਗਾ, ਪਰ ਸਾਨੂੰ ਉਲਟ ਹਾਲਾਤ ਲਈ ਵੀ ਤਿਆਰ ਰਹਿਣਾ ਪਵੇਗਾ।

# ਐਨਟੀਨੇ ਘੁੰਮਾ ਕੇ ਚੱਲਣ ਵਾਲੇ ਟੈਲੀਵਿਜ਼ਨ ਦਾ ਵੀ ਇਕ ਸਮਾਂ ਸੀ

(ਸਫਾ 11 ਦੀ ਬਾਕੀ)

ਐਨਟੀਨੇ ਦੀ ਦਿਸ਼ਾ ਸਹੀ ਕਰਨੀ ਬੜੀ ਜ਼ਰੂਰੀ ਹੁੰਦੀ ਸੀ। ਇਕ ਵਿਅਕਤੀ ਲੋਹੇ ਦੀ ਪਾਈਪ ਘੁਮਾਉਂਦਿਆਂ ਹੌਲੀ-ਹੌਲੀ ਐਨਟੀਨੇ ਦੀ ਦਿਸ਼ਾ ਸਹੀ ਕਰਦਾ ਸੀ ਅਤੇ ਦੂਜਾ ਵਿਅਕਤੀ ਟੈਲੀਵਿਜ਼ਨ ਕੋਲ ਰਹਿ ਕੇ ਐਨਟੀਨੇ ਦੀ ਦਿਸ਼ਾ ਬਦਲਣ ਨਾਲ ਸਹੀ ਪ੍ਰਸਾਰਨ ਬਾਰੇ ਜਾਣਕਾਰੀ ਦਿੰਦਾ ਸੀ। ਜਦੋਂ ਹੀ ਪ੍ਰਸਾਰਨ ਦੀ ਕੁਆਲਿਟੀ ਸਹੀ ਹੋਣੀ ਤਾਂ ਟੈਲੀਵਿਜ਼ਨ ਵੇਖ ਰਿਹਾ ਵਿਅਕਤੀ ਐਨਟੀਨਾ ਘੁਮਾ ਰਹੇ ਵਿਅਕਤੀ ਨੂੰ ਐਨਟੀਨਾ ਸਹੀ ਹੋਣ ਦੀ ਉੱਚੀ ਆਵਾਜ਼ ਲਗਾਉਂਦਾ। ਕੋਠਿਆਂ 'ਤੇ ਚੜ੍ਹ ਕੇ ਐਨਟੀਨੇ ਸਹੀ ਕਰਦੇ ਵਿਅਕਤੀ ਅਕਸਰ ਨਜ਼ਰੀਂ ਪੈਂਦੇ ਰਹਿੰਦੇ ਸਨ। ਐਨਟੀਨੇ ਦੇ ਦੌਰ ਦੌਰਾਨ ਟੀਵੀ ਵੀ ਅੱਜ ਵਾਂਗ ਸੈਂਕੜੇ ਚੈਨਲਾਂ ਵਾਲੇ ਨਹੀਂ ਸਨ। ਉਨ੍ਹਾਂ ਸਮਿਆਂ ਦੇ ਟੈਲੀਵਿਜ਼ਨ ਦੂਰਦਰਸ਼ਨ ਦਿੱਲੀ ਅਤੇ ਜਲੰਧਰ ਸਮੇਤ ਦੋ-ਚਾਰ ਚੈਨਲ ਹੀ ਵਿਖਾਉਂਦੇ ਸਨ।

ਪੰਜਾਬੀ ਦੇ ਰੰਗਾਰੰਗ ਪ੍ਰੋਗਰਾਮਾਂ ਦੀ ਅੱਜ ਵਾਂਗ ਭਰਮਾਰ ਨਹੀਂ ਸੀ। ਜਲੰਧਰ ਦੂਰਦਰਸ਼ਨ ਵੱਲੋਂ ਨਿਸ਼ਚਤ ਦਿਨਾਂ 'ਤੇ ਮਹਿਜ਼ ਅੱਧੇ ਘੰਟੇ ਦੇ ਸਮੇਂ ਲਈ ਰੰਗਾਰੰਗ ਪ੍ਰੋਗਰਾਮਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਸੀ। ਇਨ੍ਹਾਂ ਪ੍ਰੋਗਰਾਮਾਂ ਨੂੰ ਵੇਖਣ ਦਾ ਲੋਕਾਂ ਵਿਚ ਭਾਰੀ ਉਤਸ਼ਾਹ ਹੁੰਦਾ ਸੀ। ਨਵੇਂ ਵਰ੍ਹੇ ਦੇ ਰੰਗਾਰੰਗ ਪ੍ਰੋਗਰਾਮ ਦੀ ਸ਼ੂਟਿੰਗ ਲਈ ਦੂਰਦਰਸ਼ਨ ਦੇ ਵਿਹੜੇ ਖ਼ਾਸ ਰੌਣਕਾਂ ਲੱਗਿਆ ਕਰਦੀਆਂ ਸਨ। ਨਵੇਂ ਵਰ੍ਹੇ ਦੇ ਰੰਗਾਰੰਗ ਪ੍ਰੋਗਰਾਮ ਵਿਚ ਆਪਣੀ ਕਲਾ ਦਾ ਮੁਜ਼ਾਹਰਾ ਕਰਨ ਲਈ ਗਾਇਕਾਂ ਵੱਲੋਂ ਕਾਫ਼ੀ ਜੋੜ-ਤੋੜ ਕੀਤੇ ਜਾਂਦੇ ਸਨ। ਨਵੇਂ ਵਰ੍ਹੇ ਨੂੰ 'ਜੀ ਆਇਆ' ਕਹਿਣ ਲਈ ਸੱਭਿਆਚਾਰਕ ਪ੍ਰੋਗਰਾਮਾਂ ਦੀ ਪੇਸ਼ਕਾਰੀ ਬੇਸ਼ੱਕ ਅੱਜ ਵੀ ਕੀਤੀ ਜਾਂਦੀ ਹੈ ਪਰ ਅੱਜ ਦੇ ਪ੍ਰੋਗਰਾਮਾਂ 'ਚ ਐਨਟੀਨੇ ਵਾਲੇ ਸਮਿਆਂ ਜਿਹੀ ਖਿੱਚ ਤੇ ਚਾਅ ਨਹੀਂ। ਟੀਵੀ ਚੈਨਲਾਂ 'ਤੇ ਰੰਗਾਰੰਗ ਪ੍ਰੋਗਰਾਮਾਂ ਦੀ ਭਰਮਾਰ ਨੇ ਨਵੇਂ ਵਰ੍ਹੇ ਦੇ ਪ੍ਰੋਗਰਾਮ ਪ੍ਰਤੀ ਦਰਸ਼ਕਾਂ ਦਾ ਉਤਸ਼ਾਹ ਖ਼ਤਮ ਕਰ ਦਿੱਤਾ ਹੈ। ਅਜੋਕੇ ਸਮੇਂ 'ਚ ਗੀਤਾਂ ਦੀ ਪੇਸ਼ਕਾਰੀ ਵੇਖਣ ਲਈ ਤਮਾਮ ਸਾਧਨ ਮੋਬਾਈਲ 'ਤੇ ਹੀ ਉਪਲਬਧ ਹੋਣ ਕਾਰਨ ਟੈਲੀਵਿਜ਼ਨ ਦੇ ਦਰਸ਼ਕਾਂ ਦੀ ਗਿਣਤੀ ਘਟਦੀ ਹੀ ਜਾ ਰਹੀ ਹੈ। ਆਮ ਘਰਾਂ 'ਚ ਲੋਕ ਟੈਲੀਵਿਜ਼ਨ ਵੇਖਣ ਦੀ ਬਜਾਏ ਆਪੋ-ਆਪਣੇ ਮੋਬਾਈਲਾਂ 'ਤੇ ਰੁੱਝੇ ਨਜ਼ਰੀਂ ਪੈਣ ਲੱਗੇ ਹਨ। ਐਨਟੀਨੇ ਘੁਮਾ ਕੇ ਟੈਲੀਵਿਜ਼ਨ ਵੇਖਣ ਵਾਲੇ ਲੋਕਾਂ ਲਈ ਉਹ ਸਮਾਂ ਕੀਮਤੀ ਸਰਮਾਏ ਤੋਂ ਘੱਟ ਨਹੀਂ। ਨਵੇਂ ਵਰ੍ਹੇ ਦੇ ਰੰਗਾਰੰਗ ਪ੍ਰੋਗਰਾਮ ਪ੍ਰਤੀ ਉਨ੍ਹਾਂ ਸਮਿਆਂ ਦਾ ਚਾਅ ਤੇ ਉਤਸ਼ਾਹ ਰੂਹ ਨੂੰ ਅੱਜ ਵੀ ਬਾਗੋਬਾਗ ਕਰ ਜਾਂਦਾ ਹੈ। ਪੁਰਾਤਨ ਸਮਿਆਂ ਦੀਆਂ ਯਾਦਾਂ ਨਾਲ ਆਪ ਸਭ ਨੂੰ ਨਵੇਂ ਵਰ੍ਹੇ ਦੀ 2025 ਦੀਆਂ ਬਹੁਤ-ਬਹੁਤ ਮੁਬਾਰਕਾਂ।

# ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ

ਅਭੈ ਸਿੰਘ

ਪਤਾ ਨਹੀ ਕਦੋਂ, ਕਿੱਥੇ ਤੇ ਕਿਹੜੇ ਅਦਾਰੇ ਵੱਲੋਂ ਅਜਿਹਾ ਐਲਾਨ ਕੀਤਾ ਗਿਆ ਕਿ ਪੰਜਾਬ ਦਾ ਵਿਸ਼ੇਸ਼ ਖਾਣਾ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਹੋਵੇਗਾ, ਪਰ ਇਹ ਬਣ ਚੁੱਕਾ ਹੈ। ਹੋਰ ਵੀ ਕਈ ਚੀਜ਼ਾਂ ਮਸ਼ਹੂਰ ਹਨ ਜਿਵੇਂ ਅੰਮ੍ਰਿਤਸਰੀ ਕੁਲਚੇ ਤੇ ਅੰਮ੍ਰਿਤਸਰੀ ਮੱਛੀ ਵਗੈਰਾ, ਪਰ ਪੂਰੇ ਪੰਜਾਬ ਦੇ ਤੌਰ 'ਤੇ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਦੀ ਹਸਤੀ ਚੰਗੀ ਤਰ੍ਹਾਂ ਸਥਾਪਤ ਹੈ। ਪਹਿਲੀਆਂ ਵਿੱਚ ਇਹ ਬਿਲਕੁਲ ਪੇਂਡੂ ਖੁਰਾਕ ਹੀ ਸੀ ਤੇ ਇੱਕ ਹੱਦ ਤੱਕ ਗ਼ਰੀਬੀ ਦਾਅਵੇ ਦਾ ਖਾਣਾ ਸੀ।

ਸਾਉਣੀ ਦੀ ਮੁੱਖ ਫ਼ਸਲ ਮੱਕੀ ਹੁੰਦੀ ਸੀ। ਬਾਰਸ਼ਾਂ ਹੋਣ ਕਰਕੇ ਇਸ ਦੀ ਪੈਦਾਵਾਰ ਵੀ ਕਣਕ ਨਾਲੋਂ ਵੱਧ ਸੀ ਤੇ ਭਾਅ ਵਿੱਚ ਸਸਤੀ ਵੀ। ਸਿਆਲਾਂ ਵਿੱਚ ਮੱਕੀ ਦੀ ਰੋਟੀ ਉੱਪਰ ਇਸ ਕਰਕੇ ਵੀ ਜ਼ੋਰ ਹੁੰਦਾ ਸੀ ਕਿ ਚੇਤ ਤੇ ਵਿਸਾਖ ਦੇ ਮਹੀਨਿਆਂ ਤੱਕ ਕਣਕ ਦੀ ਕਮੀ ਨਾ ਆ ਜਾਵੇ। ਇਨ੍ਹਾਂ ਮਹੀਨਿਆਂ ਨੂੰ ਥੋੜ੍ਹ ਦੇ ਪੱਖੋਂ ਤੇਰਵਾਂ ਮਹੀਨਾ ਕਿਹਾ ਜਾਂਦਾ ਸੀ। ਸ਼ਾਇਦ ਇਸੇ ਕਰਕੇ ਕਈ ਵਾਰ ਜਦੋਂ ਸਾਗ ਤੇ ਮੱਕੀ ਦੀ ਰੋਟੀ ਬਣੀ ਹੋਈ ਤੋਂ ਪ੍ਰਾਹੁਣਾ ਆ ਜਾਵੇ ਤਾਂ ਉਸ ਵਾਸਤੇ ਉਚੇਚਾ ਕਣਕ ਦਾ ਆਟਾ ਗੁੰਨ੍ਹਿਆ ਜਾਂਦਾ ਸੀ ਤੇ ਦਾਲ ਚੜ੍ਹਾਈ ਜਾਂਦੀ ਸੀ।



ਕਦੇ ਸਕੂਲਾਂ ਦੇ ਬੱਚਿਆਂ ਨੂੰ ਦੁਪਹਿਰ ਦੇ ਖਾਣੇ ਵਾਸਤੇ ਮੱਕੀ ਦੀ ਰੋਟੀ ਭੂਰ ਕੇ ਗੁੜ ਵਿੱਚ ਗੁੰਨ੍ਹੀ ਚੂਰੀ ਆਮ ਹੁੰਦੀ ਸੀ ਜੋ ਕੱਪੜੇ ਦੇ ਪੋਣੇ ਵਿੱਚ ਘੁੱਟ ਕੇ ਬੱਧੀ ਹੁੰਦੀ ਸੀ। ਸਿਆਲਾਂ ਦੇ ਦਿਨਾਂ ਵਿੱਚ ਇਨ੍ਹਾਂ ਵਿਚਲਾ ਘਿਓ ਜੰਮ ਕੇ ਚੂਰੀ ਨੂੰ ਸਖ਼ਤ ਬਣਾ ਦਿੰਦਾ ਸੀ। ਇੱਥੋਂ ਤੱਕ ਸੁਣਿਆ ਕਿ ਕਿਧਰੇ ਮੁੰਡੇ ਲੜਦੇ ਹੋਏ ਬਸਤਿਓਂ ਬਸਤੀ ਹੋ ਗਏ ਤਾਂ ਬਸਤੇ ਵਿਚਲੀ ਚੂਰੀ ਵੱਜਣ ਨਾਲ ਇੱਕ ਮੁੰਡੇ ਦੇ ਮੱਥੇ 'ਤੇ ਰੋਬੜਾ ਪੈ ਗਿਆ। ਅੱਜਕੱਲ੍ਹ ਯੂ ਟਿਊਬ ਉੱਪਰ ਬਹੁਤ ਤਰੀਕੇ ਦੱਸੇ ਜਾਂਦੇ ਹਨ ਕਿ ਕਿਵੇਂ ਮੱਕੀ ਦੀ ਰੋਟੀ ਵੀ ਕਣਕ ਦੀ ਰੋਟੀ ਵਾਂਗ ਪਤਲੀ ਤੇ ਕੂਲੀ ਬਣਾਈ ਜਾ ਸਕਦੀ ਹੈ। ਠੀਕ ਹੈ, ਪਰ ਫਿਰ ਬੰਦਾ ਕਣਕ ਦੀ ਹੀ ਕਿਉਂ ਨਾ ਖਾ ਲਵੇ। ਮੱਕੀ ਦਾ ਸਵਾਦ ਹੀ ਮੋਟੀ ਰੋਟੀ ਨਾਲ ਬਣਦਾ ਹੈ। ਤਦੇ ਤਾਂ ਇੱਕ ਕਿੱਸਾ ਬਣਿਆ ਹੈ ਕਿ ਇੱਕ ਅੰਗਰੇਜ਼ ਨੇ ਖਾਣਾ ਮੰਗਿਆ। ਕਿਸੇ ਨੇ ਮੱਕੀ ਦੀ ਰੋਟੀ ਉੱਪਰ ਸਾਗ ਰੱਖ ਕੇ ਦੇ ਦਿੱਤਾ। ਉਹ ਥੋੜ੍ਹੀ ਦੇਰ ਬਾਅਦ ਸਾਗ ਖਾ ਕੇ ਮੱਕੀ ਦੀ ਰੋਟੀ ਧੋ ਕੇ ਵਾਪਸ ਕਰ ਗਿਆ ਕਿ ਤੁਹਾਡਾ ਖਾਣਾ ਬਹੁਤ ਸਵਾਦ ਸੀ, ਇਹ ਸੰਭਾਲੋ ਆਪਣੀ ਥਾਲੀ। ਇਹ ਹੁੰਦੀ ਹੈ ਮੱਕੀ ਦੀ ਰੋਟੀ।

ਅੱਜ ਜੀਟੀ ਰੋਡ ਦੇ ਢਾਬਿਆਂ ਉੱਪਰ 'ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ' ਦੇ ਵੱਡੇ ਬੋਰਡ ਤੁਹਾਨੂੰ ਦੂਰੋਂ ਹੀ ਵਿਖਾਈ ਦਿੰਦੇ ਹਨ। ਇਹ ਬੋਰਡ ਕੁਝ ਅਜਿਹੇ ਢਾਬਿਆਂ 'ਤੇ ਵੀ ਲੱਗੇ ਹੁੰਦੇ ਹਨ ਜਿਹੜੇ ਫਾਈਵ ਸਟਾਰ ਹੋਟਲਾਂ ਵਾਲੀ ਦਿੱਖ ਰੱਖਦੇ ਹਨ, ਹਾਲਾਂਕਿ ਛਪੇ ਹੋਏ ਮੈਨਿਊ ਉੱਪਰ ਇਸ ਦੇ ਅੱਗੇ ਬਰੈਕਟਾਂ ਵਿੱਚ ਸੀਜ਼ਨਲ ਲਿਖਿਆਂ ਹੁੰਦਾ ਹੈ, ਭਾਵ ਕਿ ਇਹ ਡਿਸ਼ ਸਿਰਫ਼ ਸਰਦੀਆਂ ਵਿੱਚ ਹੀ ਉਪਲੱਬਧ ਹੋਵੇਗੀ। ਵਿਆਹ ਸ਼ਾਦੀਆਂ ਮੌਕੇ ਵੀ ਮੈਰਿਜ ਪੈਲੇਸਾਂ ਵਿੱਚ ਲੱਗੇ ਖਾਣ ਦੇ ਮੇਜ਼ਾਂ ਉੱਪਰ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਦੇ ਸਟਾਲ ਲੱਗੇ ਵੇਖੇ ਜਾਂਦੇ ਹਨ। ਹੋ ਸਕਦਾ ਹੈ ਕਿ ਮੇਰੇ ਵਰਗੇ ਹੋਰ ਵੀ ਕਈ ਹੋਣ ਜਿਹੜੇ ਛੱਤੀ ਪ੍ਰਕਾਰ ਦੇ ਪਕਵਾਨ ਛੱਡ ਕੇ ਸਾਗ ਨਾਲ ਮੱਕੀ ਦੀ ਰੋਟੀ ਖਾ ਕੇ ਮੇਜ਼ਬਾਨਾਂ ਨੂੰ ਫਤਿਹ ਬੁਲਾਉਣ ਤੇ ਰੁਖ਼ਸਤੀ ਲੈਣ ਚਲੇ ਜਾਂਦੇ ਹੋਣਗੇ। ਸ਼ਹਿਰਾਂ ਵਿੱਚ ਕਈ ਫੂਡ ਕਾਰਨਰਾਂ ਉੱਪਰ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਦੇ ਬੋਰਡ ਲੱਗੇ ਮਿਲਦੇ ਹਨ। ਕਈ ਰੇਹੜੀਆਂ ਤੇ ਸੜਕ ਕਿਨਾਰੇ ਦੇ ਬੂਥ ਖ਼ਾਸ ਤੌਰ 'ਤੇ ਇਸ ਡਿਸ਼ ਵਾਸਤੇ ਮਸ਼ਹੂਰ ਹਨ।

ਫਿਰ ਵੀ ਇਸ ਦੀ ਸਾਦਗੀ, ਸਾਧ-ਾਰਨਤਾ ਤੇ ਦੂਜੇ ਸ਼ਬਦਾਂ ਵਿੱਚ ਗ਼ਰੀਬੀ ਦਾਅਵਾ ਵੀ ਕਾਇਮ ਹੈ। ਇੱਕ ਵਾਰ ਕੈਨੇਡਾ ਦੀ ਇੱਕ ਏਅਰਲਾਈਨ ਨੇ ਇਸ਼ਤਿਹਾਰ ਦਿੱਤਾ ਕਿ ਉਨ੍ਹਾਂ ਦੀ ਕੰਪਨੀ ਦੇ ਜਹਾਜ਼ਾਂ ਵਿੱਚ ਉਡਾਣ ਭਰੋ ਤਾਂ ਤੁਹਾਨੂੰ ਉਡਾਣ ਵਿੱਚ ਮੱਕੀ ਦੀ ਰੋਟੀ ਤੇ ਸਾਗ ਵਰਤਾਇਆ ਜਾਵੇਗਾ। ਸੁਣਿਆ ਹੈ ਕਿ ਸਾਡੇ ਕਈ ਪੰਜਾਬੀ ਭੈਣ-ਭਰਾਵਾਂ ਨੇ ਆਪਣੀਆਂ ਟਿਕਟਾਂ ਹੀ ਕੈਂਸਲ ਕਰਵਾ ਲਈਆਂ ਕਿ ਕੀ ਹਵਾਈ ਜਹਾਜ਼ ਵਿੱਚ ਬੈਠ ਕੇ ਵੀ ਸਾਗ ਤੇ ਮੱਕੀ ਦੀ ਰੋਟੀ ਹੀ ਖਾਵਾਂਗੇ। ਇੱਥੇ ਮੇਰੇ ਕੋਲ ਵੀ ਮੇਰੇ ਪਿੰਡਾਂ ਵੱਲ ਤੋਂ ਮੇਰੇ ਭਤੀਜੇ-ਭਤੀਜੀਆਂ ਤੇ ਬੱਚੇ ਆਏ। ਮੈਂ ਉਨ੍ਹਾਂ ਨੂੰ ਬੜੇ ਚਾਅ ਨਾਲ ਸ਼ਹਿਰੋਂ ਬਾਹਰ ਇੱਕ ਢਾਬੇ 'ਤੇ ਲੈ ਗਿਆ ਤੇ ਦੱਸਿਆ ਕਿ ਇਹ ਢਾਬਾ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਵਾਸਤੇ ਮਸ਼ਹੂਰ ਹੈ। ਉਨ੍ਹਾਂ ਵਿੱਚੋਂ ਇੱਕ ਆਵਾਜ਼ ਆਈ ਕਿ ਉਹ ਤਾਂ ਰੋਜ਼ ਦਿਹਾੜੀ ਸਾਗ ਹੀ ਖਾ ਖਾ ਕੇ ਅੱਕੇ ਪਏ ਹਨ, ਇਸ ਵਾਸਤੇ ਜੇ ਸ਼ਹਿਰ ਆਏ ਹਾਂ ਤਾਂ ਕੋਈ ਚੱਜ ਦੀ ਚੀਜ਼ ਖਵਾਈ ਜਾਵੇ। ਉਨ੍ਹਾਂ ਵਾਸਤੇ ਛੋਲੇ ਭਟੂਰੇ ਹੀ ਸ਼ਾਹੀ ਖਾਣਾ ਸੀ। ਹਾਲਾਂਕਿ ਅਜਿਹੇ ਖਾਣੇ ਤਾਂ ਹੁਣ ਪਿੰਡਾਂ ਤੇ ਛੋਟੇ ਕਸਬਿਆਂ ਵਿੱਚ ਵੀ ਬਹੁਤ ਮਿਲਣ ਲੱਗ ਪਏ ਹਨ। ਕਿਸੇ ਦਾ ਲਿਖਿਆ ਅਖ਼ਬਾਰ ਵਿੱਚ ਵੀ ਪੜ੍ਹਿਆ ਸੀ ਕਿ ਹੁਣ ਉਲਟੀ ਗੰਗਾ ਬਹਿਣ ਲੱਗ ਪੈਣੀ ਹੈ, ਪਿੰਡਾਂ ਵਿੱਚ ਤੇ ਬਹਿਕਾਂ ਵਿੱਚ ਵੀ ਪੀਜ਼ਾ ਤੇ ਬਰਗਰ ਪਹੁੰਚ ਰਹੇ ਹਨ ਤੇ ਸ਼ਹਿਰਾਂ ਦਾ ਰੁਝਾਨ ਮੱਕੀ ਦੀ ਰੋਟੀ ਤੇ ਸਾਗ ਵੱਲ ਵੱਧ ਰਿਹਾ ਹੈ। ਅੱਜਕੱਲ੍ਹ ਪਿੰਡਾਂ ਦੀਆਂ ਗਲੀਆਂ ਤੇ ਬਹਿਕਾਂ ਵਿੱਚ ਵੀ ਜ਼ੋਮੈਟੋ ਦੇ ਮੋਟਰਸਾਈਕਲ ਪਹੁੰਚ ਰਹੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਮੂਲ ਰੂਪ ਵਿੱਚ ਪੰਜਾਬੀ ਡਿਸ਼ ਵਜੋਂ ਸਥਾਪਤ ਹੈ, ਪ੍ਰਵਾਨ ਹੈ, ਪਰ ਅਜਿਹੀਆਂ ਲਜ਼ੀਜ਼ ਵਸਤੂਆਂ ਸਿਆਸਤਦਾਨਾਂ ਦੀਆਂ ਬਣਾਈਆਂ ਲਕੀਰਾਂ ਦੇ ਘੇਰੇ ਵਿੱਚ ਹੀ ਸੀਮਤ ਨਹੀਂ ਰਹਿ ਸਕਦੀਆਂ। ਇਹ ਖਾਣਾ ਚੜ੍ਹਦੇ ਤੇ ਲਹਿੰਦੇ ਦੋਹਾਂ ਪੰਜਾਬਾਂ ਦੀ ਸ਼ਾਨ ਹੈ ਤੇ ਇਸ ਤੋਂ ਇਲਾਵਾ ਜਿੱਧਰ ਜਿੱਧਰ ਵੀ ਪੰਜਾਬੀ ਜ਼ੁਬਾਨ ਤੇ ਕਲਚਰ ਹੈ, ਇਹ ਵੀ ਮੌਜੂਦ ਹੈ। ਸਾਡੇ ਵਰਤਮਾਨ ਪੰਜਾਬੀ ਸੂਬੇ ਦੀਆਂ ਸਰਹੱਦਾਂ ਤੋਂ ਬਾਹਰ ਹਰਿਆਣਾ, ਹਿਮਾਚਲ ਤੇ ਜੰਮੂ ਕਸ਼ਮੀਰ ਦੇ ਇਲਾਕਿਆਂ ਵਿੱਚ ਵੀ ਇਸ ਦਾ ਅਹਿਮ ਮੁਕਾਮ ਹੈ। ਜੰਮੂ ਦੇ ਨਜ਼ਦੀਕ ਪਤਨੀ ਟਾਪ 'ਤੇ ਸੈਰ ਸਟਾਪਾ ਸਥਾਨ 'ਤੇ ਜਾਂਦਿਆਂ ਬੱਸ ਵਿੱਚ ਇੱਕ ਡੋਗਰੀ ਗਾਣਾ ਚੱਲਦਾ ਸੀ, "ਜ਼ੋਰਾਂ ਦੀ ਭੁੱਖ ਲੱਗਦੀ, ਰੋਟੀਆਂ ਪਕਾਈਦੇ ਚਾਰ। ਮੱਕੀਏ ਦਾ ਢੋਡਾ ਬਣਦਾ ਤੇ ਸਿਰਿਆਂ ਦਾ ਬਣਦਾ ਏ ਸਾਗ।" ਇਸ ਤੋਂ ਅੱਗੇ ਕਸ਼ਮੀਰ ਵਾਦੀ ਵਿੱਚ ਵੀ ਇੱਕ ਵੱਖਰੀ ਤਰ੍ਹਾਂ ਦਾ ਸਾਗ ਹੈ ਜਿਸ ਨੂੰ ਉਹ ਕਸ਼ਮੀਰੀ ਸਾਗ ਕਹਿੰਦੇ ਹਨ। ਜ਼ਮੀਨ ਦੇ ਹੇਠਾਂ ਸਾਡੀ ਗੰਢ ਗੋਭੀ ਵਰਗਾ ਇੱਕ ਡਲਾ ਹੁੰਦਾ ਹੈ ਤੇ ਉੱਪਰ ਸਰ੍ਹੋਂ ਵਰਗੀਆਂ ਹੀ ਗੰਦਲਾਂ। ਇਹ ਸਾਗ ਮੱਕੀ ਦੀ ਰੋਟੀ ਨਾਲ ਨਹੀਂ ਚੌਲਾਂ ਨਾਲ ਖਾਧਾ ਜਾਂਦਾ ਹੈ। ਇੱਥੇ ਮੱਕੀ ਦੀ ਰੋਟੀ ਵੀ ਬਣਦੀ ਹੈ ਜੋ ਅਕਸਰ ਲੂਣੀ ਚਾਹ ਨਾਲ ਹੀ ਖਾਧੀ ਜਾਂਦੀ ਹੈ। ਬੰਗਾਲ ਵਿੱਚ ਲਾਲ ਚਲਾਈ ਦਾ ਸਾਗ ਚੱਲਦਾ ਹੈ ਜਿਸ ਨੂੰ ਉਹ ਮੱਛੀ ਨਾਲ ਵੀ ਪਕਾਉਂਦੇ ਹਨ।

ਦਰਅਸਲ, ਸਾਰੀ ਦੁਨੀਆ ਵਿੱਚ ਕਿਸੇ ਨਾ ਕਿਸੇ ਨਾਮ ਤੇ ਰੂਪ ਵਿੱਚ ਸਾਗ ਬਣਦਾ ਹੀ ਹੈ। ਸਮੁੰਦਰੀ ਬਨਸਪਤੀ ਵੀ ਇੱਕ ਤਰ੍ਹਾਂ ਦਾ ਸਾਗ ਹੀ ਹੈ, ਪਰ ਪੰਜਾਬ ਦੀ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਦੀ ਆਪਣੀ ਹੀ ਰੰਗਤ ਹੈ ਜੋ ਅੱਜ ਦੇ ਪੰਜਾਬ ਦੀਆਂ ਸਰਕਾਰੀ ਸਰਹੱਦਾਂ ਤੋਂ ਬਾਹਰ ਵੀ ਉਛਲਦੀ ਹੈ।

# ਕੀ ਕੈਨੇਡਾ ਅਮਰੀਕਾ ਵਿਚ ਹੀ ਸਮਾ ਜਾਵੇਗਾ?



ਦਰਬਾਰਾ ਸਿੰਘ ਕਾਹਲੋਂ

ਕੈਨੇਡਾ ਖੇਤਰਫਲ ਪੱਖੋਂ ਵਿਸ਼ਵ ਦਾ ਦੂਸਰਾ ਵੱਡਾ ਦੇਸ਼ ਹੈ। ਨੰਬਰ ਇੱਕ ਰੂਸ ਹੈ। ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਜੋ 20 ਜਨਵਰੀ 2025 ਨੂੰ ਮੁਲਕ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਰਹੇ ਹਨ, ਆਪਣੀਆਂ ਰਾਜਨੀਤਕ, ਡਿਪਲੋਮੈਟਿਕ ਅਤੇ ਹੋਰ ਬੇਤੁਕੀਆਂ ਮਾਰਨ ਲਈ ਮਸ਼ਹੂਰ ਹਨ। ਇਹ ਸੱਚ ਹੈ ਕਿ ਅਮਰੀਕਾ ਆਪਣੇ ਦੋ ਗੁਆਂਢੀ ਮੁਲਕਾਂ- ਉੱਤਰ ਵਿੱਚ ਕੈਨੇਡਾ ਅਤੇ ਦੱਖਣ ਵਿੱਚ ਮੈਕਸਿਕੋ ਦੀਆਂ ਸਰਹੱਦਾਂ ਰਾਹੀਂ 70 ਦੇਸ਼ਾਂ ਦੇ ਹਜ਼ਾਰਾਂ ਗੈਰ-ਕਾਨੂੰਨੀ ਪਰਵਾਸੀ ਘੁਸਣ ਅਤੇ ਮਾਰੂ ਨਸ਼ੀਲੇ ਪਦਾਰਥਾਂ ਦੇ ਪੁੱਜਣ ਤੋਂ ਬੇਜ਼ਾਰ ਹੈ। ਕੈਨੇਡਾ ਤੋਂ ਇਸ ਸਾਲ 19000 ਪਰਵਾਸੀ ਘੁਸੇ।

ਟਰੰਪ ਇਹ ਘੁਸਪੈਠ ਅਤੇ ਸਪਲਾਈ ਬੰਦ ਕਰਨਾ ਚਾਹੁੰਦੇ ਹਨ। ਉਹ ਸਰਹੱਦਾਂ 'ਤੇ ਚੌਕਸੀ ਮਜ਼ਬੂਤ ਕਰਨ ਲਈ ਕਹਿ ਰਹੇ ਹਨ। ਵਿਸ਼ਵੀਕਰਨ, ਕਾਰਪੋਰੇਟ ਸਰਦਾਰੀ ਦੇ ਇਸ ਦੌਰ ਵਿਚ ਜਦੋਂ ਵੱਡੇ ਮਗਰਮੱਛ ਛੋਟੇ ਨੂੰ ਨਿਗਲਣ ਕਾਹਲੇ ਹਨ ਤਾਂ ਟਰੰਪ ਨੇ ਕੈਨੇਡਾ ਅਤੇ ਮੈਕਸਿਕੋ ਨੂੰ ਧਮਕੀ ਦਿੱਤੀ ਹੈ ਕਿ ਜੇ ਇਨ੍ਹਾਂ ਦੋਹਾਂ ਦੇਸ਼ਾਂ ਨੇ ਆਪਣੀਆਂ ਸਰਹੱਦਾਂ ਰਾਹੀਂ ਗੈਰ-ਕਾਨੂੰਨੀ ਪਰਵਾਸੀ ਘੁਸਪੈਠ ਅਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਨਾ ਰੋਕੀ ਤਾਂ ਉਹ ਉਨ੍ਹਾਂ ਦੇਸ਼ਾਂ ਵੱਲੋਂ ਕੀਤੀਆਂ ਜਾਂਦੀਆਂ ਸਭ ਬਰਾਮਦ ਵਸਤਾਂ 'ਤੇ 25 ਪ੍ਰਤੀਸ਼ਤ ਟੈਰਿਫ ਠੋਕ ਦੇਵੇਗਾ; ਭਾਵ, ਉਨ੍ਹਾਂ ਨੂੰ ਆਰਥਿਕ ਤੌਰ 'ਤੇ ਬਰਬਾਦ ਕਰ ਦੇਵੇਗਾ।

ਇੱਥੇ ਹੀ ਬੱਸ ਨਹੀਂ, ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਟਰੰਪ ਦੇ ਧਮਕੀ ਭਰੇ ਵੇਗ ਨੂੰ ਠੰਢਾ ਕਰਨ ਲਈ ਉਸ ਦੀ ਰਿਹਾਇਸ਼ (ਫਲੋਰੀਡਾ) ਪੁੱਜੇ ਤਾਂ ਉਨ੍ਹਾਂ ਨਾਲ ਕੋਝਾ ਵਿਹਾਰ ਕੀਤਾ ਗਿਆ। ਆਪਣੀ ਟਰੁੱਥ ਸੋਸ਼ਲ 'ਤੇ ਉਸ ਨੂੰ ਮਹਾਨ ਕੈਨੇਡਾ ਦਾ ਗਵਰਨਰ ਕਹਿ ਕੇ ਤਨਜ਼ ਕੀਤਾ। ਇਹ ਵੀ ਕਿਹਾ ਕਿ ਉਹ ਬਹੁਤ ਛੇਤੀ ਮੁੜ ਗਵਰਨਰ ਕੈਨੇਡਾ ਨੂੰ ਮਿਲਣ ਦੀ ਤਾਂਘ ਵਿਚ ਹੈ। ਕਿਸੇ ਪ੍ਰਭੂਤਾ ਵਾਲੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਇਸ ਤੋਂ ਵੱਡੀ ਹੋਰ ਕਿਹੜੀ ਬੇਇਜ਼ਤੀ ਹੋ ਸਕਦੀ ਹੈ?

ਦਰਅਸਲ ਕੈਨੇਡਾ 75 ਪ੍ਰਤੀਸ਼ਤ ਬਰਾਮਦ ਅਮਰੀਕਾ ਨੂੰ ਕਰਦਾ ਹੈ। ਕੈਨੇਡਾ ਦੀ ਕੁੱਲ ਸਾਲਾਨਾ ਬਰਾਮਦ ਇੱਕ ਟ੍ਰਿਲੀਅਨ ਡਾਲਰ ਦੀ ਹੁੰਦੀ ਹੈ। ਕੈਨੇਡਾ ਦਾ ਵੱਡੇ ਪੱਧਰ 'ਤੇ ਵਪਾਰ, ਕਾਰੋਬਾਰ, ਰੁਜ਼ਗਾਰ ਅਤੇ ਆਰਥਿਕਤਾ ਦਾ ਸੋਮਾ ਇਸ ਵੇਲੇ ਅਮਰੀਕਾ ਹੈ। ਦੋਹਾਂ ਦੇਸ਼ਾਂ ਦੇ ਲੋਕ ਵਿਆਹ ਸ਼ਾਦੀਆਂ ਅਤੇ ਕਾਰੋਬਾਰ ਕਰ ਕੇ ਇੱਕ ਦੂਸਰੇ 'ਤੇ ਨਿਰਭਰ ਕਰਦੇ ਹਨ। ਫਲੋਰੀਡਾ ਵਿਚ ਟਰੰਪ ਦੇ ਘਰ ਖਾਣੇ ਦੇ ਮੇਜ਼ 'ਤੇ ਜਦੋਂ ਜਸਟਿਨ ਟਰੂਡੋ ਨੇ ਕਿਹਾ ਕਿ ਜੇ ਤੁਸੀਂ ਸਾਡੇ ਬਰਾਮਦ 'ਤੇ 25 ਪ੍ਰਤੀਸ਼ਤ ਟੈਰਿਫ ਲਗਾ ਦੇਵੋਗੇ ਤਾਂ ਇਸ ਨਾਲ ਕੈਨੇਡੀਅਨ ਆਰਥਿਕਤਾ ਬਰਬਾਦ ਹੋ ਜਾਵੇਗੀ ਤਾਂ ਟਰੰਪ ਨੇ ਜਵਾਬ ਵਿਚ ਸੁਝਾਅ ਦਿੱਤਾ ਕਿ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣ ਜਾਣਾ ਚਾਹੀਦਾ ਹੈ। ਟਰੰਪ ਚੁਟਕੀ ਲੈਣੋਂ ਇੱਥੇ ਹੀ ਬੰਦ ਨਹੀਂ ਹੋਇਆ, ਉਸ ਨੇ ਟਰੂਡੋ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਚੰਗਾ ਰੁਤਬਾ ਹੈ, ਫਿਰ ਵੀ ਉਹ 51ਵੇਂ ਸੂਬੇ ਦਾ ਗਵਰਨਰ ਬਣ ਸਕਦਾ ਹੈ। ਟਰੰਪ ਨੇ ਇਹੀ ਗੱਲ ਕੁਝ ਦਿਨ ਬਾਅਦ ਦੁਹਰਾਈ ਵੀ।

ਅਮਰੀਕਾ ਦੀ ਕੈਨੇਡਾ ਨੂੰ ਹਥਿਆਉਣ ਦੀ ਲਲਕ ਪੁਰਾਣੀ ਹੈ। ਜਦੋਂ ਅਮਰੀਕਾ ਨੇ ਬ੍ਰਿਟਿਸ਼ ਸਾਮਰਾਜ ਤੋਂ 4 ਜੁਲਾਈ 1776 ਨੂੰ ਆਜ਼ਾਦੀ ਦਾ ਐਲਾਨ ਕੀਤਾ ਤਾਂ ਅਮਰੀਕੀ ਕਾਂਟੀਨੈਂਟਲ ਕਾਂਗਰਸ ਨੇ ਕੈਨੇਡਾ ਨੂੰ ਅਮਰੀਕਾ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ। 1812 ਵਿਚ ਅਮਰੀਕਾ ਨੇ ਬ੍ਰਿਟਿਸ਼ ਸਾਮਰਾਜ ਵਿਰੁੱਧ ਜੰਗ ਦਾ ਐਲਾਨ ਕਰ ਦਿਤਾ। ਸਭ ਤੋਂ ਪਹਿਲਾਂ ਉਸ ਨੇ ਉਸ ਦੀ ਕੈਨੇਡੀਅਨ ਬਸਤੀ 'ਤੇ ਹਮਲਾ ਕੀਤਾ ਲੇਕਿਨ ਮੂੰਹ ਦੀ ਖਾਧੀ ਅਤੇ ਸਮਝੌਤਾ ਕਰ ਲਿਆ। ਵੈਸੇ ਜਿਵੇਂ ਪਾਕਿਸਤਾਨੀ ਸ਼ਾਸਕ ਜਨਰਲ ਅਯੂਬ ਨੂੰ ਭਾਰਤ 'ਤੇ 1965 ਦੇ ਹਮਲੇ ਵੇਲੇ ਭਰਮ ਸੀ ਕਿ ਉਹ ਟਹਿਲਦੇ-ਟਹਿਲਦੇ ਦਿੱਲੀ ਪੁੱਜ ਜਾਣਗੇ, ਵਾਂਗ ਅਮਰੀਕੀ ਰਾਸ਼ਟਰਪਤੀ ਮੈਡੀਸਨ ਨੂੰ ਵੀ ਭਰਮ ਸੀ ਕਿ ਉਹ ਕੁਝ ਦਿਨਾਂ ਵਿਚ ਕੈਨੇਡਾ 'ਤੇ ਕਬਜ਼ਾ ਕਰ ਲਵੇਗਾ।



ਕੈਨੇਡੀਅਨ ਇਤਿਹਾਸ ਵਿਚ 1988 ਦੀਆਂ ਫੈਡਰਲ ਚੋਣਾਂ ਦਾ ਦਿਲਚਸਪ ਕਿੱਸਾ ਸਾਹਮਣੇ ਆਉਂਦਾ ਹੈ ਜਦੋਂ ਤਤਕਾਲੀ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਬ੍ਰਾਈਨ ਮੁਲਰੋਨੀ ਵੱਲੋਂ ਅਮਰੀਕਾ ਨਾਲ ਖੁੱਲ੍ਹਾ ਵਪਾਰ ਸੰਧੀ ਦੇ ਮੁੱਦੇ 'ਤੇ ਚੋਣਾਂ ਲੜਨ ਸਮੇਂ ਲਿਬਰਲ ਪਾਰਟੀ ਆਗੂ ਜੌਹਨ ਟਰਨਰ ਵੱਲੋਂ ਕੈਨੇਡਾ ਨੂੰ ਅਮਰੀਕਾ ਕੋਲ ਵੇਚੇ ਜਾਣ ਦਾ ਦੋਸ਼ ਲਗਾਇਆ ਸੀ। ਇਹ ਦੋਸ਼ ਇੰਨਾ ਸੰਜੀਦਾ ਸੀ ਕਿ 25 ਅਕਤੂਬਰ 1988 ਨੂੰ ਦੋਹਾਂ ਦਰਮਿਆਨ ਕੌਮੀ ਬਹਿਸ ਬਾਅਦ ਜੋ ਲਿਬਰਲ ਤੀਸਰੇ ਨੰਬਰ 'ਤੇ ਸਨ, ਨੂੰ 48 ਘੰਟੇ ਵਿਚ 75 ਪ੍ਰਤੀਸ਼ਤ ਕੈਨੇਡੀਅਨ ਵੋਟਰਾਂ ਦੀ ਹਮਾਇਤ ਹਾਸਿਲ ਹੋ ਗਈ ਸੀ।

ਜੌਹਨ ਟਰਨਰ ਨੇ ਬਹਿਸ ਦੌਰਾਨ ਪ੍ਰਧਾਨ ਮੰਤਰੀ ਵੱਲ ਉਂਗਲ ਕਰਦੇ ਹੋਏ ਦੋਸ਼ ਲਗਾਏ ਕਿ ਤੁਸਾਂ ਸਾਡੀ ਐਨਰਜੀ ਵੇਚ ਦਿੱਤੀ, ਤੁਸਾਂ ਸਾਡਾ ਨਿਵੇਸ਼ ਵੇਚ ਦਿਤਾ ਹੈ, ਤੁਸੀਂ ਸਾਡਾ ਸਮਾਜੀ ਪ੍ਰਬੰਧ ਅਤੇ ਖੇਤੀ ਵੇਚ ਦਿਤੀ ਹੈ; ਹਜ਼ਾਰਾਂ ਕਾਮੇ ਵਿਹਲੇ ਕਰ ਕੇ ਰੱਖ ਦਿਤੇ ਹਨ। ਤੁਸਾਂ ਸਾਨੂੰ (ਕੈਨੇਡੀਅਨਾਂ ਨੂੰ) ਵੇਚ ਦਿਤਾ ਹੈ। ਇਸ ਦੇਸ਼ ਦੀ ਆਜ਼ਾਦ ਹੋਂਦ ਗੁਆ ਦਿੱਤੀ ਹੈ ਤੇ ਚੋਣਾਂ ਦਾ ਮੁੱਖ ਮੁੱਦਾ ਇਹੀ ਹੈ। ਅਸਾਂ ਦੇਸ਼ ਦਾ ਪੂਰਬ, ਪੱਛਮ, ਉੱਤਰ ਵਿਚ ਨਿਰਮਾਣ ਕੀਤਾ। ਇਸ ਦਾ ਮੂਲ ਢਾਂਚਾ ਖੜ੍ਹਾ ਕੀਤਾ। ਅਮਰੀਕੀ ਦਬਾਅ ਝੱਲਿਆ। ਅਸੀਂ ਇਹ ਦਬਾਅ 120 ਸਾਲਾਂ ਤੋਂ ਝੱਲ ਰਹੇ ਹਾਂ। ਤੁਸਾਂ ਇੱਕ ਦਸਤਖ਼ਤ ਰਾਹੀਂ ਸਭ ਕੁਝ ਖ਼ਤਮ ਕਰ ਕੇ ਕੈਨੇਡਾ ਨੂੰ ਅਮਰੀਕਾ ਦੀ ਬਸਤੀ ਬਣਾਉਣਾ ਚਾਹੁੰਦੇ ਹੋ।

ਪ੍ਰਧਾਨ ਮੰਤਰੀ ਮੁਲਰੋਨੀ ਦੇ ਸਲਾਹਕਾਰਾਂ, ਅਮਰੀਕੀ ਪ੍ਰਸ਼ਾਸਨ, ਕਾਰਪੋਰੇਟਰਾਂ ਅਤੇ ਵਪਾਰੀਆਂ ਨੇ ਮੀਂਹ ਵਾਂਗ ਧਨ ਵਰਸਾਇਆ। ਉਸ ਸਮੇਂ ਚੋਣ ਮੁਹਿੰਮ 'ਤੇ ਇੱਕ ਮਿਲੀਅਨ ਡਾਲਰ ਖ਼ਰਚੇ। ਟਰਨਰ ਦੀ ਸਚਾਈ ਨੂੰ ਗੁਮਰਾਹਕੁਨ ਪ੍ਰਚਾਰ ਕਰਾਰ ਦਿਤਾ। 21 ਨਵੰਬਰ 1988 ਨੂੰ ਹੈਰਾਨਕੁਨ ਨਤੀਜੇ ਸਾਹਮਣੇ ਆਏ। ਪ੍ਰਧਾਨ ਮੰਤਰੀ ਮੁਲਰੋਨੀ ਦੀ ਕੰਜ਼ਰਵੇਟਿਵ ਪਾਰਟੀ ਨੂੰ 169, ਟਰਨਰ ਦੀ ਲਿਬਰਲ ਪਾਰਟੀ ਨੂੰ 83, ਨਿਊ ਡੈਮੋਕ੍ਰੈਟਿਕ ਪਾਰਟੀ ਨੂੰ 43 ਸੀਟਾਂ ਹਾਸਿਲ ਹੋਈਆਂ। 1989 ਦੇ ਪਹਿਲੇ ਦਿਨ ਅਮਰੀਕਾ ਨਾਲ ਖੁੱਲ੍ਹਾ ਵਪਾਰ ਸਮਝੌਤਾ ਕੀਤਾ ਗਿਆ। ਇਉਂ ਅਮਰੀਕਾ ਦੀ ਵਪਾਰਕ, ਕਾਰੋਬਾਰੀ ਅਤੇ ਆਰਥਿਕ ਸਰਦਾਰੀ ਹੋ ਗਈ। ਕੈਨੇਡਾ ਉਸ ਦੀ ਆਰਥਿਕ ਬਸਤੀ ਕਰ ਕੇ ਰਹਿ ਗਿਆ। ਸਚਾਈ ਇਹੀ ਹੈ। ਇਸੇ ਕਰ ਕੇ ਡੋਨਲਡ ਟਰੰਪ ਨੇ ਇਸ ਨੂੰ 51ਵਾਂ ਸੂਬਾ ਕਹਿਣ ਦੀ ਹਮਾਕਤ ਕੀਤੀ ਹੈ।

ਸਾਮਰਾਜਵਾਦੀਆਂ ਅਤੇ ਅਜੋਕੇ ਕਾਰਪੋਰੇਟਵਾਦੀਆਂ ਦੀ ਮੂਲ ਨੀਤੀ ਪ੍ਰਸਾਰਵਾਦ ਦੀ ਹੈ। ਅਮਰੀਕਾ ਨੇ ਵੀ ਉਹੀ ਬ੍ਰਿਟਿਸ਼ ਸਾਮਰਾਜਵਾਦੀ ਪ੍ਰਸਾਰਵਾਦੀ ਨੀਤੀ ਅਪਣਾਈ ਹੈ। ਇਹ ਅੱਜ ਵੀ ਵਿਸ਼ਵ ਥਾਣੇਦਾਰੀ ਕਰਨੋਂ ਨਹੀਂ ਟਲਦਾ। 30 ਮਾਰਚ 1867 ਵਿਚ ਇਸ ਨੇ ਅਲਾਸਕਾ ਖੇਤਰ ਰੂਸ ਤੋਂ ਖ਼ਰੀਦ ਲਿਆ। 1845 ਵਿਚ ਟੈਕਸਸ ਹਥਿਆ ਲਿਆ। ਇਸੇ ਪ੍ਰਸਾਰਵਾਦੀ ਨੀਤੀ ਕਰ ਕੇ ਇਸ ਦੀ ਅੱਖ ਕੈਨੇਡਾ 'ਤੇ ਰਹਿੰਦੀ ਹੈ।

ਕੈਨੇਡਾ ਦੀ ਫੈਡਰਲ ਸਰਕਾਰ ਨੇ ਅਮਰੀਕਾ ਨਾਲ ਆਪਣੀਆਂ ਸਰਹੱਦਾਂ ਮਜ਼ਬੂਤ ਕਰਨ ਲਈ 13 ਬਿਲੀਅਨ ਡਾਲਰ ਦਾ ਸੁਰੱਖਿਆ ਪੈਕੇਜ ਤਿਆਰ ਕੀਤਾ ਹੈ। ਗੈਰ-ਕਾਨੂੰਨੀ ਪਰਵਾਸ ਅਤੇ ਨਸ਼ੀਲੇ ਪਦਾਰਥ ਰੋਕਣ ਲਈ ਚਾਲੂ ਮਾਲੀ ਸਾਲ ਵਿਚ 81 ਬਿਲੀਅਨ ਡਾਲਰ , 2025-26 ਵਿਚ 144, 2026-27 ਵਿਚ 278, 2027-28 ਵਿਚ 275, 2028-29 ਵਿਚ 282 ਅਤੇ 2029-30 ਵਿਚ 241 ਬਿਲੀਅਨ ਡਾਲਰ ਖ਼ਰਚੇ ਜਾਣਗੇ। ਸਰਹੱਦ 'ਤੇ ਪੁਲੀਸ ਅਤੇ ਫੌਜੀ ਨਫਰੀ ਵਧਾਈ ਜਾਵੇਗੀ। 16 ਦਸੰਬਰ ਨੂੰ ਹਾਊਸਿੰਗ ਮੰਤਰੀ ਸੀਨ ਫਰੇਜ਼ਰ ਦੇ ਅਸਤੀਫੇ ਦੇ ਕੁਝ ਘੰਟੇ ਬਾਅਦ ਵਿੱਤ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਅਸਤੀਫੇ ਬਾਅਦ ਪ੍ਰਧਾਨ ਮੰਤਰੀ ਟਰੂਡੋ ਦੀ ਹਾਲਤ ਹੋਰ ਖ਼ਰਾਬ ਹੋ ਗਈ ਹੈ, ਭਾਵੇਂ ਕ੍ਰਿਸਟੀਆ ਦਾ ਆਪਣਾ ਰਿਕਾਰਡ ਚੰਗਾ ਨਹੀਂ ਰਿਹਾ ਪਰ ਪ੍ਰਧਾਨ ਮੰਤਰੀ 'ਤੇ ਅਸਤੀਫਾ ਦੇਣ ਲਈ ਪਾਰਟੀ ਅੰਦਰੋਂ ਦਬਾਅ ਵਧ ਰਿਹਾ ਹੈ। ਅਜਿਹੀ ਮੰਗ ਕਰਨ ਵਾਲੇ ਸੰਸਦ ਮੈਂਬਰਾਂ ਦੀ ਗਿਣਤੀ 25 ਤੋਂ ਵੱਧ ਕੇ 45 ਹੋਣ ਦੀ ਚਰਚਾ ਹੈ।

ਅਜਿਹੇ ਹਾਲਾਤ ਦੌਰਾਨ ਸੂਬਾਈ ਲੀਡਰਸ਼ਿਪ ਨੇ ਉਂਟਾਰੀਓ ਸੂਬੇ ਦੇ ਪ੍ਰੀਮੀਅਰ ਡਗਫੋਰਡ ਦੀ ਅਗਵਾਈ ਵਿਚ ਕਮਾਨ ਸੰਭਾਲੀ ਹੈ। ਪ੍ਰਧਾਨ ਮੰਤਰੀ ਨਾਲ ਮੀਟਿੰਗ ਬਾਅਦ 16 ਦਸੰਬਰ ਨੂੰ ਉਨ੍ਹਾਂ ਟੋਰਾਂਟੋ ਦੇ ਹਿਲਟਨ ਹੋਟਲ ਵਿਚ ਕੌਂਸਲ ਆਫ ਫੈਡਰੇਸ਼ਨ ਨੇ ਮੀਟਿੰਗ ਕੀਤੀ। ਟਰੰਪ ਨੂੰ ਕਰਾਰਾ ਜਵਾਬ ਦਿੰਦਿਆਂ ਉਂਟਾਰੀਓ ਦੇ ਪ੍ਰੀਮੀਅਰ ਡਗਫੋਰਡ ਨੇ ਆਪਣੇ ਰਾਜ ਵੱਲੋਂ 5 ਅਮਰੀਕੀ ਰਾਜਾਂ ਨੂੰ ਦਿਤੀ ਜਾਣ ਵਾਲੀ ਬਿਜਲੀ ਬੰਦ ਕਰਨ ਦੀ ਧਮਕੀ ਦਿੱਤੀ ਹੈ। ਅਮਰੀਕਾ ਨੂੰ 60 ਪ੍ਰਤੀਸ਼ਤ ਤੇਲ ਦੇਣ ਵਾਲੇ ਅਲਬਰਟਾ, ਬਿਜਲੀ ਦੇਣ ਵਾਲੇ ਕਿਊਬੈਕ ਤੇ ਕੁਝ ਹੋਰ ਸੂਬਿਆਂ ਦੇ ਪ੍ਰੀਮੀਅਰ, ਡਗਫੋਰਡ ਦੀ ਜਵਾਬੀ ਕਾਰਵਾਈ ਨਾਲ ਸਹਿਮਤ ਨਾ ਹੋਏ ਪਰ ਕੈਨੇਡਾ ਦੀ ਆਜ਼ਾਦੀ, ਸੁਰੱਖਿਆ ਅਤੇ ਇੱਕਜੁਟਤਾ ਦਾ ਅਹਿਦ ਕੀਤਾ। ਉਨ੍ਹਾਂ ਦੀ ਕੈਨੇਡਾ ਟੀਮ ਮਿਸ਼ਨ ਅਮਰੀਕੀ ਰਾਜਧਾਨੀ ਵਾਸ਼ਿੰਗਟਨ ਜਾਵੇਗੀ। ਸੈਨੇਟਰਾਂ, ਕਾਂਗਰਸ ਮੈਂਬਰਾਂ, ਗਵਰਨਰਾਂ ਅਤੇ ਉੱਚ ਅਧਿਕਾਰੀਆਂ ਨਾਲ ਵਪਾਰ ਅਤੇ ਆਪਸੀ ਸਬੰਧਾਂ ਬਾਰੇ ਗੱਲਬਾਤ ਕਰੇਗੀ। ਕੈਨੇਡਾ ਦੀ ਫੌਜ ਨੂੰ ਮਜ਼ਬੂਤ ਕਰਨ ਦਾ ਫੈਸਲਾ ਵੀ ਕੀਤਾ ਗਿਆ ਹੈ ਤਾਂ ਕਿ ਫੈਡਰਲ ਸਰਕਾਰ ਨਾਲ ਮਿਲ ਕੇ ਸਰਹੱਦਾਂ ਦੀ ਰਾਖੀ ਕੀਤੀ ਜਾ ਸਕੇ।

ਅੱਜ ਲੋੜ ਸਮੂਹ ਕੈਨੇਡੀਅਨਾਂ ਦੀ ਏਕਤਾ ਦੀ ਹੈ। ਐਂਗਸ ਰੀਡ ਪੋਲ ਅਨੁਸਾਰ, 94 ਪ੍ਰਤੀਸ਼ਤ ਕੈਨੇਡੀਅਨ ਅਮਰੀਕਾ ਵਿਚ ਸ਼ਾਮਿਲ ਹੋਣ ਦੇ ਖ਼ਿਲਾਫ਼ ਹਨ। ਕੈਨੇਡਾ ਨੂੰ ਅਮਰੀਕਾ, ਰੂਸ, ਚੀਨ, ਭਾਰਤ ਆਦਿ ਦੇਸ਼ਾਂ ਵਾਂਗ ਆਪਣੇ ਕੁਦਰਤੀ ਸਾਧਨਾਂ, ਤਕਨੀਕ, ਹੁਨਰ ਦੇ ਬਲਬੂਤੇ ਤਾਕਤਵਰ ਮੁਲਕ ਬਣਨਾ ਚਾਹੀਦਾ ਹੈ। ਇਜ਼ਰਾਈਲ ਵਾਂਗ ਫੌਜੀ ਸ਼ਕਤੀ ਮਜ਼ਬੂਤ ਕਰਨੀ ਚਾਹੀਦੀ ਹੈ। ਮਜ਼ਬੂਤ ਰਾਜਨੀਤਕ ਲੀਡਰਸ਼ਿਪ ਪੈਦਾ ਕਰਨੀ ਚਾਹੀਦੀ ਹੈ ਤਾਂ ਕਿ ਭਵਿੱਖ ਵਿਚ ਕੋਈ ਟਰੰਪ ਜਾਂ ਅਮਰੀਕੀ ਰਾਸ਼ਟਰਪਤੀ ਕੈਨੇਡਾ ਨੂੰ 51ਵਾਂ ਸੂਬਾ ਬਣਾਉਣ ਬਾਰੇ ਨਾ ਸੋਚ ਸਕੇ।

# ਮਨਮੋਹਨ ਸਿੰਘ ਆਸਾਨੀ ਨਾਲ ਆਪਣੀ ਆਲੋਚਨਾ ਝੱਲ ਲਿਆ ਕਰਦੇ ਸਨ



ਟੀਐੱਨ ਨੈਨਾਨ

ਮੈਂ 1981 ਵਿੱਚ ਪਹਿਲੀ ਵਾਰ ਮਨਮੋਹਨ ਸਿੰਘ ਨੂੰ ਮਿਲਿਆ ਸਾਂ। ਉਦੋਂ ਮੈਂ ਦਿੱਲੀ ਵਿੱਚ 'ਬਿਜ਼ਨਸ ਸਟੈਂਡਰਡ' ਅਖ਼ਬਾਰ ਦਾ ਰਿਪੋਰਟਰ ਸੀ ਅਤੇ ਆਪਣੇ ਬਿਊਰੋ ਚੀਫ ਨਾਲ ਯੋਜਨਾ ਕਮਿਸ਼ਨ ਦੇ ਮੈਂਬਰ ਸਕੱਤਰ ਡਾ. ਮਨਮੋਹਨ ਸਿੰਘ ਨੂੰ ਮਿਲਣ ਗਿਆ ਸੀ। ਉਹ ਦੋਵੇਂ ਪੁਰਾਣੇ ਮਿੱਤਰ ਸਨ ਤੇ ਜਦੋਂ ਅਸੀਂ ਵੱਡੇ ਸਾਰੇ ਦਫ਼ਤਰ ਵਿੱਚ ਸੋਫੇ 'ਤੇ ਜਾ ਬੈਠੇ, ਡਾ. ਮਨਮੋਹਨ ਸਿੰਘ ਨੇ ਚੰਗੀ ਤਰ੍ਹਾਂ ਪਾਲਿਸ਼ ਕੀਤੇ ਜੁੱਤੇ ਪਾਏ ਹੋਏ ਸਨ। ਮੇਰੇ ਬੌਸ ਨੇ ਦੇਖਿਆ ਕਿ ਉਨ੍ਹਾਂ ਦੀ ਜੁੱਤੀ ਦੇ ਉਤਲੇ ਚਮੜੇ 'ਤੇ ਇੱਕ ਥਾਂ ਤੋਂ ਕ੍ਰੀਜ਼ ਫਟ ਰਹੀ ਸੀ। ਉਨ੍ਹਾਂ ਹਲਕੇ-ਫੁਲਕੇ ਲਹਿਜੇ ਵਿੱਚ ਨਵੀਂ ਜੁੱਤੀ ਖਰੀਦਣ ਦੀ ਟਾਂਚ ਮਾਰੀ ਤਾਂ ਡਾ। ਸਾਹਿਬ ਦਾ ਜਵਾਬ ਸੀ ਕਿ ਯੂਐੱਨਓ ਵਿੱਚ ਉਨ੍ਹਾਂ ਦੀ ਪਿਛਲੀ ਨੌਕਰੀ ਦੀਆਂ ਬੱਚਤਾਂ ਨਾਲ ਆਪਣਾ ਘਰ ਪਾ ਲਿਆ, ਹੁਣ ਉਹ ਆਪਣੀਆਂ ਧੀਆਂ ਦੇ ਹੱਥ ਪੀਲੇ ਕਰਨ ਲਈ ਬੱਚਤ ਕਰ ਰਹੇ ਹਨ।

ਕੁਝ ਸਮੇਂ ਬਾਅਦ ਮੈਨੂੰ ਕਮਿਸ਼ਨ ਦੇ ਇੱਕ ਹੋਰ ਮੈਂਬਰ ਦੇ ਘਰ ਜਾਣਾ ਪਿਆ ਜੋ ਉੱਘੇ ਵਿਗਿਆਨੀ ਸਨ। ਉਨ੍ਹਾਂ ਮੈਨੂੰ ਚਾਹ ਨਾ ਪਿਲਾ ਸਕਣ ਦੀ ਖਿਮਾ ਮੰਗੀ ਤੇ ਖੋਲ੍ਹ ਕੇ ਦੱਸਿਆ ਕਿ ਚੀਨੀ ਦੀਆਂ ਕੀਮਤਾਂ ਇੰਨੀਆਂ ਚੜ੍ਹ ਗਈਆਂ ਹਨ ਕਿ ਖਰੀਦਣ 'ਚ ਮੁਸ਼ਕਿਲ ਆ ਰਹੀ ਹੈ।

ਉਹ ਵੀ ਕਿਹੋ ਜਿਹੇ ਦਿਨ ਸਨ। ਸਰਕਾਰ ਦੇ ਉੱਚ ਅਹੁਦਿਆਂ 'ਤੇ ਬਿਰਾਜਮਾਨ ਲੋਕ ਵੀ ਸਾਦਗੀ ਭਰੀ ਜ਼ਿੰਦਗੀ ਜਿਊਂਦੇ ਹੁੰਦੇ ਸਨ। ਆਮ ਤੌਰ 'ਤੇ ਦੇਸ਼ ਦੇ ਅਰਥਚਾਰੇ ਦੀ ਦੁਨੀਆ ਵਿੱਚ ਗ਼ਰੀਬੀ ਕਰ ਕੇ ਜਾਂ ਘਰੋਗੀ ਤੌਰ 'ਤੇ ਚੀਜ਼ਾਂ ਦੀ ਕਿੱਲਤ ਅਤੇ ਬੰਦਿਸ਼ਾਂ ਬਾਰੇ ਚਰਚਾ ਹੁੰਦੀ ਸੀ। ਕੁਝ ਇਸੇ ਕਿਸਮ ਦਾ ਹੀ ਅਰਥਚਾਰਾ ਸੀ ਜਿਸ ਨੂੰ ਡਾ. ਮਨਮੋਹਨ ਸਿੰਘ ਨੇ 1991 ਵਿੱਚ ਬੰਦਿਸ਼ਾਂ ਤੋਂ ਮੁਕਤੀ ਦਿਵਾਈ ਸੀ। ਤਦ ਕਿਤੇ ਉਤਪਾਦਕ ਖ਼ਪਤਕਾਰਾਂ ਦੀ ਤਲਾਸ਼ ਕਰਨ ਲੱਗੇ ਸਨ।

ਇਹ ਹਕੀਕਤ ਹੈ ਕਿ ਡਾ. ਮਨਮੋਹਨ ਸਿੰਘ ਨੇ 1991 ਵਿੱਚ ਜਿੰਨਾ ਕੰਮ ਕੀਤਾ ਸੀ, ਉਸ ਦਾ ਕਾਫ਼ੀ ਹੱਦ ਤੱਕ ਸਿਹਰਾ ਵੀ ਉਨ੍ਹਾਂ ਨੂੰ ਦਿੱਤਾ ਗਿਆ ਸੀ। ਇੱਕ ਵਾਰ ਇੰਟਰਵਿਊ ਵਿੱਚ ਉਨ੍ਹਾਂ ਖ਼ੁਦ ਆਖਿਆ ਸੀ ਕਿ ਇਹ ਟੀਮ ਦਾ ਉੱਦਮ ਸੀ ਜਿਸ ਵਿੱਚ ਗੈਰ-ਚਰਚਿਤ ਪੀਵੀ ਨਰਸਿਮ੍ਹਾ ਰਾਓ ਤੋਂ ਲੈ ਕੇ ਉਨ੍ਹਾਂ ਦੇ ਪ੍ਰਮੁੱਖ ਸਕੱਤਰ ਏਐੱਨ ਵਰਮਾ



ਅਤੇ ਸਨਅਤ ਤੇ ਕਾਮਰਸ ਮੰਤਰਾਲਿਆਂ ਵਿੱਚ ਤਾਇਨਾਤ ਅਧਿਕਾਰੀਆਂ ਨੇ ਆਪੋ-ਆਪਣੀ ਭੂਮਿਕਾ ਨਿਭਾਈ ਸੀ। ਯਸ਼ਵੰਤ ਸਿਨਹਾ ਨੇ ਚੰਦਰ ਸ਼ੇਖਰ ਸਰਕਾਰ ਵੇਲੇ ਵਿੱਤ ਮੰਤਰੀ ਹੁੰਦਿਆਂ ਦੀਵਾਲੀਆਪਣ ਦੀ ਸਥਿਤੀ ਨੂੰ ਉਦੋਂ ਤੱਕ ਸੰਭਾਲੀ ਰੱਖਿਆ ਜਦੋਂ ਤੱਕ ਰਾਓ ਸਰਕਾਰ ਨੇ ਹਲਫ਼ ਨਹੀਂ ਲੈ ਲਿਆ ਸੀ। ਉਂਝ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਨਵੇਂ ਦੌਰ ਦਾ ਆਗਾਜ਼ ਕਰਨ ਵਾਲਾ ਨਾਜ਼ੁਕ ਪੜਾਅ ਉਦੋਂ ਆਇਆ ਜਦੋਂ ਡਾ। ਮਨਮੋਹਨ ਸਿੰਘ ਨੇ ਬਤੌਰ ਵਿੱਤ ਮੰਤਰੀ ਆਪਣਾ ਪਲੇਠਾ ਬਜਟ ਪੇਸ਼ ਕੀਤਾ। ਇਸ ਵਿੱਚ ਉਨ੍ਹਾਂ ਵਿਕਟਰ ਹਿਊਗੋ ਦਾ ਕਥਨ ਵਰਤਿਆ ਸੀ ਕਿ 'ਦੁਨੀਆ ਦੀ ਕੋਈ ਵੀ ਤਾਕਤ ਉਸ ਵਿਚਾਰ ਨੂੰ ਰੋਕ ਨਹੀਂ ਸਕਦੀ ਜਿਸ ਦਾ ਸਮਾਂ ਆ ਗਿਆ ਹੋਵੇ' ਅਤੇ ਆਪਣੇ ਭਾਸ਼ਣ ਦੀ ਸਮਾਪਤੀ ਇਨ੍ਹਾਂ ਦਮਦਾਰ ਲਫ਼ਜ਼ਾਂ ਨਾਲ ਕੀਤੀ ਕਿ "ਪੂਰੀ ਦੁਨੀਆ ਇਹ ਕੰਨ ਖੋਲ੍ਹ ਕੇ ਸਾਫ਼-ਸਾਫ਼ ਸੁਣ ਲਵੇ ਕਿ ਭਾਰਤ ਦੀ ਜਾਗ ਖੁੱਲ੍ਹ ਚੁੱਕੀ ਹੈ। ਅਸੀਂ ਕਾਮਯਾਬ ਹੋਵਾਂਗੇ ਅਤੇ ਅਸੀਂ ਹਰ ਮੁਸ਼ਕਿਲ 'ਤੇ ਕਾਬੂ ਪਾਵਾਂਗੇ।"

ਉਂਝ, ਜੇ ਤਵਾਜ਼ਨ ਕਾਇਮ ਕਰਨ ਲਈ ਕਹਿਣਾ ਹੋਵੇ ਤਾਂ ਡਾ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਕਾਲ ਦੌਰਾਨ ਜੋ ਕੁਝ ਚੀਜ਼ਾਂ ਵਾਪਰੀਆਂ ਸਨ, ਉਨ੍ਹਾਂ ਬਦਲੇ ਜਿੰਨੀ ਉਨ੍ਹਾਂ ਦੀ ਆਲੋਚਨਾ ਹੋਈ ਸੀ, ਸ਼ਾਇਦ ਉਹ ਉਸ ਦੇ ਓਨੇ ਹੱਕਦਾਰ ਨਹੀਂ ਸਨ। ਉਨ੍ਹਾਂ ਸਾਹਮਣੇ ਹਾਲਾਤ ਬਹੁਤ ਔਖੇ ਸਨ: ਢਿੱਲੀ ਜਿਹੀ ਕੁਲੀਸ਼ਨ ਸਰਕਾਰ ਜਿਸ ਦਾ ਹਰੇਕ ਭਿਆਲ ਜੋ ਵੀ ਚਾਹੁੰਦਾ ਸੀ, ਲੈ ਲੈਂਦਾ ਸੀ; ਪ੍ਰੇਸ਼ਾਨਕੁਨ ਸਰਕਾਰ ਜਿਸ ਨੂੰ ਅੜਿੱਕੇ ਡਾਹੁਣ ਲਈ ਜਾਣੇ ਜਾਂਦੇ ਕਮਿਊਨਿਸਟਾਂ ਦੀ ਹਮਾਇਤ ਦਰਕਾਰ ਸੀ; ਅਜਿਹੀ ਕੈਬਨਿਟ ਜਿਸ ਦੇ ਬਹੁਗਿਣਤੀ ਮੰਤਰੀਆਂ ਦੀ ਵਫ਼ਾਦਾਰੀ ਪ੍ਰਧਾਨ ਮੰਤਰੀ ਦੀ ਬਜਾਇ ਸੋਨੀਆ ਗਾਂਧੀ ਨਾਲ ਸੀ ਅਤੇ ਖ਼ੁਦ ਸ੍ਰੀਮਤੀ ਗਾਂਧੀ ਜਿਨ੍ਹਾਂ ਇੱਕ ਹੱਦ ਤੱਕ ਸੱਤਾ ਦੀ ਵਾਗਡੋਰ ਆਪਣੇ ਹੱਥ ਵਿੱਚ ਰੱਖੀ ਹੋਈ ਸੀ ਅਤੇ ਇੱਕ ਤਰ੍ਹਾਂ ਦੀ ਦੁਸਾਂਗੜ ਸਰਕਾਰ ਕਾਇਮ ਕੀਤੀ ਹੋਈ ਸੀ। ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਤਾਂ ਸਨ ਪਰ ਅਸਲ ਵਿੱਚ ਪੂਰਾ ਕੰਟਰੋਲ ਉਨ੍ਹਾਂ ਕੋਲ ਨਹੀਂ ਸੀ।

ਫਿਰ ਵੀ, ਉਹ ਆਪਣੀ ਬਣਦੀ ਲੀਡਰਸ਼ਿਪ ਦੇਣ ਵਿੱਚ ਨਾਕਾਮ ਰਹੇ ਹਾਲਾਂਕਿ ਉਨ੍ਹਾਂ ਸੰਭਾਵਨਾ ਦੀ ਕਲਾ ਵਾਲੀ ਸਿਆਸਤ ਨੂੰ ਦਾਰਸ਼ਨਿਕਤਾ ਦੀ ਪੁੱਠ ਚਾੜ੍ਹਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨਿਸ਼ਚੇ ਨਾਲ ਸੰਭਾਵਨਾਵਾਂ ਦੀ ਰੇਂਜ ਨੂੰ ਵਿਸਤਾਰ ਨਹੀਂ ਦਿੱਤਾ ਜਿਵੇਂ ਮੈਂ ਆਪਣੀ ਨਿੱਜੀ ਕਿਸਮ ਦੀ ਦੋਸਤਾਨਾ ਗੁਫ਼ਤਗੂ ਦੌਰਾਨ ਉਨ੍ਹਾਂ ਸਾਹਮਣੇ ਖੁੱਲ੍ਹ ਕੇ ਆਪਣੇ ਮਨੋਭਾਵ ਸਾਂਝੇ ਕੀਤੇ ਸਨ। ਡਾ. ਮਨਮੋਹਨ ਸਿੰਘ ਦਾ ਜਵਾਬ ਸੀ ਕਿ ਉਨ੍ਹਾਂ ਦੀ ਆਪਣੀ ਕੋਈ ਸਿਆਸੀ ਲਾਲਸਾ ਨਹੀਂ ਸੀ। ਕਿਸੇ ਪ੍ਰਧਾਨ ਮੰਤਰੀ ਲਈ ਇਹ ਕਹਿਣਾ ਅਜੀਬ ਗੱਲ ਲੱਗਦੀ ਹੈ। ਸੋਨੀਆ ਗਾਂਧੀ ਨੂੰ ਇਸ ਗੱਲ ਦਾ ਸਿਹਰਾ ਦੇਣਾ ਬਣਦਾ ਹੈ ਕਿ ਉਹ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਕਈ ਵੱਡੀਆਂ ਪਹਿਲਕਦਮੀਆਂ ਜਿਵੇਂ ਸੂਚਨਾ ਦਾ ਅਧਿਕਾਰ, ਮਗਨਰੇਗਾ ਅਤੇ ਖ਼ੁਰਾਕ ਦਾ ਅਧਿਕਾਰ ਜਿਹੇ ਪ੍ਰੋਗਰਾਮਾਂ ਦੀ ਜਨਕ ਸੀ। ਕਿਸਾਨਾਂ ਦੀ ਕਰਜ਼ ਮੁਆਫ਼ੀ ਨੂੰ ਛੱਡ ਕੇ, ਇਵੇਂ ਜਾਪਦਾ ਸੀ ਜਿਵੇਂ ਡਾ। ਮਨਮੋਹਨ ਸਿੰਘ ਕੋਲ ਮੌਲਿਕ ਵਿਚਾਰਾਂ ਦੀ ਤੋਟ ਆ ਗਈ ਸੀ।

ਅੰਤ ਨੂੰ ਜੋ ਗੱਲ ਤੁਹਾਡੇ ਕੋਲ ਰਹਿ ਜਾਂਦੀ ਹੈ, ਉਹ ਹੈ ਉਨ੍ਹਾਂ ਦੀਆਂ ਨਿੱਜੀ ਖ਼ੂਬੀਆਂ। ਪਾਰਦਰਸ਼ੀ ਸਾਫ਼ਗੋਈ, ਜਨਤਕ ਮਨੋਰਥ ਦੀ ਸੂਝ, ਸਲੀਕੇਦਾਰੀ ਅਤੇ ਨਿਮਰਤਾ ਜੋ ਹਰੇਕ ਮੀਟਿੰਗ ਵਿੱਚ ਛਾਪ ਛੱਡ ਕੇ ਜਾਂਦੀ ਸੀ, ਹਰ ਮਿਲਣੀ ਵੇਲੇ ਉਜਾਗਰ ਹੁੰਦੀ ਸਮਝਦਾਰੀ ਅਤੇ ਸਿਆਣਪ ਦੀ ਗਹਿਰਾਈ, ਕਦੇ ਕਦਾਈਂ ਥੋੜ੍ਹਾ ਹਾਸਾ ਮਜ਼ਾਕ

**(ਬਾਕੀ ਅਗਲੇ ਸਫੇ 'ਤੇ)**

# ਰੂਸ ਦੇ ਇਸ ਇਲਾਕੇ ਵਿਚ ਪੈ ਰਹੀ ਹੈ ਖ਼ੂਨ ਜਮਾ ਦੇਣ ਵਾਲੀ ਠੰਡ

ਰੂਸ ਦੇ ਸਾਈਬੇਰੀਆ ਵਿਚ ਪਾਰਾ ਮਨਫੀ 62 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ। ਠੰਡ ਇੰਨੀ ਹੈ ਕਿ ਇੱਕੇ ਲੋਕਾਂ ਦੇ ਵਾਲ, ਆਈਬ੍ਰੋ ਅਤੇ ਦਾੜ੍ਹੀ ਤੱਕ ਤੇ ਬਰਫ ਜੰਮ ਗਏ ਹੈ। ਪਿਛਲੇ 83 ਸਾਲਾਂ ਵਿਚ ਇਹ ਪਹਿਲੀ ਵਾਰ ਹੈ ਕਿ ਇੱਥੇ ਠੰਡ ਇੰਨੀ ਜ਼ਿਆਦਾ ਪੈ ਰਹੀ ਹੈ। ਕਾਰ ਅਤੇ ਬਾਈਕ ਚੌਕ ਹੋ ਗਈਆਂ ਹਨ, ਕਿਉਂਕਿ ਗੱਡੀਆਂ ਵਿਚ ਭਰਿਆ ਪੈਟਰੋਲ ਅਤੇ ਡੀਜਲ ਜੰਮ ਚੁੱਕੇ ਹਨ। ਮੋਬਾਇਲ ਸਮੇਤ ਸਾਰੀਆਂ ਇਲੈਕਟ੍ਰਾਨਿਕ ਡਿਵਾਈਸ ਵੀ ਬੰਦ ਹੋ ਗਈਆਂ ਹਨ। ਸਭ ਤੋਂ ਜ਼ਿਆਦਾ ਠੰਡ ਕਾਉਂਟੀ ਮਾਨਸੀ ਇਲਾਕੇ ਵਿਚ ਦਰਜ ਕੀਤੀ ਗਈ ਹੈ। ਮੰਨਿਆ ਜਾ ਰਿਹਾ ਹੈ ਕਿ ਸਾਈਬੇਰੀਆ ਵਿਚ ਆਰਕਟਿਕ ਬਲਾਸਟ ਦੇ ਕਾਰਨ ਅਜਿਹੀ ਨੌਬਤ ਆਈ ਹੈ।

ਠੰਡ ਦੇ ਕਾਰਨ ਤਾਪਮਾਨ ਬੇਹੱਦ ਘੱਟ ਹੋਣ ਕਾਰਨ ਅਕਸਾਂਸ਼ ਵਾਲੇ ਇਲਾਕਿਆਂ ਵਿਚ ਬਰਫੀਲਾ ਤੂਫਾਨ ਚੱਲ ਰਿਹਾ ਹੈ। ਪੂਰੇ ਇਲਾਕੇ ਵਿਚ ਬਰਫ ਦੀ ਮੋਟੀ ਚਾਦਰ ਜੰਮ ਗਈ ਹੈ। ਇਸ ਘਟਨਾ ਨੂੰ ਆਰਕਟਿਕ ਬਲਾਸਟ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸਾਈਬੇਰੀਆ ਆਰਕਟਿਕ ਦੇ ਨਜ਼ਦੀਕ ਹੈ ਅਤੇ ਇਹੀ ਕਾਰਨ ਹੈ ਕਿ ਇਸ ਇਲਾਕੇ ਵਿਚ ਇਸ ਘਟਨਾ ਦਾ ਸਭ ਤੋਂ ਜ਼ਿਆਦਾ ਅਸਰ ਹੁੰਦਾ ਹੈ। ਹੁਣ ਤੋਂ ਕਰੀਬ 83 ਸਾਲ ਪਹਿਲਾਂ ਇੱਕੇ ਸਭ ਤੋਂ ਘੱਟ ਤਾਪਮਾਨ 6 ਫਰਵਰੀ 1933 ਨੂੰ ਮਨਫੀ 67.2 ਡਿਗਰੀ ਰਿਕਾਰਡ ਕੀਤਾ ਗਿਆ ਸੀ।

**ਜਨਵਰੀ ਵਿਚ ਵੀ ਇਸੇ ਤਰ੍ਹਾਂ ਰਹਿੰਦੀ ਹੈ ਠੰਡ**

ਆਬਾਦੀ ਵਾਲੇ ਇਲਾਕਿਆਂ ਵਿਚ ਸਾਈਬੇਰੀਆ ਇਸ ਸਮੇਂ ਦੁਨੀਆਂ ਵਿਚ ਸਭ ਤੋਂ ਠੰਡਾ ਇਲਾਕਾ ਹੈ। ਇੱਥੇ 83 ਸਾਲ ਵਿਚ ਸਭ ਤੋਂ ਜ਼ਿਆਦਾ ਠੰਡ ਪਈ ਹੈ। ਜਨਵਰੀ ਵਿਚ ਪਾਰਾ ਮਨਫੀ 60 ਡਿਗਰੀ ਸੈਲਸੀਅਸ ਰਹਿੰਦਾ ਹੈ।



ਧਰਤੀ 'ਤੇ ਸਭ ਤੋਂ ਠੰਡਾ ਸਥਾਨ ਅੰਟਾਰਕਟਿਕਾ ਹੈ। ਇੱਥੇ ਮਨਫੀ 89.2 ਡਿਗਰੀ ਸੈਲਸੀਅਸ ਤਾਪਮਾਨ ਰਹਿੰਦਾ ਹੈ। ਆਰਕਟਿਕ ਬਲਾਸਟ ਕਾਰਨ ਥਾਂ-ਥਾਂ ਤੇ ਹਵਾ ਵਿਚ ਬਰਫ ਜੰਮ ਗਈ ਹੈ।

ਇੰਨੇ ਘੱਟ ਤਾਪਮਾਨ ਵਿਚ ਸਰੀਰ ਦੀਆਂ ਹੱਡੀਆਂ ਤੱਕ ਟੁੱਟ ਜਾਂਦੀਆਂ ਹਨ। ਇਸ ਸਰਦੀ ਤੋਂ ਬਚਣ ਦੇ ਲਈ ਜੰਗਲੀ ਹਿਰਨ ਅਤੇ ਘੋੜੇ ਤੱਕ ਭੱਜ ਕੇ ਇੱਥੇ ਬਣੇ ਰਿਹਾਇਸ਼ੀ ਇਲਾਕਿਆਂ ਵਿਚ ਆ ਰਹੇ ਹਨ।

ਉਤਰੀ ਧਰੁਵ ਨੂੰ ਆਰਕਟਿਕ ਵੀ ਕਿਹਾ ਜਾਂਦਾ ਹੈ। ਇਥੇ ਮਹਾਂਸਾਗਰ ਵੀ ਹੈ। ਤਾਪਮਾਨ ਜ਼ਿਆਦਾ ਘੱਟ ਹੋਣ ਕਾਰਨ ਲੋਅਰ ਲੈਟੀਟਿਊਡ ਵਾਲੇ ਇਲਾਕਿਆਂ ਵਿਚ ਬਰਫੀਲਾ ਤੂਫਾਨ ਚੱਲਣ ਲੱਗਦਾ ਹੈ। ਪੂਰੇ ਇਲਾਕੇ ਵਿਚ ਬਰਫ ਦੀ ਮੋਟੀ ਪਰਤ ਜਮ੍ਹਾ ਹੋ ਜਾਂਦੀ ਹੈ। ਸਾਈਬੇਰੀਆ ਆਰਕਟਿਕ ਦੇ ਨਜ਼ਦੀਕ ਹੈ। ਇਸ ਕਰਕੇ ਇੱਕੇ ਬਲਾਸਟ ਦਾ ਜ਼ਿਆਦਾ ਅਸਰ ਹੁੰਦਾ ਹੈ। ਤਾਪਮਾਨ ਕਾਫੀ ਹੇਠਾਂ ਚਲਿਆ ਜਾਂਦਾ ਹੈ।

# ਹੁੰਜਾ ਫਿਰਕੇ ਦੇ ਲੋਕ ਜਿਉਂਦੇ ਹਨ ਔਸਤਨ 150 ਸਾਲ ਦੀ ਉਮਰ

65 ਸਾਲ ਦੀ ਉਮਰ ਵਿਚ ਕਿਸੇ ਔਰਤ ਦੇ ਮਾਂ ਬਣਨ ਬਾਰੇ ਸੋਚਿਆ ਹੈ ਤੁਸੀਂ। ਸੁਣ ਕੇ ਹੱਸ ਪਵੋਗੇ। 100 ਸਾਲ ਦੀ ਉਮਰ ਵਿਚ ਦੌੜ ਲਗਾਉਣ ਬਾਰੇ ਕੀ ਖਿਆਲ ਹੈ ਤੁਹਾਡਾ। ਤੁਸੀਂ ਹੁਣ ਸੋਚ ਰਹੇ ਹੋਵੋਗੇ ਕਿ ਪਹਿਲਾਂ 100 ਸਾਲ ਦੇ ਲੋਕ ਤਾਂ ਮਿਲ ਜਾਣ। ਹੁਣ ਤੁਹਾਨੂੰ ਇਹ ਸੁਣ ਕੇ ਹੈਰਾਨੀ ਹੋਵੇਗੀ ਕਿ ਤੁਹਾਡੇ ਵਿਚਕਾਰ ਇਕ ਅਜਿਹੀ ਜਗ੍ਹਾ ਵੀ ਹੈ, ਜਿੱਥੇ ਇਹ ਦੋਵੇਂ ਗੱਲਾਂ ਆਮ ਹਨ। ਇੱਥੇ 100 ਸਾਲ ਦੀ ਉਮਰ ਵਾਲੇ ਲੋਕ ਦੌੜਦੇ ਹਨ ਅਤੇ 65 ਸਾਲ ਦੀ ਨੌਜਵਾਨ ਅਤੇ ਬੇਹੱਦ ਖ਼ੂਬਸੂਰਤ ਦਿੱਸਣ ਵਾਲੀ ਔਰਤ ਬੱਚੇ ਨੂੰ ਜਨਮ ਦਿੰਦੀ ਹੈ। ਯਕੀਨ ਨਹੀਂ ਹੁੰਦਾ ਤਾਂ ਆਓ ਦੱਸੀਏ ਤੁਹਾਨੂੰ ਕਿੱਥੇ ਹੁੰਦੇ ਹੈ ਅਜਿਹਾ।



**ਅਜਿਹਾ ਹੈ ਇਹ ਖਾਸ ਫਿਰਕਾ**

ਇੱਥੇ ਗੱਲ ਹੋ ਰਹੀ ਹੈ ਆਰੀਆਵਤ ਵਿਚ ਜਨਮ ਲੈਣ ਵਾਲੇ ਹੁੰਜਾ ਫਿਰਕੇ ਦੀ। ਸਭ ਤੋਂ ਪਹਿਲਾਂ ਤੁਹਾਨੂੰ ਦੱਸੀਏ ਕਿ ਇਹ ਆਰੀਵਤ ਅਤੇ ਕੌਣ ਹਨ ਇਹ ਹੁੰਜਾ ਲੋਕ। ਇਹ ਹੁੰਜਾ ਇਕ ਸਮੇਂ ਵਿਚ ਭਾਰਤ ਦਾ ਹਿੱਸਾ ਹੋਇਆ ਕਰਦਾ ਸੀ। ਹੁਣ ਫਿਲਹਾਲ ਪਾਕਿਸਤਾਨ ਦੇ ਕਬਜੇ ਵਾਲੇ ਕਸ਼ਮੀਰ ਵਿਚ ਗਿਲਗਿਤ ਅਤੇ ਬਾਲਟਿਸਤਾਨ ਦੇ ਪਹਾੜਾਂ ਦੀ ਬਸਤੀ ਹੈ। ਹਿਮਾਲਿਆ ਦੀ ਪਰਬਤ ਲੜੀ ਵਿਚ ਵੱਸੀ ਇਹ ਹੁੰਜਾ, ਦੁਨੀਆਂ ਦੀ ਛੱਤ ਤੇ ਨਾਂ ਨਾਲ ਵੀ ਮਸ਼ਹੂਰ ਹੈ। ਇਹ ਭਾਰਤ ਦੇ ਉਤਰੀ ਕਿਨਾਰੇ ਤੇ ਵੱਸਿਆ ਹੋਇਆ ਹੈ। ਇੱਥੇ ਅੱਗੇ ਚੱਲ ਕੇ ਭਾਰਤ, ਪਾਕਿਸਤਾਨ, ਚੀਨ, ਅਫਗਾਨਿਸਤਾਨ ਦੇ ਬਾਰਡਰ ਆਪਸ ਵਿਚ ਮਿਲਦੇ ਹਨ।

**ਅਜਿਹੀ ਹੈ ਇੱਥੋਂ ਦੀ ਖਾਸੀਅਤ**

ਇਸ ਜਗ੍ਹਾ ਦੀ ਖਾਸੀਅਤ ਇਹ ਹੈ ਕਿ ਇੱਥੋਂ ਦੇ ਲੋਕ ਪੂਰੀ ਤਰ੍ਹਾਂ ਕੁਦਰਤ ਨਾਲ ਕਦਮ ਮਿਲਾ ਕੇ ਚੱਲਦੇ ਹਨ। ਇੱਥੇ ਰਹਿਣ ਵਾਲੇ ਲੋਕਾਂ ਦੀ ਔਸਤ ਉਮਰ 110 ਤੋਂ 120 ਸਾਲ ਦੱਸੀ ਗਈ ਹੈ। ਕੁਝ ਲੋਕ ਤਾਂ 150 ਸਾਲ ਤੱਕ ਵੀ ਜਿਉਂਦੇ ਹਨ। ਇਸ ਦੇ ਪਿੱਛੇ ਵੱਡਾ ਕਾਰਨ ਇਹ ਹੈ ਕਿ ਇੱਥੋਂ ਦਾ ਰਹਿਣ-ਸਹਿਣ ਅਤੇ ਸੰਤੁਲਿਤ ਖੁਰਾਕ। ਇਸ ਦੇ ਨਾਲ ਹੀ ਇਸ ਤੋਂ ਵੀ ਵੱਡਾ ਕਾਰਨ ਹੈ ਇੱਥੋਂ ਦੇ ਲੋਕਾਂ ਦਾ ਖੁਸ਼ਮਿਜਾਜ ਹੋਣਾ। ਇਹ ਸਾਰੇ ਕਾਰਨ ਇੱਥੋਂ ਦੇ ਲੋਕਾਂ ਨੂੰ ਲੰਮੇ ਸਮੇਂ ਤੱਕ ਜਵਾਨ ਅਤੇ ਤੰਦਰੁਸਤ ਰੱਖਣ ਵਿਚ ਮਦਦ ਕਰਦੇ ਹਨ।

**ਦੂਜਾ ਕਾਰਨ**

ਇਸ ਤੋਂ ਇਲਾਵਾ ਦੂਜੀ ਵੱਡੀ ਖਾਸੀਅਤ ਇਹ ਹੈ ਕਿ ਇੱਥੋਂ ਦੇ ਲੋਕ ਖਾਣ-ਪੀਣ ਨੂੰ ਲੈ ਕੇ ਵਿਗਿਆਨਕ ਸਲਾਹ ਤੇ ਪੂਰੀ ਤਰ੍ਹਾਂ ਵਿਸ਼ਵਾਸ ਕਰਦੇ ਹਨ। ਇਹੀ ਸਭ ਕਾਰਨ ਹਨ ਕਿ ਲੰਮੀ ਉਮਰ ਤੱਕ ਲੋਕ ਇੱਥੇ ਜਵਾਨ ਅਤੇ ਖ਼ੂਬਸੂਰਤ ਨਜ਼ਰ ਆਉਂਦੇ ਹਨ। ਹੋਰ ਤਾਂ ਹੋਰ ਕੈਂਸਰ ਵਰਗੀਆਂ ਬਿਮਾਰੀਆਂ ਨੂੰ ਤਾਂ ਇਹ ਲੋਕ ਦੂਰ-ਦੂਰ ਤੱਕ ਨਹੀਂ ਜਾਣਦੇ। ਇੱਥੇ ਰਹਿਣ ਵਾਲੇ ਲੋਕਾਂ ਨੂੰ ਬੁਰਸ਼ੋ ਅਤੇ ਇੱਥੇ ਬੋਲੀ ਜਾਣ ਵਾਲੀ ਭਾਸ਼ਾ ਬੁਰਾਸ਼ਕੀ ਕਿਹਾ ਜਾਂਦਾ ਹੈ। ਕਹਿੰਦੇ ਹਨ ਕਿ ਇੱਥੇ ਰਹਿਣ ਵਾਲੇ ਲੋਕ ਸਿਕੰਦਰ ਮਹਾਨ ਦੀ ਫੌਜ ਦੇ ਵੰਸ਼ਜ ਹਨ। ਇੱਥੇ ਰਹਿਣ ਵਾਲੇ ਲੋਕਾਂ ਦੀ ਆਬਾਦੀ 87 ਹਜ਼ਾਰ ਹੈ।

1984 ਵਿਚ ਇਸ ਫਿਰਕੇ ਦੇ ਇਕ ਵਿਅਕਤੀ ਦੇ ਨਾਲ ਹੋ ਹੋਇਆ, ਉਸਨੂੰ ਸੁਣ ਕੇ ਤੁਹਾਨੂੰ ਹੈਰਾਨੀ ਹੋਵੇਗੀ। ਲੰਡਨ ਏਅਰਪੋਰਟ 'ਤੇ ਸਕਿਊਰਟੀ ਚੈਕ ਦੇ ਦੌਰਾਨ ਉਸ ਨੂੰ ਰੋਕ ਲਿਆ ਗਿਆ। ਇਸ ਦੇ ਪਿੱਛੇ ਕਾਰਨ ਇ ਸੀ ਕਿ ਉਸਦੀ ਸ਼ਕਲ ਅਤੇ ਪ੍ਰਸਨੈਲਿਟੀ ਦਾ ਸਾਥ ਨਹੀਂ ਦੇ ਰਹੀ ਸੀ। ਉਸਨੂੰ ਦੇਖ ਕੇ ਲੋਕਾਂ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਸੀ ਕਿ ਉਹ 1932 ਦੀ ਪੈਦਾਇਸ਼ ਹੈ।

ਲੰਮੀ ਉਮਰ ਤੱਕ ਨੌਜਵਾਨ ਦਿੱਸਣਾ ਅਤੇ ਜ਼ਿਆਦਾ ਜਿਊਣਾ ਹੀ ਇੱਥੋਂ ਦੀ ਖਾਸੀਅਤ ਨਹੀਂ ਹੈ। ਇਸ ਤੋਂ ਇਲਾਵਾ ਇਕ ਹੋਰ ਵੀ ਚੀਜ਼ ਹੈ ਕਿ ਇੱਥੇ ਔਸਤ 65 ਸਾਲ ਦੀ ਉਮਰ ਵਿਚ ਮਾਂ ਬਣਦੀ ਹੈ। ਇੱਥੋਂ ਦੇ ਲੋਕਾਂ ਦੀ ਅਜਿਹੀਆਂ ਖਾਸੀਅਤਾਂ ਦੇਖ ਕੇ ਅਜਿਹਾ ਲੱਗਦਾ ਹੈ ਕਿ ਵਾਕਿਆ ਹੀ ਅੱਜ ਦੇ ਸਮੇਂ ਵਿਚ ਇਹ ਜਗ੍ਹਾ ਕਿਸੇ ਜੰਨਤ ਤੋਂ ਘੱਟ ਨਹੀਂ ਹੋਵੇਗੀ। ਇੱਥੇ ਹਰ ਕੋਈ ਖ਼ੂਬਸੂਰਤ, ਤੰਦਰੁਸਤ ਅਤੇ ਨੌਜਵਾਨ ਹੋਣ ਦੇ ਨਾਲ ਹੀ ਨਾਲ ਖੁਸ਼ਮਿਜਾਜ ਵੀ ਦਿੱਸਦਾ ਹੈ।

# ਬਿੱਲੀਆਂ ਨੂੰ ਮਿਲ ਰਹੀ ਹੈ ਸਰਕਾਰੀ ਨੌਕਰੀ

ਸੁਣਨ ਵਿਚ ਬੇਸ਼ੱਕ ਹੀ ਅਜੀਬ ਲੱਗੇ ਪਰ ਇਹ ਸੱਚ ਹੈ ਕਿ ਲੰਡਨ ਵਿਚ ਬਿੱਲੀਆਂ ਨੂੰ ਸਰਕਾਰੀ ਨੌਕਰੀ ਦਿੱਤੀ ਜਾ ਰਹੀ ਹੈ। ਇਹ ਨੌਕਰੀ ਉਹਨਾਂ ਨੂੰ ਸਰਕਾਰ ਵੱਲੋਂ ਆਫਰ ਕੀਤੀ ਜਾ ਰਹੀ ਹੈ। ਬਕਾਇਦਾ ਕੈਬਨਿਟ ਨੇ ਦੋ ਬਿੱਲੀਆਂ ਦੀ ਨਿਯੁਕਤੀ ਕੀਤੀ ਹੈ।

ਇਵੀ ਅਤੇ ਆਸੀ ਨਾਂ ਦੀਆਂ ਦੋ ਬਿੱਲੀਆਂ ਨੂੰ ਸਰਕਾਰ ਨੇ ਉਚੀ ਤਨਖਾਹ ਤੇ ਰੱਖਿਆ ਹੈ। ਇਹ ਦੋਵੇਂ ਬਿੱਲੀਆਂ ਬ੍ਰਿਟਿਸ਼ ਸਰਕਾਰ ਦੇ ਕੈਬਨਿਟ ਦੇ ਦਫਤਰ ਵਿਚ ਨੌਕਰੀ ਕਰ ਰਹੀਆਂ ਹਨ। ਇਹਨਾ ਬਿੱਲੀਆਂ ਨੂੰ ਨੌਕਰੀ ਤੇ ਰੱਖਣ ਦੇ ਲਈ ਇਕ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ। ਉਹਨਾਂ ਦੀ ਯੋਗਤਾ ਦੇ ਨਾਲ ਉਸਦਾ ਰਿਜ਼ਿਊਮ ਮੰਗਿਆ ਗਿਆ ਸੀ। ਸਰਕਾਰ ਦੇ ਕੋਲ ਕਾਫੀ ਬੇਨਤੀ ਪੱਤਰ ਆਏ, ਜਿਸ ਤੋਂ ਬਾਅਦ ਉਸਨੇ ਇਹਨਾ ਦੋ ਬਿੱਲੀਆਂ ਨੂੰ ਸ਼ਾਰਟ ਲਿਸਟ ਕਰਕੇ ਨੌਕਰੀ ਤੇ ਰੱਖਿਆ ਗਿਆ।

**ਸਰਕਾਰੀ ਦਫਤਰਾਂ ਵਿਚ ਬਿੱਲੀਆਂ ਦਾ ਕੀ ਕੰਮ?**



ਤੁਸੀਂ ਸੋਚ ਰਹੇ ਹੋਵੋਗੇ ਕਿ ਆਖਿਰ ਸਰਕਾਰੀ ਦਫਤਰ ਵਿਚ ਬਿੱਲੀਆਂ ਕੀ ਕੰਮ ਕਰਦੀਆਂ ਹੋਣਗੀਆਂ। ਉਹਨਾਂ ਨੂੰ ਇਸ ਕਰਕੇ ਪਾਲਿਆ ਗਿਆ ਹੈ ਕਿਉਂਕਿ ਕੈਬਨਿਟ ਵਿਚ ਚੂਹੇ ਬਹੁਤ ਜ਼ਿਆਦਾ ਹਨ। ਜਿਹਨਾ ਕਾਰਨ ਇੱਥੇ ਸਰਕਾਰੀ ਕਾਗਜ਼ਾਤ ਬਚਾਉਣੇ ਮੁਸ਼ਕਿਲ ਹੋ ਗਏ ਹਨ। ਚੂਹਿਆਂ ਨੂੰ ਭਜਾਉਣ ਦੇ ਲਈ ਬਹੁਤ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ, ਜਿਸ ਕਾਰਨ ਅਧਿਕਾਰੀਆਂ ਨੇ ਬਿੱਲੀਆਂ ਰੱਖਣ ਦਾ ਫੈਸਲਾ ਕੀਤਾ।

ਇਵੀ ਅਤੇ ਆਸੀ ਨਾਂ ਦੀਆਂ ਦੋਵੇਂ ਹੀ ਬਿੱਲੀਆਂ ਇੱਥੇ ਚੂਹਿਆਂ ਨੂੰ ਖਾਣ ਦਾ ਕੰਮ ਕਰਦੀਆਂ ਹਨ। ਸਭ ਤੋਂ ਖਾਸ ਗੱਲ ਇਹ ਹੈ ਕਿ ਇਹਨਾਂ ਦਾ ਰਜਿਸਟ੍ਰੇਸ਼ਨ ਵੀ ਉਥੇ ਦਫਤਰ ਵਿਚ ਹੀ ਹੋਇਆ ਹੈ। ਇਵੀ ਦਾ ਨਾਂ ਲੇਬਰ ਸਭਾ ਦੀ ਪਹਿਲੀ ਔਰਤ ਸਥਾਈ ਸਕੱਤਰ ਡੈਮ ਇਵਲਿਨ ਸ਼ਾਰਪ ਦੇ ਨਾਂ 'ਤੇ ਹੈ, ਆਸੀ ਦਾ ਨਾਂ ਉਚ ਸਿਵਲ ਸਰਵੈਂਟ ਈ. ਸੀ. ਬੀ. ਆਸਮੋਂਦਰਲੀ ਦੇ ਨਾਂ ਤੇ ਰੱਖਿਆ ਗਿਆ ਹੈ।

# ਮਨਮੋਹਨ ਸਿੰਘ ਆਸਾਨੀ ਨਾਲ ਆਪਣੀ ਆਲੋਚਨਾ ਝੱਲ ਲਿਆ ਕਰਦੇ ਸਨ

(ਸਫਾ 17 ਦੀ ਬਾਕੀ)

ਜੋ ਔਖੇ ਸਮਿਆਂ ਵਿੱਚ ਉਨ੍ਹਾਂ ਦੇ ਹੱਸਣ ਦੀ ਕਾਬਲੀਅਤ ਨੂੰ ਦਰਸਾਉਂਦਾ ਸੀ। ਇਸ ਤੋਂ ਇਲਾਵਾ ਸਿੰਗਾਪੁਰ ਦੇ ਸਾਬਕਾ ਪ੍ਰਧਾਨ ਮੰਤਰੀ ਲੀ ਕੁਆਨ ਯੀਊ ਜਿਹੇ ਆਗੂਆਂ ਦੇ ਮਨ ਵਿੱਚ ਉਨ੍ਹਾਂ ਪ੍ਰਤੀ ਬਣਿਆ ਸਤਿਕਾਰ ਵੀ ਸਾਡੇ ਕੋਲ ਹੈ।

ਇਹ ਵੀ ਕਿ ਉਹ ਥੋੜ੍ਹੇ ਸ਼ਬਦਾਂ ਵਿੱਚ ਬਹੁਤ ਕੁਝ ਕਹਿ ਦਿੰਦੇ ਸਨ। 1996 ਦੇ ਅਖ਼ੀਰ ਵਿੱਚ ਜਦੋਂ ਮੈਂ ਇਹ ਜ਼ਿਕਰ ਕੀਤਾ ਕਿ ਰਾਓ ਸਰਕਾਰ ਅਗਲੀਆਂ ਚੋਣਾਂ ਲਈ ਆਪਣੇ ਚੋਣ ਮਨੋਰਥ ਪੱਤਰ ਵਿੱਚ ਆਰਥਿਕ ਸੁਧਾਰਾਂ ਨੂੰ ਉਭਾਰ ਕੇ ਪੇਸ਼ ਨਹੀਂ ਕਰੇਗੀ ਤਾਂ ਡਾ. ਮਨਮੋਹਨ ਸਿੰਘ ਇੱਕ ਪਲ ਸੋਚ ਕੇ ਸਵਾਲ ਕੀਤਾ, "ਇਸ ਤੋਂ ਇਲਾਵਾ ਗੱਲ ਕਰਨ ਲਈ ਭਲਾ ਹੋਰ ਹੈ ਵੀ ਕੀ?"

ਟਿੱਪਣੀਕਾਰਾਂ ਨੇ ਡਾ. ਮਨਮੋਹਨ ਸਿੰਘ ਦੀ ਨਿਮਰਤਾ ਦਾ ਹਵਾਲਾ ਦਿੱਤਾ ਹੈ। ਬਿਲਕੁਲ, ਉਨ੍ਹਾਂ ਦਾ ਵਤੀਰਾ ਸੁਭਾਵਿਕ ਤੌਰ 'ਤੇ ਹੀ ਨਿਮਰ ਸੀ ਪਰ ਮੈਨੂੰ ਕਾਫ਼ੀ ਚਿਰ ਤੱਕ ਲੱਗਦਾ ਰਿਹਾ ਕਿ ਆਪਣੇ ਵਿਚਾਰ 'ਚ ਉਹ ਖ਼ੁਦ ਨੂੰ ਆਪਣੇ ਆਲੇ-ਦੁਆਲੇ ਵਾਲਿਆਂ ਨਾਲੋਂ ਉੱਚਾ ਖੜ੍ਹਾ ਦੇਖਦੇ ਸਨ। ਜੇ ਅਜਿਹਾ ਹੀ ਸੀ ਤਾਂ ਨਿਰਸੰਦੇਹ ਉਨ੍ਹਾਂ ਕੋਲ ਇਸ ਸਵੈ-ਮੁਲਾਂਕਣ ਨੂੰ ਚੰਗੀ ਤਰ੍ਹਾਂ ਲੁਕੋ ਕੇ ਰੱਖਣ ਦੀ ਬਿਹਤਰ ਸਮਝ ਸੀ। ਅਸਲ 'ਚ, ਉਹ ਦੂਜਿਆਂ ਦੇ ਗ਼ਰੂਰ ਨਾਲ ਖੇਡਣਾ ਵੀ ਜਾਣਦੇ ਸਨ, ਖੁੱਲ੍ਹੀ ਸਿਫ਼ਤ ਨਾਲ ਅਗਲੇ ਨੂੰ ਕਾਬੂ ਕਰ ਲੈਂਦੇ ਸਨ। ਦਿੱਲੀ ਦੇ ਤਾਜ ਪੈਲੇਸ ਹੋਟਲ 'ਚ ਭੋਜ ਦੌਰਾਨ ਜੌਰਜ ਡਬਲਿਊ ਬੁਸ਼ ਬਾਰੇ ਥੋੜ੍ਹਾ ਵਧਾ-ਚੜ੍ਹਾ ਕੇ ਦਿੱਤਾ ਬਿਆਨ ਇਸ ਦੀ ਮਿਸਾਲ ਹੈ, ਜਦੋਂ ਉਨ੍ਹਾਂ ਭਾਰਤ ਦਾ ਦੌਰਾ ਕਰ ਰਹੇ ਅਮਰੀਕੀ ਰਾਸ਼ਟਰਪਤੀ ਨੂੰ ਕਿਹਾ ਕਿ ਸਾਰਾ ਭਾਰਤ ਉਨ੍ਹਾਂ (ਬੁਸ਼) ਨੂੰ ਪਿਆਰ ਕਰਦਾ ਹੈ।

ਆਈਐੱਮਐੱਫ ਦੇ ਪ੍ਰਬੰਧਕੀ ਨਿਰਦੇਸ਼ਕ (ਐੱਮਡੀ) ਮਿਸ਼ੇਲ ਕੈਮਡੇਸਸ ਨਾਲ ਵੀ ਉਨ੍ਹਾਂ ਇਸੇ ਤਰ੍ਹਾਂ ਹੀ ਕੀਤਾ ਜਿਸ ਨੇ 1991 ਵਿੱਚ ਭਾਰਤ ਲਈ ਅਤਿ-ਲੋੜੀਂਦਾ ਕਰਜ਼ਾ ਪਾਸ ਕੀਤਾ ਸੀ। ਮਗਰੋਂ, ਦਿੱਲੀ 'ਚ ਰਾਤਰੀ ਭੋਜ ਮੌਕੇ ਜਦ ਮਿਸ਼ੇਲ ਆਏ, ਡਾ. ਮਨਮੋਹਨ ਨੇ ਉਸੇ ਅੰਦਾਜ਼ ਵਿੱਚ ਖੁੱਲ੍ਹ ਕੇ ਸਿਫ਼ਤ ਕਰਦਿਆਂ ਆਪਣੇ ਮਹਿਮਾਨ ਨੂੰ 'ਸਰ' ਕਹਿ ਕੇ ਸੰਬੋਧਨ ਕੀਤਾ। ਸ਼ਾਇਦ, ਇਸ ਨੂੰ ਮਹਿਮਾਨ ਨਾਲ ਕੀਤੇ ਜਾਂਦੇ ਭਾਰਤੀ ਵਿਹਾਰ ਦੀ ਵਿਸ਼ੇਸ਼ਤਾ ਵੀ ਮੰਨਿਆ ਜਾ ਸਕਦਾ ਹੈ ਪਰ ਉਥੇ ਬੈਠਿਆਂ, ਮੈਨੂੰ ਲੱਗਾ ਕਿ ਭਾਰਤ ਦੇ ਕਿਸੇ ਵੀ ਵਿੱਤ ਮੰਤਰੀ ਨੂੰ ਆਈਐੱਮਐੱਫ ਦੇ ਅਧਿਕਾਰੀ ਨੂੰ ਇਸ ਢੰਗ ਨਾਲ ਸੰਬੋਧਨ ਨਹੀਂ ਕਰਨਾ ਚਾਹੀਦਾ।

ਜਦੋਂ ਉਨ੍ਹਾਂ ਦੀ ਆਲੋਚਨਾ ਹੁੰਦੀ ਤਾਂ ਉਹ ਇਸ ਦਾ ਸਾਹਮਣਾ ਪੂਰੀ ਸਿਆਣਪ ਨਾਲ ਕਰਦੇ, ਕਦੇ ਵੀ ਨਿੱਜੀ ਬੈਠਕਾਂ ਜਾਂ ਇੰਟਰਵਿਊ 'ਚ ਇਸ ਦਾ ਜ਼ਿਕਰ ਨਾ ਕਰਦੇ। ਅਖ਼ਬਾਰ ਦੀ ਪੁਸਤਕ ਡਿਵੀਜ਼ਨ ਵੱਲੋਂ ਪ੍ਰਕਾਸ਼ਿਤ ਪਹਿਲੀ ਕਿਤਾਬ ਰਿਲੀਜ਼ ਕਰਦਿਆਂ ਉਨ੍ਹਾਂ ਕਿਹਾ ਕਿ ਆਲੋਚਨਾ ਨੂੰ ਉਹ ਸਰਕਾਰ ਦੀਆਂ ਨਾਕਾਮੀਆਂ ਨਾਲ ਜੋੜ ਕੇ ਦੇਖਦੇ ਹਨ ਪਰ ਨਾਲ ਹੀ ਕਿਹਾ ਕਿ ਅਖ਼ਬਾਰ ਨੂੰ ਘੱਟੋ-ਘੱਟ ਸਰਕਾਰ ਦੀਆਂ ਉਪਲਬਧੀਆਂ ਦਾ ਸਿਹਰਾ ਤਾਂ ਇਸ ਨੂੰ ਦੇਣਾ ਚਾਹੀਦਾ ਹੈ। ਇਹ ਨੁਕਤਾ ਵਾਜਬ ਸੀ।

ਕੈਂਬਰਿਜ 'ਚ ਡਾ. ਮਨਮੋਹਨ ਸਿੰਘ ਦੇ ਮਿੱਤਰ ਰਹੇ ਤੇ ਸਮਕਾਲੀ ਅਸ਼ੋਕ ਵੀ. ਦੇਸਾਈ ਦੀ ਆਲੋਚਨਾ ਦਾ ਇੱਥੇ ਜ਼ਿਕਰ ਕਰਨਾ ਬਣਦਾ ਹੈ। ਇੱਕ ਤਿੱਖੇ ਤੇ ਵਿਅੰਗ ਕੱਸਣ ਵਾਲੇ ਕਾਲਮਨਵੀਸ ਵਜੋਂ ਦੇਸਾਈ ਨੇ 1995 ਜਾਂ ਇਸ ਦੇ ਨੇੜੇ-ਤੇੜੇ ਲਿਖਿਆ ਕਿ ਡਾ. ਮਨਮੋਹਨ ਵਿਅਕਤੀਗਤ ਤੌਰ 'ਤੇ ਤਾਂ ਇਮਾਨਦਾਰ ਸਨ ਪਰ ਉਨ੍ਹਾਂ ਆਪਣੇ ਆਲੇ-ਦੁਆਲੇ ਭ੍ਰਿਸ਼ਟ ਲੋਕਾਂ ਨੂੰ ਬਰਦਾਸ਼ਤ ਕੀਤਾ। ਡਾ. ਮਨਮੋਹਨ ਸਿੰਘ ਨੇ ਰੋਸ ਜ਼ਾਹਿਰ ਕਰਨ ਲਈ ਮੈਨੂੰ ਫੋਨ ਕੀਤਾ ਤੇ ਪੁੱਛਿਆ ਕਿ ਇਸ ਤਰ੍ਹਾਂ ਦੀ ਨਿੰਦਿਆ ਤੋਂ ਉਹ ਆਪਣੇ ਆਪ ਨੂੰ ਕਿਵੇਂ ਬਚਾ ਸਕਦੇ ਹਨ। ਮੈਂ ਉਨ੍ਹਾਂ ਨੂੰ ਕਿਹਾ ਕਿ ਲੇਖਕ ਉਨ੍ਹਾਂ ਦਾ ਦੋਸਤ ਹੈ ਤੇ ਮੈਂ ਦੇਸਾਈ ਨਾਲ ਉਨ੍ਹਾਂ ਦੀ ਗੱਲ ਕਰਵਾ ਸਕਦਾ ਹਾਂ। ਕਈ ਵਰ੍ਹੇ ਬੀਤੇ ਗਏ ਜਦੋਂ ਦੇਸਾਈ ਨੇ ਮੈਨੂੰ ਦੱਸਿਆ ਕਿ ਡਾ. ਮਨਮੋਹਨ ਨੇ ਆਖ਼ਿਰ ਉਸ ਨੂੰ ਮੁਆਫ਼ ਕਰ ਦਿੱਤਾ ਹੈ ਪਰ ਸੱਚ ਇਹ ਹੈ ਕਿ ਦੇਸਾਈ ਨੇ ਉਂਗਲ ਬਿਲਕੁਲ ਸਹੀ ਥਾਂ ਧਰੀ ਸੀ।

ਫਿਰ ਵੀ ਜਿਹੜੀ ਖੁੱਲ੍ਹੀ ਹਵਾ 'ਚ ਅਸੀਂ ਸਾਹ ਲੈ ਚੁੱਕੇ ਹਾਂ, ਉਹ ਉਸ ਸਮਾਗਮ ਵਿੱਚੋਂ ਝਲਕਦੀ ਹੈ ਜੋ ਵਿਗਿਆਨ ਭਵਨ 'ਚ ਡਾ. ਮਨਮੋਹਨ ਸਿੰਘ ਦੇ ਸਨਮਾਨ 'ਚ ਪੁਸਤਕ ਰਿਲੀਜ਼ ਕਰਨ ਲਈ ਰੱਖਿਆ ਸੀ ਤੇ ਉਥੇ ਪਹੁੰਚੇ ਲੋਕਾਂ ਦੀਆਂ ਟਿੱਪਣੀਆਂ ਜ਼ਿਕਰਯੋਗ ਹਨ। ਇਹ ਪੁਸਤਕ ਈਸ਼ਰ ਜੱਜ ਆਹਲੂਵਾਲੀਆ ਤੇ ਆਕਸਫੋਰਡ 'ਚ ਡਾ. ਮਨਮੋਹਨ ਦੇ ਅਧਿਆਪਕ ਰਹੇ ਇਆਨ ਲਿਟਲ ਨੇ ਸੰਪਾਦਿਤ ਕੀਤੀ ਸੀ। ਆਹਲੂਵਾਲੀਆ ਨੇ ਮੈਨੂੰ ਸਮਾਗਮ 'ਚ ਬੁਲਾਰੇ ਵਜੋਂ ਆਉਣ ਦਾ ਸੱਦਾ ਭੇਜਿਆ ਤੇ ਮੈਂ ਉਥੇ ਜੋ ਕਹਿਣਾ ਚਾਹੁੰਦਾ ਸੀ, ਕਿਹਾ ਪਰ ਆਲੋਚਨਾਤਮਕ ਟਿੱਪਣੀਆਂ ਹਲਕੇ-ਫੁਲਕੇ ਅੰਦਾਜ਼ ਵਿੱਚ ਕੀਤੀਆਂ ਹਾਲਾਂਕਿ ਰਘੂਰਾਮ ਰਾਜਨ ਨਹੀਂ ਰੁਕੇ, ਉਸ ਵੇਲੇ ਉਹ ਪ੍ਰਧਾਨ ਮੰਤਰੀ ਦੇ ਸਲਾਹਕਾਰ ਹੋਣ ਦੇ ਨਾਲ-ਨਾਲ ਸ਼ਿਕਾਗੋ ਵਿੱਚ ਪੜ੍ਹਾ ਵੀ ਰਹੇ ਸਨ। ਮੈਂ ਇਸ ਤਰ੍ਹਾਂ ਦੀ ਕਿਸੇ ਹੋਰ ਸਰਕਾਰ ਬਾਰੇ ਸੋਚ ਵੀ ਨਹੀਂ ਸਕਦਾ ਜਿਸ ਅਧੀਨ ਪ੍ਰਧਾਨ ਮੰਤਰੀ ਦੇ ਸਨਮਾਨ ਵਿੱਚ ਰੱਖੇ ਸਮਾਗਮ 'ਚ ਬੁਲਾਰੇ ਉਸ ਦੇ ਮੂੰਹ 'ਤੇ ਹੀ ਉਸ ਦੀ ਸਰਕਾਰ ਦੀ ਆਲੋਚਨਾ ਕਰਨ ਤੇ ਮਗਰੋਂ ਉਸੇ ਨਾਲ ਖਾਣਾ ਵੀ ਖਾਣ! ਇਸ ਤਰ੍ਹਾਂ ਦੀ ਸੀ ਉਨ੍ਹਾਂ ਵੇਲਿਆਂ ਦੀ ਆਜ਼ਾਦੀ।

ਪੱਤਰਕਾਰ ਵਜੋਂ ਮੈਂ ਖ਼ੁਸ਼ਕਿਸਮਤ ਰਿਹਾ ਹਾਂ ਕਿ ਪਿਛਲੇ 35 ਸਾਲਾਂ ਦੌਰਾਨ ਮੈਨੂੰ ਕਈ ਵਾਰ ਡਾ. ਮਨਮੋਹਨ ਸਿੰਘ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ, ਮੈਂ ਉਨ੍ਹਾਂ ਦਾ ਨਿੱਘ ਤੇ ਸ਼ਿਸ਼ਟਾਚਾਰ ਮਾਣਿਆ, ਹਰੇਕ ਬੈਠਕ 'ਚੋਂ ਉਨ੍ਹਾਂ ਦੀ ਸਿਆਣਪ ਦੇ ਨਵੇਂ ਪਹਿਲੂ ਤੋਂ ਜਾਣੂ ਹੋ ਕੇ ਉੱਠਿਆ ਅਤੇ ਉਸ ਸਾਰੀ ਆਲੋਚਨਾ ਜਿਹੜੀ ਮੈਂ ਉਨ੍ਹਾਂ ਤੇ ਉਨ੍ਹਾਂ ਦੀ ਸਰਕਾਰ ਦੀ ਕੀਤੀ, ਹਮੇਸ਼ਾ ਮੇਰੇ ਮਨ 'ਚ ਭਾਰਤ ਦੇ ਇਸ ਮਹਾਨ ਸਪੂਤ ਲਈ ਸਭ ਤੋਂ ਵੱਧ ਸਤਿਕਾਰ ਰਹੇਗਾ। ਉਨ੍ਹਾਂ ਦਾ ਦੇਹਾਂਤ ਮੇਰੇ ਲਈ ਕਿਸੇ ਵੀ ਹੋਰ ਹਸਤੀ ਦੇ ਇਸ ਦੁਨੀਆ ਤੋਂ ਰੁਖ਼ਸਤ ਹੋਣ ਨਾਲੋਂ ਜ਼ਿਆਦਾ ਦੁਖਦਾਈ ਰਿਹਾ ਹੈ।

# ਤਰੱਕੀਪਸੰਦ

*ਕਹਾਣੀ/ - ਸਆਦਤ ਹਸਨ ਮੰਟੋ*

ਜੋਗਿੰਦਰ ਸਿੰਘ ਦੀਆਂ ਕਹਾਣੀਆਂ ਜਦੋਂ ਲੋਕਪ੍ਰਿਅ ਹੋਣ ਲੱਗੀਆਂ ਤਾਂ ਉਹਦੇ ਮਨ ਵਿਚ ਇਹ ਇੱਛਾ ਪੈਦਾ ਹੋਈ ਕਿ ਉਹ ਉਘੇ ਸਾਹਿਤਕਾਰਾਂ ਅਤੇ ਸ਼ਾਇਰਾਂ ਨੂੰ ਆਪਣੇ ਘਰ ਬੁਲਾਏ ਅਤੇ ਉਨ੍ਹਾਂ ਦੀ ਦਾਅਵਤ ਕਰੇ। ਉਹਦਾ ਖਿਆਲ ਸੀ ਕਿ ਉਹਦੀ ਸ਼ੁਹਰਤ ਤੇ ਲੋਕਪ੍ਰਿਅਤਾ ਹੋਰ ਵੀ ਵਧੇਰੇ ਹੋ ਜਾਵੇਗੀ। ਜੋਗਿੰਦਰ ਸਿੰਘ ਨੂੰ ਆਪਣੀ ਰਚਨਾ ਬਾਰੇ ਬੜੀ ਖੁਸ਼ਫਹਿਮੀ ਸੀ। ਮਸ਼ਹੂਰ ਸਾਹਿਤਕਾਰਾਂ ਤੇ ਸ਼ਾਇਰਾਂ ਨੂੰ ਆਪਣੇ ਘਰ ਬੁਲਾ ਕੇ ਅਤੇ ਉਨ੍ਹਾਂ ਦੀ ਆਉਭਗਤ ਕਰਕੇ ਜਦੋਂ ਉਹ ਆਪਣੀ ਪਤਨੀ ਅੰਮ੍ਰਿਤ ਕੌਰ ਕੋਲ ਬਹਿੰਦਾ ਤਾਂ ਕੁਝ ਚਿਰ ਲਈ ਬਿਲਕੁਲ ਹੀ ਭੁੱਲ ਜਾਂਦਾ ਕਿ ਉਹਦਾ ਕੰਮ ਡਾਕਖਾਨੇ ਵਿਚ ਚਿੱਠੀਆਂ ਦੀ ਦੇਖਭਾਲ ਕਰਨਾ ਹੈ। ਆਪਣੀ ਤਿੰਨ ਗਜ਼ ਦੀ ਪਟਿਆਲਾ ਫੈਸ਼ਨ ਦੀ ਰੰਗੀ ਹੋਈ ਪਗੜੀ ਲਾਹ ਕੇ ਜਦੋਂ ਉਹ ਇਕ ਪਾਸੇ ਧਰ ਦਿੰਦਾ ਤਾਂ ਉਹਨੂੰ ਮਹਿਸੂਸ ਹੁੰਦਾ ਕਿ ਉਹਦੇ ਲੰਮੇ-ਲੰਮੇ ਕਾਲੇ ਕੇਸਾਂ ਹੇਠ ਜਿਹੜਾ ਛੋਟਾ ਜਿਹਾ ਸਿਰ ਛੁਪਿਆ ਹੋਇਆ ਹੈ ਉਹਦੇ ਵਿਚ ਅੱਗੇ-ਵਧੂ ਸਾਹਿਤ ਕੁੱਟ ਕੁੱਟ ਕੇ ਭਰਿਆ ਪਿਆ ਹੈ। ਇਸ ਅਹਿਸਾਸ ਨਾਲ ਉਹਦੇ ਦਿਲ ਤੇ ਦਿਮਾਗ ਵਿਚ ਹਉਂ ਦੀ ਇਕ ਅਜੀਬ ਜਿਹੇ ਮਹੱਤਵ ਵਾਲੀ ਭਾਵਨਾ ਪੈਦਾ ਹੋ ਜਾਂਦੀ ਤੇ ਉਹ ਇਹ ਸਮਝਦਾ ਕਿ ਦੁਨੀਆਂ ਵਿਚ ਜਿੰਨੇ ਕਹਾਣੀਕਾਰ ਤੇ ਨਾਵਲਕਾਰ ਹਨ, ਸਾਰੇ ਦੇ ਸਾਰੇ ਉਹਦੇ ਨਾਲ ਬੜੇ ਹੀ ਮਿੱਠੇ ਜਿਹੇ ਰਿਸ਼ਤੇ ਵਿਚ ਬੱਧੇ ਹੋਏ ਹਨ। ਅੰਮ੍ਰਿਤ ਕੌਰ ਦੀ ਸਮਝ ਵਿਚ ਇਹ ਗੱਲ ਨਹੀਂ ਸੀ ਆਉਂਦੀ ਕਿ ਉਹਦਾ ਪਤੀ ਲੋਕਾਂ ਨੂੰ ਸੱਦਾ ਭੇਜਣ ਵੇਲੇ ਹਰ ਵਾਰ ਇਹ ਕਿਉਂ ਆਖਦਾ ਹੈ: 'ਅੰਮ੍ਰਿਤ, ਇਹ ਜਿਹੜੇ ਅੱਜ ਚਾਹ 'ਤੇ ਆ ਰਹੇ ਨੇ, ਹਿੰਦੁਸਤਾਨ ਦੇ ਵੱਡੇ ਸ਼ਾਇਰ ਹਨ... ਸਮਝ ਗਈ, ਨਾ? ਵੇਖੀਂ, ਇਨ੍ਹਾਂ ਦੀ ਆਉਭਗਤ ਤੇ ਖਾਤਰਦਾਰੀ ਵਿਚ ਕੋਈ ਕਸਰ ਨਾ ਰਹਿ ਜਾਵੇ।'

ਆਉਣ ਵਾਲਾ ਕਦੇ ਹਿੰਦੁਸਤਾਨ ਦਾ ਵੱਡਾ ਸ਼ਾਇਰ ਹੁੰਦਾ ਜਾਂ ਬੜਾ ਵੱਡਾ ਕਹਾਣੀਕਾਰ। ਇਸ ਤੋਂ ਘੱਟ ਦਰਜੇ ਵਾਲੇ ਆਦਮੀ ਨੂੰ ਤਾਂ ਉਹ ਕਦੇ ਬੁਲਾਉਂਦਾ ਹੀ ਨਹੀਂ ਸੀ-ਦਾਅਵਤ ਵੇਲੇ ਉਚੀਆਂ ਉਚੀਆਂ ਸੁਰਾਂ ਵਿਚ ਗੱਲਾਂ ਹੁੰਦੀਆਂ, ਜਿਹਦਾ ਮਤਲਬ ਉਹ ਅੱਜ ਤੱਕ ਨਹੀਂ ਸਮਝ ਸਕੀ ਸੀ। ਗੱਲਾਂਬਾਤਾਂ ਦੇ ਦੌਰਾਨ 'ਤਰੱਕੀਪਸੰਦ' ਦਾ ਜ਼ਿਕਰ ਆਮ ਤੌਰ 'ਤੇ ਹੁੰਦਾ ਸੀ। ਇਸ 'ਤਰੱਕੀਪਸੰਦੀ' ਦਾ ਮਤਲਬ ਅੰਮ੍ਰਿਤ ਕੌਰ ਨੂੰ ਮਲੂਮ ਨਹੀਂ ਸੀ। ਇਕ ਵਾਰ ਜੋਗਿੰਦਰ ਸਿੰਘ ਇਕ ਬੜੇ ਵੱਡੇ ਕਹਾਣੀਕਾਰ ਨੂੰ ਚਾਹ ਪਿਲਾ ਕੇ ਵਿਹਲਾ ਹੋ ਅੰਦਰ ਰਸੋਈ ਵਿਚ ਆ ਕੇ ਬੈਠਾ ਤਾਂ ਅੰਮ੍ਰਿਤ ਨੇ ਪੁੱਛਿਆ, "ਇਹ ਮੋਈ 'ਤਰੱਕੀਪਸੰਦੀ' ਕੀ ਏ?"

ਜੋਗਿੰਦਰ ਸਿੰਘ ਨੇ ਪਗੜੀ ਸਣੇ ਆਪਣੇ ਸਿਰ ਨੂੰ ਸਹਿਜੇ ਜਿਹੇ ਹਿਲਾਇਆ ਤੇ ਕਿਹਾ, "ਤਰੱਕੀਪਸੰਦੀ? ਇਹਦਾ ਮਤਲਬ ਤੂੰ ਤੁਰੰਤ ਹੀ ਨਹੀਂ ਸਮਝ ਸਕਣ ਲੱਗੀ। 'ਤਰੱਕੀਪਸੰਦ' ਉਹਨੂੰ ਆਖਦੇ ਹਨ ਜੋ ਤਰੱਕੀ ਨੂੰ ਪਸੰਦ ਕਰੇ। ਇਹ ਸ਼ਬਦ ਫਾਰਸੀ ਦਾ ਹੈ ਤੇ ਅੰਗ੍ਰੇਜ਼ੀ ਵਿਚ 'ਤਰੱਕੀਪਸੰਦ' ਨੂੰ 'ਪ੍ਰੋਗ੍ਰੈਸਿਵ' ਕਹਿੰਦੇ ਹਨ। ਉਹ ਕਹਾਣੀਕਾਰ ਜੋ ਕਹਾਣੀਆਂ ਵਿਚ ਤਰੱਕੀ ਚਾਹੁੰਦੇ ਹਨ, ਉਨ੍ਹਾਂ ਨੂੰ ਤਰੱਕੀਪਸੰਦ ਜਾਂ ਅਗੇਵਧੂ ਕਹਾਣੀਕਾਰ ਸੱਦੇਂਦੇ ਹਨ। ਇਸ ਵੇਲੇ ਹਿੰਦੋਸਤਾਨ ਵਿਚ ਸਿਰਫ ਤਿੰਨ-ਚਾਰ ਤਰੱਕੀਪਸੰਦ ਕਹਾਣੀਕਾਰ ਹਨ ਜਿਨ੍ਹਾਂ ਵਿਚ ਮੇਰਾ ਨਾਂ ਵੀ ਸ਼ਾਮਿਲ ਹੈ।" ਜੋਗਿੰਦਰ ਸਿੰਘ ਦੀ ਆਦਤ ਸੀ ਕਿ ਉਹ ਅੰਗ੍ਰੇਜ਼ੀ ਸ਼ਬਦਾ ਨਾਲ ਆਪਣੇ ਵਿਚਾਰ ਪ੍ਰਗਟ ਕੀਤਾ ਕਰਦਾ ਸੀ। ਉਹਦੀ ਇਹੀ ਆਦਤ ਹੁਣ ਪੱਕ ਕੇ ਉਹਦਾ ਸੁਭਾਅ ਬਣ ਗਈ ਸੀ। ਇਸ ਲਈ ਉਹ ਬਿਨਾਂ ਝਕੇ ਇਕ ਅਜਿਹੀ ਅੰਗਰੇਜ਼ੀ ਭਾਸ਼ਾ ਵਿਚ ਸੋਚਦਾ ਸੀ ਜਿਹੜੀ ਕੁਝ ਉਘੇ ਅੰਗ੍ਰੇਜ਼ੀ ਨਾਵਲਕਾਰਾਂ ਦੇ ਚੰਗੇ ਚੰਗੇ ਚੁਸਤ ਫਿਕਰਿਆਂ 'ਤੇ ਆਧਾਰਤ ਸੀ। ਆਮ ਗੱਲਬਾਤ ਵਿਚ ਉਹ 50% ਅੰਗ੍ਰੇਜ਼ੀ ਸ਼ਬਦਾਂ ਅਤੇ ਅੰਗ੍ਰੇਜ਼ੀ ਕਿਤਾਬਾਂ 'ਚੋਂ ਚੁਣੇ ਵਾਕਾਂ ਦੀ ਵਰਤੋਂ ਕਰਦਾ ਸੀ। 'ਅਫਲਾਤੂਨ' ਨੂੰ ਉਹ ਸਦਾ 'ਪਲੇਟੋ' ਕਹਿੰਦਾ ਸੀ। ਇਵੇਂ ਹੀ 'ਅਰਸਤੂ' ਨੂੰ 'ਅਰਾਸਟੋਟਿਲ'। ਡਾ. ਸਿਗਮੰਡ ਫਰਾਇਡ, ਸ਼ੋਪੇਨਹਾਵਰ ਤੇ ਨੀਤਸ਼ੇ ਦੀ ਚਰਚਾ ਉਹ ਆਪਣੀ ਹਰ ਮਹੱਤਵਪੂਰਨ ਗੱਲਬਾਤ ਵਿਚ ਕੀਤਾ ਕਰਦਾ ਸੀ ਅਤੇ ਪਤਨੀ ਨਾਲ ਗੱਲ ਕਰਨ ਵੇਲੇ ਉਹ ਇਸ ਗੱਲ ਦਾ ਖਾਸ ਧਿਆਨ ਰੱਖਦਾ ਸੀ ਕਿ ਗੱਲਬਾਤ ਵਿਚ ਅੰਗ੍ਰੇਜ਼ੀ ਸ਼ਬਦ ਅਤੇ ਇਹ ਫਲਾਸਫੀ ਦਾਖਲ ਨਾ ਹੋਣ। ਜੋਗਿੰਦਰ ਸਿੰਘ ਤੋਂ ਜਦੋਂ ਉਹਦੀ ਪਤਨੀ ਨੇ ਤਰੱਕੀਪਸੰਦੀ ਦਾ ਮਤਲਬ ਸਮਝਿਆ ਤਾਂ ਉਹਨੂੰ ਬੜੀ ਨਿਰਾਸ਼ਾ ਹੋਈ ਕਿਉਂਕਿ ਉਹਦਾ ਖ਼ਿਆਲ ਸੀ ਕਿ ਤਰੱਕੀਪਸੰਦੀ ਕੋਈ ਬੜੀ ਵੱਡੀ ਚੀਜ਼ ਹੋਵੇਗੀ ਜਿਸ ਬਾਰੇ ਵੱਡੇ-ਵੱਡੇ ਸ਼ਾਇਰ ਤੇ ਕਹਾਣੀਕਾਰ ਉਹਦੇ ਪਤੀ ਨਾਲ ਮਿਲ ਕੇ ਬਹਿਸ ਕਰਦੇ ਰਹਿੰਦੇ ਹਨ ਪਰ ਜਦੋਂ ਉਹਨੇ ਇਹ ਸੋਚਿਆ ਕਿ ਹਿੰਦੋਸਤਾਨ ਵਿਚ ਸਿਰਫ ਤਿੰਨ-ਚਾਰ ਤਰੱਕੀਪਸੰਦ ਕਹਾਣੀਕਾਰ ਹੀ ਹਨ ਤਾਂ ਉਹਦੀਆਂ ਅੱਖਾਂ ਵਿਚ ਚਮਕ ਪੈਦਾ ਹੋ ਗਈ।

ਇਹ ਚਮਕ ਵੇਖ ਕੇ ਜੋਗਿੰਦਰ ਸਿੰਘ ਦੇ ਮੁੱਛਾਂ-ਭਰੇ ਬੁਲ੍ਹ, ਇਕ ਦੱਬੀ-ਦੱਬੀ ਜਿਹੀ ਮੁਸਕਰਾਹਟ ਵਿਚ, ਕੰਬੇ, "ਅੰਮ੍ਰਿਤ, ਤੈਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ ਹਿੰਦੋਸਤਾਨ ਦਾ ਇਕ ਬਹੁਤ ਵੱਡਾ ਆਦਮੀ ਮੈਨੂੰ ਮਿਲਣ ਦਾ ਚਾਹਵਾਨ ਹੈ। ਉਹਨੇ ਮੇਰੀਆਂ ਕਹਾਣੀਆਂ ਪੜ੍ਹੀਆਂ ਹਨ ਤੇ ਬਹੁਤ ਪਸੰਦ ਕੀਤੀਆਂ ਹਨ।" ਅੰਮ੍ਰਿਤ ਕੌਰ ਨੇ ਪੁੱਛਿਆ, "ਇਹ ਵੱਡਾ ਆਦਮੀ ਕੋਈ ਅਸਲੋਂ ਹੀ ਵੱਡਾ ਆਦਮੀ ਹੈ ਜਾਂ ਤੁਹਾਡੇ ਵਾਂਗ ਸਿਰਫ ਕਹਾਣੀਆਂ ਲਿਖਣ ਵਾਲਾ ਹੈ?"

ਜੋਗਿੰਦਰ ਸਿੰਘ ਨੇ ਜੇਬ ਵਿਚੋਂ ਇਕ ਲਿਫਾਫਾ ਕਢਿਆ ਅਤੇ ਦੂਜੇ ਪੁਠੇ ਹੱਥ ਨਾਲ ਥਪਥਪਾਂਦਿਆਂ ਆਖਿਆ, "ਕਹਾਣੀਕਾਰ ਤਾਂ ਹੈ ਹੀ ਪਰ ਉਹਦੀ ਸਭ ਤੋਂ ਵੱਡੀ ਖੂਬੀ ਜੋ ਉਹਦੀ ਅਮਿੱਟ ਪ੍ਰਸਿੱਧੀ ਦੇ ਪਿੱਛੇ ਮੌਜੂਦ ਹੈ, ਕੁਝ ਹੋਰ ਈ ਏ।"

"ਕਿਹੜੀ ਖੂਬੀ ਏ?"

"ਉਹ ਇਕ ਅਵਾਰਾਗਰਦ ਹੈ।"

"ਅਵਾਰਾਗਰਦ?"

"ਹਾਂ, ਉਹ ਇਕ ਅਵਾਰਾਗਰਦ ਹੈ ਜੀਹਨੇ ਅਵਾਰਾਗਰਦੀ ਨੂੰ ਆਪਣੇ ਜੀਵਨ ਦਾ ਮਨੋਰਥ ਬਣਾ ਲਿਆ ਹੈ। ਉਹ ਸਦਾ ਘੁੰਮਦਾ ਰਹਿੰਦਾ ਹੈ, ਕਦੇ ਕਸ਼ਮੀਰ ਦੀਆਂ ਠੰਡੀਆਂ ਘਾਟੀਆਂ ਵਿਚ ਹੁੰਦਾ ਹੈ ਤੇ ਕਦੇ ਮੁਲਤਾਨ ਦੇ ਤਪਦੇ ਮੈਦਾਨਾਂ ਵਿਚ, ਕਦੇ ਲੰਕਾ ਵਿਚ ਤੇ ਕਦੇ ਤਿੱਬਤ ਵਿਚ।"

ਅੰਮ੍ਰਿਤ ਕੌਰ ਦੀ ਦਿਲਚਸਪੀ ਵਧ ਗਈ, "ਪਰ ਉਹ ਕਰਦਾ ਕੀ ਏ?"

"ਉਹ ਗੀਤ ਇਕੱਠੇ ਕਰਦਾ ਏ, ਹਿੰਦੋਸਤਾਨ ਦੇ ਹਰ ਸੂਬੇ ਦੇ ਗੀਤ-ਪੰਜਾਬੀ, ਗੁਜਰਾਤੀ, ਮਰਾਠੀ, ਪਿਸ਼ੌਰੀ, ਕਸ਼ਮੀਰੀ, ਮਾਰਵਾੜੀ, ਹਿੰਦੋਸਤਾਨ ਵਿਚ ਜਿੰਨੀਆਂ ਵੀ ਬੋਲੀਆਂ ਬੋਲੀਆਂ ਜਾਂਦੀਆਂ ਹਨ, ਉਨ੍ਹਾਂ ਦੇ ਜਿੰਨੇ ਵੀ ਗੀਤ ਉਹਨੂੰ ਮਿਲਦੇ ਹਨ, ਉਹ ਇਕੱਠੇ ਕਰ ਲੈਂਦਾ ਹੈ।" "ਏਨੇ ਗੀਤ ਇਕੱਠੇ ਕਰਕੇ ਉਹ ਕੀ ਕਰੇਗਾ?" "ਕਿਤਾਬਾਂ ਛਾਪਦਾ ਹੈ, ਲੇਖ ਲਿਖਦਾ ਹੈ ਤਾਂ ਜੁ ਦੂਜੇ ਵੀ ਇਹ ਗੀਤ ਪੜ੍ਹ ਸਕਣ। ਕਈ ਅੰਗ੍ਰੇਜ਼ੀ ਰਸਾਲਿਆਂ ਵਿਚ ਉਹਦੇ ਲੇਖ ਛਪ ਚੁੱਕੇ ਹਨ। ਗੀਤ ਇਕੱਠੇ ਕਰਨਾ ਤੇ ਸਲੀਕੇ ਨਾਲ ਉਨ੍ਹਾਂ ਨੂੰ ਪੇਸ਼ ਕਰਨਾ ਕੋਈ ਮਾਮੂਲੀ ਕੰਮ ਨਹੀਂ। ਉਹ ਬਹੁਤ ਵੱਡਾ ਆਦਮੀ ਹੈ, ਸਮਝੀ, ਬਹੁਤ ਵੱਡਾ ਆਦਮੀ! ਤੇ ਵੇਖ, ਉਹਨੇ ਮੈਨੂੰ, ਕਿਹੋ ਜਿਹਾ ਖਤ ਲਿਖਿਐ।"

ਇਹ ਕਹਿ ਕੇ, ਜੋਗਿੰਦਰ ਸਿੰਘ ਨੇ ਆਪਣੀ ਪਤਨੀ ਨੂੰ ਉਹ ਪੱਤਰ ਪੜ੍ਹ ਕੇ ਸੁਣਾਇਆ ਜਿਹੜਾ ਹਰੇਂਦਰ ਨਾਥ ਤ੍ਰਿਪਾਠੀ ਨੇ ਆਪਣੇ ਪਿੰਡੋਂ ਉਹਨੂੰ ਭੇਜਿਆ ਸੀ। ਉਸ ਪੱਤਰ ਵਿਚ ਹਰੇਂਦਰ ਨਾਥ ਤ੍ਰਿਪਾਠੀ ਨੇ ਬੜੀ ਮਿੱਠੀ ਬੋਲੀ ਵਿਚ ਜੋਗਿੰਦਰ ਸਿੰਘ ਦੀਆਂ ਕਹਾਣੀਆਂ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਸੀ ਕਿ ਤੁਸੀਂ ਹਿੰਦੋਸਤਾਨ ਦੇ ਤਰੱਕੀਪਸੰਦ ਕਹਾਣੀਕਾਰ ਹੋ।

ਇਹ ਵਾਕ ਜੋਗਿੰਦਰ ਸਿੰਘ ਨੇ ਪੜ੍ਹ ਕੇ ਕਿਹਾ, "ਲੈ ਵੇਖ, ਤ੍ਰਿਪਾਠੀ ਸਾਹਿਬ ਵੀ ਲਿਖਦੇ ਨੇ ਕਿ ਮੈਂ ਤਰੱਕੀਪਸੰਦ ਹਾਂ।"



ਜੋਗਿੰਦਰ ਸਿੰਘ ਨੇ ਪੂਰਾ ਪੱਤਰ ਪੜ੍ਹਨ ਪਿਛੋਂ ਇਕ ਦੋ ਛਿਣ ਆਪਣੀ ਪਤਨੀ ਵਲ ਤੱਕਿਆ ਤੇ ਉਹਦਾ ਅਸਰ ਜਾਣਨ ਲਈ ਕਿਹਾ, "ਕਿਉਂ?" ਅੰਮ੍ਰਿਤ ਕੌਰ ਪਤੀ ਦੀ ਤਿੱਖੀ ਨਜ਼ਰ ਕਾਰਨ ਕੁਝ ਝੇਂਪ ਜਿਹੀ ਗਈ ਤੇ ਮੁਸਕਰਾ ਕੇ ਕਹਿਣ ਲੱਗੀ, "ਮੈਂ ਕੀ ਜਾਣਾਂ! ਵੱਡੇ ਆਦਮੀਆਂ ਦੀਆਂ ਗੱਲਾਂ ਵੱਡੇ ਆਦਮੀ ਹੀ ਸਮਝ ਸਕਦੇ ਨੇ।"

ਜੋਗਿੰਦਰ ਸਿੰਘ ਨੇ ਆਪਣੀ ਪਤਨੀ ਦੀ ਏਸ ਅਦਾ 'ਤੇ ਗਹੁ ਨਹੀਂ ਕੀਤਾ। ਉਹ ਅਸਲ ਵਿਚ ਹਰੇਂਦਰ ਨਾਥ ਤ੍ਰਿਪਾਠੀ ਨੂੰ ਆਪਣੇ ਘਰ ਬੁਲਾਉਣ ਤੇ ਉਹਨੂੰ ਕੁਝ ਦਿਨ ਠਹਿਰਾਉਣ ਬਾਰੇ ਸੋਚ ਰਿਹਾ ਸੀ, "ਅੰਮ੍ਰਿਤ ਮੈਂ ਕਹਿੰਦਾ ਹਾਂ, ਤ੍ਰਿਪਾਠੀ ਸਾਹਿਬ ਨੂੰ ਦਾਅਵਤ ਦੇ ਹੀ ਦਿੱਤੀ ਜਾਵੇ। ਕੀ ਖਿਆਲ ਹੈ ਤੇਰਾ... ਪਰ ਮੈਂ ਸੋਚਦਾ ਇਹ ਹਾਂ ਕਿ ਕੀ ਜਾਣਾਂ, ਉਹ ਕਿਤੇ ਇਨਕਾਰ ਹੀ ਨਾ ਕਰ ਦਏ। ਬਹੁਤ ਵੱਡਾ ਆਦਮੀ ਹੈ। ਹੋ ਸਕਦੈ ਉਹ ਸਾਡੀ ਏਸ ਦਾਅਵਤ ਨੂੰ ਖੁਸ਼ਾਮਦ ਸਮਝੇ।"

ਅਜਿਹੇ ਮੌਕਿਆਂ 'ਤੇ ਉਹ ਪਤਨੀ ਨੂੰ ਆਪਣੇ ਨਾਲ ਸ਼ਾਮਿਲ ਕਰ ਲਿਆ ਕਰਦਾ ਸੀ ਤਾਂ ਜੁ ਦਾਅਵਤ ਦਾ ਭਾਰ ਦੋ ਬੰਦਿਆਂ ਵਿਚ ਵੰਡਿਆ ਜਾਵੇ। ਇਸੇ ਲਈ ਜਦੋਂ ਉਹਨੇ 'ਸਾਡੀ' ਆਖਿਆ ਤਾਂ ਅੰਮ੍ਰਿਤ ਕੌਰ ਨੇ, ਜਿਹੜੀ ਆਪਣੇ ਪਤੀ ਵਾਂਗ ਬਹੁਤ ਭੋਲੀ ਸੀ, ਹਰੇਂਦਰ ਨਾਥ ਤ੍ਰਿਪਾਠੀ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਭਾਵੇਂ ਉਹਦਾ ਨਾਂ ਹੀ ਉਹਦੇ ਲਈ ਸਮਝੋਂ ਬਾਹਰ ਸੀ ਅਤੇ ਇਹ ਗੱਲ ਵੀ ਉਹਦੀ ਸਮਝ ਤੋਂ ਬਾਹਰ ਸੀ ਕਿ ਇਕ ਅਵਾਰਾਗਰਦ, ਗੀਤ ਇਕੱਠੇ ਕਰ ਕੇ, ਕਿਵੇਂ ਬਹੁਤ ਵੱਡਾ ਆਦਮੀ ਬਣ ਸਕਦਾ ਹੈ। ਜਦੋਂ ਉਹਨੂੰ ਇਹ ਦੱਸਿਆ ਗਿਆ ਸੀ ਕਿ ਤ੍ਰਿਪਾਠੀ ਗੀਤ ਇਕੱਠੇ ਕਰਦਾ ਹੈ ਤਾਂ ਉਹਨੂੰ ਆਪਣੇ ਪਤੀ ਦੀ ਇਕ ਗੱਲ ਯਾਦ ਆ ਗਈ ਕਿ ਵਲਾਇਤ ਵਿਚ ਲੋਕ ਤਿਤਲੀਆਂ ਫੜਨ ਦਾ ਕੰਮ ਕਰਦੇ ਹਨ ਤੇ ਇਸ ਤਰ੍ਹਾਂ ਕਾਫੀ ਪੈਸਾ ਕਮਾ ਲੈਂਦੇ ਹਨ। ਇਸੇ ਲਈ ਉਹਦਾ ਇਹ ਖਿਆਲ ਸੀ ਕਿ ਸ਼ਾਇਦ ਤ੍ਰਿਪਾਠੀ ਨੇ ਗੀਤ ਇਕੱਠੇ ਕਰਨ ਦਾ ਕੰਮ ਵਲਾਇਤ ਦੇ ਕਿਸੇ ਆਦਮੀ ਤੋਂ ਸਿੱਖਿਆ ਹੋਵੇਗਾ।

ਜੋਗਿੰਦਰ ਸਿੰਘ ਨੇ ਆਪਣਾ ਸ਼ੱਕ ਪ੍ਰਗਟਾਇਆ, "ਹੋ ਸਕਦੈ ਉਹ ਸਾਡੀ ਏਸ ਦਾਅਵਤ ਨੂੰ ਖੁਸ਼ਾਮਦ ਸਮਝ ਲਏ।"

"ਇਹਦੇ 'ਚ ਖੁਸ਼ਾਮਦ ਦੀ ਕਿਹੜੀ ਗੱਲ ਹੈ? ਹੋਰ ਵੀ ਤਾਂ ਕਈ ਵੱਡੇ ਆਦਮੀ ਸਾਡੇ ਘਰ ਆਉਂਦੇ ਨੇ। ਤੁਸੀਂ ਉਨ੍ਹਾਂ ਨੂੰ ਚਿੱਠੀ ਪਾ ਦਿਓ। ਮੇਰਾ ਖਿਆਲ ਹੈ ਕਿ ਉਹ ਤੁਹਾਡੀ ਦਾਅਵਤ ਜ਼ਰੂਰ ਕਬੂਲ ਕਰ ਲੈਣਗੇ। ਨਾਲੇ ਉਨ੍ਹਾਂ ਨੂੰ ਵੀ ਤਾਂ ਤੁਹਾਨੂੰ ਮਿਲਣ ਦਾ ਬਹੁਤ ਚਾਅ ਹੈ। ਹਾਂ, ਇਹ ਤਾਂ ਦੱਸੋ ਕੀ ਉਨ੍ਹਾਂ ਦੇ ਬਾਲ-ਬੱਚੇ ਹਨ?" "ਬਾਲ-ਬੱਚੇ!" ਜੋਗਿੰਦਰ ਸਿੰਘ ਉਠਿਆ। ਚਿੱਠੀ ਦਾ ਮਜ਼ਮੂਨ ਅੰਗ੍ਰੇਜ਼ੀ ਭਾਸ਼ਾ ਵਿਚ ਸੋਚਦਿਆਂ ਬੋਲਿਆ, "ਹੋਣਗੇ, ਜ਼ਰੂਰ ਹੋਣਗੇ। ਹਾਂ ਹਨ। ਮੈਂ ਉਨ੍ਹਾਂ ਦੇ ਇਕ ਲੇਖ ਵਿਚ ਪੜ੍ਹਿਆ ਸੀ, ਉਨ੍ਹਾਂ ਦੀ ਪਤਨੀ ਵੀ ਹੈ ਤੇ ਇਕ ਬੱਚੀ ਵੀ।"

ਇਹ ਕਹਿ ਕੇ ਉਹ ਉਠਿਆ, ਚਿੱਠੀ ਦਾ ਮਜ਼ਮੂਨ ਉਹਦੇ ਦਿਮਾਗ ਵਿਚ ਪੂਰਾ ਹੋ ਚੁੱਕਿਆ ਸੀ। ਦੂਜੇ ਕਮਰੇ ਵਿਚ ਜਾ ਕੇ ਉਹਨੇ ਛੋਟੇ ਸਾਈਜ਼ ਦਾ ਉਹ ਪੈਡ ਕਢਿਆ ਜਿਸ ਉਤੇ ਉਹ ਖਾਸ-ਖਾਸ ਆਦਮੀਆਂ ਨੂੰ ਚਿੱਠੀਆਂ ਲਿਖਿਆ ਕਰਦਾ ਸੀ ਅਤੇ ਹਰੇਂਦਰ ਨਾਥ ਤ੍ਰਿਪਾਠੀ ਦੇ ਨਾਂ ਉਰਦੂ ਵਿਚ ਦਾਅਵਤਨਾਮਾ ਲਿਖਿਆ। ਇਹ ਉਸ ਮਜ਼ਮੂਨ ਦਾ ਅਨੁਵਾਦ ਸੀ ਜਿਹੜਾ ਉਹਨੇ ਆਪਣੀ ਪਤਨੀ ਨਾਲ ਗੱਲ ਕਰਨ ਵੇਲੇ ਅੰਗ੍ਰੇਜ਼ੀ ਵਿਚ ਸੋਚਿਆ ਸੀ।

ਤੀਜੇ ਦਿਨ ਹਰੇਂਦਰ ਨਾਥ ਤ੍ਰਿਪਾਠੀ ਦਾ ਉਤਰ ਆ ਗਿਆ। ਜੋਗਿੰਦਰ ਸਿੰਘ ਨੇ ਧੜਕਦੇ ਦਿਲ ਨਾਲ ਲਫਾਫਾ ਖੋਲ੍ਹਿਆ। ਜਦੋਂ ਪੜ੍ਹਿਆ ਕਿ ਉਹਦੀ ਦਾਅਵਤ ਮਨਜ਼ੂਰ ਕਰ ਲਈ ਗਈ ਹੈ, ਉਹਦਾ ਦਿਲ ਹੋਰ ਵੀ ਤੇਜ਼ ਧੜਕਣ ਲੱਗਾ। ਪਤਨੀ ਅੰਮ੍ਰਿਤ ਕੌਰ ਧੁੱਪੇ ਆਪਣੇ ਛੋਟੇ ਬੱਚੇ ਦੇ ਕੇਸਾਂ ਵਿਚ ਦਹੀਂ ਪਾ ਕੇ ਮਲ ਰਹੀ ਸੀ ਕਿ ਉਹ ਲਫ਼ਾਫ਼ਾ ਫੜੀ ਉਹਦੇ ਕੋਲ ਆਇਆ।

"ਉਨ੍ਹਾਂ ਨੇ ਸਾਡੀ ਦਾਅਵਤ ਕਬੂਲ ਕਰ ਲਈ ਹੈ। ਲਿਖਦੇ ਨੇ ਕਿ ਉਹ ਲਾਹੌਰ ਵੈਸੇ ਵੀ ਕਿਸੇ ਜ਼ਰੂਰੀ ਕੰਮ ਆ ਰਹੇ ਸਨ। ਆਪਣੀ ਨਵੀਂ ਕਿਤਾਬ ਛਪਵਾਉਣਾ ਚਾਹੁੰਦੇ ਸਨ। ਤੇ ਹਾਂ, ਉਨ੍ਹਾਂ ਨੇ ਤੈਨੂੰ ਪ੍ਰਣਾਮ ਲਿਖਿਆ ਏ।"

ਅੰਮ੍ਰਿਤ ਕੌਰ ਨੂੰ ਇਸ ਖਿਆਲ ਤੋਂ ਬਹੁਤ ਖੁਸ਼ੀ ਹੋਈ ਕਿ ਏਡੇ ਵੱਡੇ ਆਦਮੀ ਨੇ ਜਿਸ ਦਾ ਕੰਮ ਗੀਤ ਇਕੱਠੇ ਕਰਨਾ ਹੈ, ਉਹਨੂੰ 'ਪ੍ਰਣਾਮ' ਭੇਜਿਆ ਹੈ। ਉਹਨੇ ਮਨ ਹੀ ਮਨ ਵਿਚ ਵਾਹਿਗੁਰੂ ਦਾ ਧੰਨਵਾਦ ਕੀਤਾ ਕਿ ਉਹਦਾ ਵਿਆਹ ਅਜਿਹੇ ਆਦਮੀ ਨਾਲ ਹੋਇਆ ਹੈ ਜਿਸ ਨੂੰ ਹਿੰਦੋਸਤਾਨ ਦਾ ਹਰ ਵੱਡਾ ਆਦਮੀ ਜਾਣਦਾ ਹੈ। ਸਿਆਲ ਦੀ ਰੁੱਤ ਸੀ, ਦਸੰਬਰ ਦੇ ਪਹਿਲੇ ਦਿਨ ਸਨ। ਜੋਗਿੰਦਰ ਸਿੰਘ ਸਵੇਰੇ ਸਤ ਵਜੇ ਜਾਗਿਆ ਪਰ ਦੇਰ ਤਕ ਬਿਸਤਰੇ ਵਿਚ ਹੀ ਅੱਖਾਂ ਖੋਹਲੀਂ ਲੰਮਾ ਪਿਆ ਰਿਹਾ-ਉਹਦੀ ਪਤਨੀ ਅੰਮ੍ਰਿਤ ਕੌਰ ਤੇ ਉਹਦਾ ਬੱਚਾ-ਦੋਵੇਂ ਰਜਾਈ ਵਿਚ ਲਿਪਟੇ ਲਾਗਲੇ ਮੰਜੇ ਉਤੇ ਪਏ ਸਨ। ਜੋਗਿੰਦਰ ਸਿੰਘ ਸੋਚਣ ਲੱਗਿਆ, 'ਤ੍ਰਿਪਾਠੀ ਸਾਹਬ ਨੂੰ ਮਿਲ ਕੇ ਕੇਡੀ ਖੁਸ਼ੀ ਹੋਵੇਗੀ। ਖੁਦ ਤ੍ਰਿਪਾਠੀ ਸਾਹਬ ਵੀ ਉਹਨੂੰ ਮਿਲ ਕੇ ਬਹੁਤ ਪ੍ਰਸੰਨ ਹੋਣਗੇ ਕਿਉਂ ਜੁ ਉਹ ਹਿੰਦੋਸਤਾਨ ਦਾ ਨੌਜਵਾਨ ਕਹਾਣੀਕਾਰ ਅਤੇ ਤਰੱਕੀਪਸੰਦ ਲੇਖਕ ਹੈ, ਤ੍ਰਿਪਾਠੀ ਸਾਹਿਬ ਨਾਲ ਉਹ ਹਰ ਵਿਸ਼ੇ ਉਤੇ ਗੱਲਬਾਤ ਕਰੇਗਾ, ਗੀਤਾਂ 'ਤੇ, ਪੇਂਡੂ ਬੋਲੀਆਂ 'ਤੇ, ਕਹਾਣੀਆਂ 'ਤੇ ਅਤੇ ਤਾਜ਼ਾ ਜੰਗੀ ਹਾਲਾਤ 'ਤੇ। ਉਹ ਉਨ੍ਹਾਂ ਨੂੰ ਦੱਸੇਗਾ ਕਿ ਇਕ ਕਲਰਕ ਹੁੰਦਿਆਂ ਵੀ ਉਹ ਕਿਵੇਂ ਵਧੀਆ ਕਹਾਣੀਕਾਰ ਬਣ ਸਕਿਆ। ਕੀ ਇਹ ਅਜੀਬ ਗੱਲ ਨਹੀਂ ਕਿ ਡਾਕਖਾਨੇ ਵਿਚ ਚਿੱਠੀਆਂ ਦੀ ਦੇਖਭਾਲ ਕਰਨ ਵਾਲਾ ਬੰਦਾ ਕਲਾਕਾਰ ਹੋਵੇ। ਜੋਗਿੰਦਰ ਸਿੰਘ ਨੂੰ ਇਸ ਗੱਲ ਦਾ ਬੜਾ ਮਾਣ ਸੀ ਕਿ ਡਾਕਖਾਨੇ ਵਿਚ ਮਜ਼ਦੂਰਾਂ ਵਾਂਗ-ਛੇ-ਸਤ ਘੰਟੇ ਕੰਮ ਕਰਨ ਪਿੱਛੋਂ ਵੀ ਉਹ ਏਨਾ ਵਕਤ ਕੱਢ ਲੈਂਦਾ ਹੈ ਕਿ ਇਕ ਮਾਸਕ ਰਸਾਲਾ ਸੰਪਾਦਤ ਕਰਦਾ ਹੈ ਅਤੇ ਦੋ-ਤਿੰਨ ਰਸਾਲਿਆਂ ਲਈ ਹਰ ਹਫਤੇ ਜਿਹੜੇ ਲੰਬੇ ਲੰਬੇ ਪੱਤਰ ਲਿਖੇ ਜਾਂਦੇ ਹਨ, ਉਹ ਵੱਖਰੇ। ਦੇਰ ਤਕ ਬਿਸਤਰੇ ਵਿਚ ਪਿਆ ਉਹ ਹਰੇਂਦਰ ਨਾਥ ਤ੍ਰਿਪਾਠੀ ਨਾਲ ਆਪਣੀ ਪਹਿਲੀ ਮੁਲਾਕਾਤ ਲਈ ਮਨ ਵਿਚ ਤਿਆਰੀਆਂ ਕਰਦਾ ਰਿਹਾ।

ਜੋਗਿੰਦਰ ਸਿੰਘ ਨੇ ਹਰੇਂਦਰ ਨਾਥ ਤ੍ਰਿਪਾਠੀ ਦੀਆਂ ਕਹਾਣੀਆਂ ਤੇ ਲੇਖ ਪੜ੍ਹੇ ਹੋਏ ਸਨ, ਉਹਦੀ ਫੋਟੋ ਵੇਖ ਕੇ ਉਹ ਆਮ ਤੌਰ 'ਤੇ ਇਹ ਮਹਿਸੂਸ ਕਰਦਾ ਸੀ ਕਿ ਉਹਨੇ ਉਸ ਬੰਦੇ ਨੂੰ ਚੰਗੀ ਤਰ੍ਹਾਂ ਜਾਣ ਲਿਆ ਹੈ। ਪਰ ਹਰੇਂਦਰ ਨਾਥ ਤ੍ਰਿਪਾਠੀ ਦੇ ਮਾਮਲੇ ਵਿਚ ਉਹਨੂੰ ਆਪਣੇ ਉੱਤੇ ਭਰੋਸਾ ਨਹੀਂ ਸੀ। ਉਹ ਆਖਦਾ ਸੀ ਕਿ ਹਰੇਂਦਰ ਨਾਥ ਤ੍ਰਿਪਾਠੀ ਉਹਦੇ ਲਈ ਬਿਲਕੁਲ ਅਜਨਬੀ ਹੈ-ਜੋਗਿੰਦਰ ਸਿੰਘ ਦੇ ਕਹਾਣੀਕਾਰ ਦਿਮਾਗ ਵਿਚ ਕਈ ਵਾਰ ਹਰੇਂਦਰ ਨਾਥ ਤ੍ਰਿਪਾਠੀ ਇਕ ਅਜਿਹੇ ਆਦਮੀ ਦੇ ਰੂਪ ਵਿਚ ਸਾਹਮਣੇ ਆਉਂਦਾ ਜੀਹਨੇ ਕੱਪੜਿਆਂ ਦੀ ਥਾਂ ਆਪਣੇ ਪਿੰਡੇ ਉਤੇ ਕਾਗਜ਼ ਲਪੇਟੇ ਹੋਏ ਹੋਣ, ਤੇ ਜਦੋਂ ਉਹ ਕਾਗਜ਼ਾਂ ਬਾਰੇ ਸੋਚਦਾ ਤਾਂ ਉਹਨੂੰ ਅਨਾਰਕਲੀ ਦੀ ਉਹ ਕੰਧ ਯਾਦ ਆ ਜਾਂਦੀ, ਜਿਸ ਉਤੇ ਸਿਨਮੇ ਦੇ ਇਸ਼ਤਿਹਾਰ ਏਡੀ ਵੱਡੀ ਗਿਣਤੀ ਵਿਚ ਇਕ ਦੂਜੇ 'ਤੇ ਚਿਪਕੇ ਹੋਏ ਸਨ ਕਿ ਕੰਧ ਉਪਰ ਇਕ ਹੋਰ ਕੰਧ ਬਣ ਗਈ ਸੀ। ਬਿਸਤਰੇ ਵਿਚ ਪਿਆ ਉਹ ਦੇਰ ਤਕ ਸੋਚਦਾ ਰਿਹਾ ਕਿ ਜੇ ਹਰੇਂਦਰ ਨਾਥ ਤ੍ਰਿਪਾਠੀ ਅਜਿਹਾ ਹੀ ਆਦਮੀ ਹੋਇਆ ਤਾਂ ਉਹਨੂੰ ਸਮਝ ਸਕਣਾ ਬੜਾ ਹੀ ਮੁਸ਼ਕਲ ਹੋਵੇਗਾ। ਪਰ ਫੇਰ ਉਹਨੂੰ ਆਪਣੀ ਸਿਆਣਪ ਦਾ ਖਿਆਲ ਆਇਆ, ਤੇ ਉਹਦੀਆਂ ਮੁਸ਼ਕਲਾਂ ਆਸਾਨ ਹੋ ਗਈਆਂ ਤੇ ਉਹ ਉਠ ਕੇ ਉਸ ਦੇ ਸਵਾਗਤ ਦੀਆਂ ਤਿਆਰੀਆਂ ਵਿਚ ਰੁਝ ਗਿਆ। ਤ੍ਰਿਪਾਠੀ ਨੇ ਲਿਖਿਆ ਸੀ ਕਿ ਉਹ ਆਪੀਂ ਜੋਗਿੰਦਰ ਸਿੰਘ ਦੇ ਘਰ ਪਹੁੰਚ ਜਾਏਗਾ ਕਿਉਂਜੁ ਉਹ ਫੈਸਲਾ ਨਹੀਂ ਕਰ ਸਕਿਆ ਕਿ ਉਹ ਲਾਰੀ ਰਾਹੀਂ ਆਏਗਾ ਜਾਂ ਟਰੇਨ ਰਾਹੀਂ। ਫੇਰ ਵੀ ਇਹ ਗੱਲ ਤਾਂ ਪੱਕੀ ਸੀ ਕਿ ਜੋਗਿੰਦਰ ਸਿੰਘ ਸੋਮਵਾਰ ਨੂੰ, ਡਾਕਖਾਨਿਓ ਛੁੱਟੀ ਲੈ ਕੇ ਸਾਰਾ ਦਿਨ ਆਪਣੇ ਮਹਿਮਾਨ ਨੂੰ ਉਡੀਕੇਗਾ। ਨਹਾ-ਧੋ ਤੇ ਕੱਪੜੇ ਬਦਲ ਕੇ ਜੋਗਿੰਦਰ ਸਿੰਘ ਦੇਰ ਤਕ ਰਸੋਈ ਵਿਚ ਆਪਣੀ ਪਤਨੀ ਕੋਲ ਬੈਠਾ ਰਿਹਾ। ਦੋਹਾਂ ਨੇ ਹੀ ਇਹ ਸੋਚ ਕੇ ਚਾਹ ਦੇਰ ਨਾਲ ਪੀਤੀ ਕਿ ਸ਼ਾਇਦ ਤ੍ਰਿਪਾਠੀ ਆ ਜਾਵੇ। ਪਰ ਜਦੋਂ ਤ੍ਰਿਪਾਠੀ ਦੇਰ ਤਕ ਨਾ ਆਇਆ ਤਾਂ ਉਨ੍ਹਾਂ ਨੇ ਕੇਕ, ਆਦਿ, ਸੰਭਾਲ ਕੇ ਅਲਮਾਰੀ ਵਿਚ ਰਖ ਦਿੱਤੇ ਤੇ ਕਾਲੀ ਚਾਹ ਪੀ ਕੇ ਮਹਿਮਾਨ ਨੂੰ ਉਡੀਕਣ ਲੱਗੇ। ਜਦੋਂ ਜੋਗਿੰਦਰ ਸਿੰਘ ਰਸੋਈ 'ਚੋਂ ਉਠ ਕੇ ਕਮਰੇ ਵਿਚ ਆਇਆ ਤੇ ਸ਼ੀਸ਼ੇ ਸਾਹਮਣੇ ਖੜੋ ਕੇ ਉਹਨੇ ਦਾੜ੍ਹੀ ਦੇ ਵਾਲਾਂ ਵਿਚ ਲੋਹੇ ਦੇ ਛੋਟੇ ਛੋਟੇ ਕਲਿਪ ਲਾਉਣੇ ਆਰੰਭੇ ਤਾਂ ਜੁ ਵਾਲ ਜੰਮ ਜਾਣ ਤਾਂ ਬੂਹਾ ਖੜਕਿਆ।

ਹੁਣ ਖੁਲ੍ਹੀ ਦਾੜ੍ਹੀ ਨਾਲ, ਓਸੇ ਹਾਲ ਵਿਚ ਉਹਨੇ ਡਿਉੜ੍ਹੀ ਦਾ ਦਰਵਾਜ਼ਾ ਖੋਲ੍ਹਿਆ। ਜਿਵੇਂ ਕਿ ਉਹਨੂੰ ਮਲੂਮ ਸੀ, ਸਭ ਤੋਂ ਪਹਿਲਾਂ ਉਹਦੀ ਨਜ਼ਰ ਹਰੇਂਦਰ ਨਾਥ ਤ੍ਰਿਪਾਠੀ ਦੀ ਕਾਲੀ ਸੰਘਣੀ ਦਾੜ੍ਹੀ 'ਤੇ ਪਈ ਜਿਹੜੀ ਉਹਦੀ ਆਪਣੀ ਦਾੜ੍ਹੀ ਨਾਲੋਂ ਵੀਹ ਗੁਣਾਂ ਵੱਡੀ ਸੀ, ਸਗੋਂ ਇਸ ਤੋਂ ਵੀ ਕੁਝ ਵਧੇਰੇ।

ਤ੍ਰਿਪਾਠੀ ਦੇ ਬੁਲ੍ਹਾਂ ਉਤੇ ਜਿਹੜੇ ਵੱਡੀਆਂ ਵੱਡੀਆਂ ਮੁੱਛਾਂ ਵਿਚ ਲੁਕੇ ਹੋਏ ਸਨ, ਮੁਸਕਰਾਹਟ ਪ੍ਰਗਟ ਹੋਈ। ਉਹਦੀ ਅੱਖ ਜਿਹੜੀ ਰਤਾ ਕੁ ਟੇਢੀ ਸੀ ਥੋੜ੍ਹੀ ਹੋਰ ਟੇਢੀ ਹੋ ਗਈ। ਉਹਨੇ ਆਪਣੀਆਂ ਲੰਮੀਆਂ ਲੰਮੀਆਂ ਲਿਟਾਂ ਨੂੰ ਇਕ ਪਾਸੇ ਕਰ ਕੇ ਆਪਣਾ ਹੱਥ, ਜੋ ਕਿਸੇ ਕਿਸਾਨ ਦਾ ਹੱਥ ਜਾਪਦਾ ਸੀ, ਜੋਗਿੰਦਰ ਸਿੰਘ ਵੱਲ ਵਧਾਇਆ। ਜੋਗਿੰਦਰ ਸਿੰਘ ਨੇ ਤ੍ਰਿਪਾਠੀ ਦੇ ਹੱਥ ਦੀ ਮਜ਼ਬੂਤ ਪਕੜ ਮਹਿਸੂਸ ਕੀਤੀ ਤੇ ਉਹਨੂੰ ਤ੍ਰਿਪਾਠੀ ਦਾ ਚਮੜੇ ਦਾ ਥੈਲਾ ਦਿੱਸਿਆ ਜਿਹੜਾ ਕਿਸੇ ਗਰਭਵਤੀ ਤੀਵੀਂ ਦੇ ਢਿੱਡ ਵਾਂਗ ਫੁੱਲਿਆ ਹੋਇਆ ਸੀ ਤਾਂ ਉਹ ਬੜਾ ਪ੍ਰਭਾਵਿਤ ਹੋਇਆ ਤੇ ਕੇਵਲ ਇਹ ਹੀ ਆਖ ਸਕਿਆ, "ਤ੍ਰਿਪਾਠੀ ਜੀ, ਤੁਹਾਨੂੰ ਮਿਲ ਕੇ ਡਾਢੀ ਪ੍ਰਸੰਨਤਾ ਹੋਈ।" ਤ੍ਰਿਪਾਠੀ ਨੂੰ ਆਇਆਂ ਪੰਦਰਾਂ ਦਿਨ ਹੋ ਗਏ ਸਨ-ਉਹਦੇ ਪਧਾਰਨ ਦੇ ਤੀਜੇ ਹੀ ਦਿਨ ਉਹਦੀ ਪਤਨੀ ਤੇ ਬੱਚੀ ਵੀ ਆ ਗਏ। ਦੋਵੇਂ ਤ੍ਰਿਪਾਠੀ ਦੇ ਨਾਲ ਹੀ ਪਿੰਡੋਂ ਆਏ ਸਨ ਪਰ ਦੋ ਦਿਨ ਲਈ ਆਪਣੇ ਕਿਸੇ ਦੂਰ ਦੇ ਰਿਸ਼ਤੇਦਾਰ ਕੋਲ ਠਹਿਰ ਗਏ ਸਨ ਪਰ ਤ੍ਰਿਪਾਠੀ ਨੇ ਉਨ੍ਹਾਂ ਦਾ ਉਸ ਰਿਸ਼ਤੇਦਾਰ ਕੋਲ ਬਹੁਤਾ ਚਿਰ ਰੁਕਣਾ ਠੀਕ ਨਹੀਂ ਸੀ ਸਮਝਿਆ, ਇਸ ਲਈ ਉਹਨੇ ਪਤਨੀ ਤੇ ਬੱਚੀ ਨੂੰ ਆਪਣੇ ਹੀ ਕੋਲ ਸੱਦ ਭੇਜਿਆ ਸੀ।

ਤ੍ਰਿਪਾਠੀ ਆਪਣੇ ਨਾਲ ਛੁਟ ਏਸ ਫੁੱਲੇ ਹੋਏ ਥੈਲੇ ਦੇ ਕੁਝ ਵੀ ਨਹੀਂ ਸੀ ਲਿਆਇਆ। ਸਿਆਲ ਦੀ ਰੁੱਤ ਸੀ, ਇਸ ਲਈ ਦੋਵੇਂ ਕਹਾਣੀਕਾਰ ਇਕੋ ਬਿਸਤਰੇ ਵਿਚ ਸੌਂਦੇ। ਤ੍ਰਿਪਾਠੀ ਦੀ ਪਤਨੀ ਆਪਣੇ ਨਾਲ ਕੇਵਲ ਇਕ ਕੰਬਲ ਹੀ ਲਿਆਈ ਸੀ ਜਿਹੜਾ ਮਾਂ ਤੇ ਧੀ ਲਈ ਵੀ ਕਾਫੀ ਨਹੀਂ ਸੀ। ਪਹਿਲੇ ਚਾਰ ਦਿਨ ਬੜੀਆਂ ਦਿਲਚਸਪ ਗੱਲਾਂ ਕਰਦਿਆਂ ਬੀਤ ਗਏ। ਤ੍ਰਿਪਾਠੀ ਤੋਂ ਆਪਣੀ ਕਹਾਣੀਆਂ ਦੀ ਪ੍ਰਸ਼ੰਸਾ ਸੁਣ ਕੇ ਜੋਗਿੰਦਰ ਸਿੰਘ ਬੜਾ ਖੁਸ਼ ਹੋਇਆ। ਉਹਨੇ ਆਪਣੀ ਇਕ ਕਹਾਣੀ ਜਿਹੜੀ ਅਜੇ ਛਪੀ ਨਹੀਂ ਸੀ, ਸੁਣਾਈ ਜਿਸ ਦੀ ਤ੍ਰਿਪਾਠੀ ਨੇ ਰੱਜ ਕੇ ਪ੍ਰਸੰਸਾ ਕੀਤੀ। ਦੋ ਅਧੂਰੀਆਂ ਕਹਾਣੀਆਂ ਵੀ ਸੁਣਾਈਆਂ। ਇਨ੍ਹਾਂ ਬਾਰੇ ਵੀ ਤ੍ਰਿਪਾਠੀ ਨੇ ਚੰਗੀ ਰਾਏ ਪ੍ਰਗਟਾਈ।

ਤਰੱਕੀਪਸੰਦ ਸਾਹਿਤ ਬਾਰੇ ਚਰਚਾ ਵੀ ਹੁੰਦੀ ਰਹੀ। ਦੂਜੇ ਕਹਾਣੀਕਾਰਾਂ ਦੀ ਕਲਾ ਦੇ ਦੋਸ਼ ਕਢੇ ਗਏ, ਨਵੀਂ ਤੇ ਪੁਰਾਣੀ ਸ਼ਾਇਰੀ ਦਾ ਮੁਕਾਬਲਾ ਕੀਤਾ ਗਿਆ। ਗੱਲ ਕੀ, ਇਹ ਚਾਰ ਦਿਨ ਬੜੇ ਚੰਗੇ ਬੀਤੇ ਅਤੇ ਜੋਗਿੰਦਰ ਸਿੰਘ ਹਰ ਪੱਖੋਂ ਤ੍ਰਿਪਾਠੀ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ। ਤ੍ਰਿਪਾਠੀ ਦਾ ਬੋਲਣ-ਚਾਲਣ ਦਾ ਢੰਗ, ਜਿਸ ਵਿਚ ਇਕੋ-ਵੇਲੇ ਬਚਪਨਾ ਤੇ ਬਜ਼ੁਰਗੀ ਸ਼ਾਮਿਲ ਸਨ, ਉਸ ਨੂੰ ਬੜਾ ਚੰਗਾ ਲਗਿਆ। ਤ੍ਰਿਪਾਠੀ ਦੀ ਲੰਮੀ ਦਾੜ੍ਹੀ ਉਹਦੇ ਵਿਚਾਰਾਂ ਉਤੇ ਛਾ ਗਈ। ਤ੍ਰਿਪਾਠੀ ਦੀਆਂ ਕਾਲੀਆਂ ਕਾਲੀਆਂ ਲਿਟਾਂ ਜਿਨ੍ਹਾਂ ਵਿਚ ਪੇਂਡੂ ਗੀਤਾਂ ਦੀ ਰਵਾਨੀ ਸੀ, ਹਰ ਵੇਲੇ ਉਹਦੇ ਸਾਹਮਣੇ ਰਹਿਣ ਲੱਗੀਆਂ। ਡਾਕਖਾਨੇ 'ਚ ਚਿੱਠੀਆਂ ਦੀ ਦੇਖਭਾਲ ਦੌਰਾਨ ਵੀ ਤ੍ਰਿਪਾਠੀ ਦੀਆਂ ਇਹ ਲਿਟਾਂ ਜੋਗਿੰਦਰ ਸਿੰਘ ਨੂੰ ਨਹੀਂ ਸਨ ਭੁੱਲੀਆਂ। ਚਹੁੰਆਂ ਦਿਨਾਂ ਵਿਚ ਤ੍ਰਿਪਾਠੀ ਨੇ ਜੋਗਿੰਦਰ ਸਿੰਘ ਨੂੰ ਮੋਹ ਲਿਆ। ਉਹ ਉਸ ਦਾ ਪ੍ਰਸ਼ੰਸਕ ਹੋ ਗਿਆ। ਉਹਦੀ ਟੇਢੀ ਅੱਖ ਵੀ ਉਹਨੂੰ ਸੋਹਣੀ ਲੱਗਣ ਲਗੀ, ਸਗੋਂ ਉਹਨੇ ਸੋਚਿਆ, "ਜੇ ਉਨ੍ਹਾਂ ਦੀਆਂ ਅੱਖਾਂ ਵਿਚ ਟੇਢਾਪਨ ਨਾ ਹੁੰਦਾ ਤਾਂ ਉਨ੍ਹਾਂ ਦੇ ਚਿਹਰੇ 'ਤੇ ਇਹ ਬਜ਼ੁਰਗੀ ਕਦੇ ਵੀ ਪ੍ਰਗਟਨਹੀਂ ਸੀ ਹੋਣੀ।"

ਤ੍ਰਿਪਾਠੀ ਦੇ ਵੱਡੇ ਵੱਡੇ ਬੁੱਲ੍ਹ ਜਦੋਂ ਉਹਦੀਆਂ ਸੰਘਣੀਆਂ ਮੁੱਛਾਂ ਦੇ ਪਿੱਛੇ ਹਿਲਦੇ ਤਾਂ ਜੋਗਿੰਦਰ ਸਿੰਘ ਨੂੰ ਮਹਿਸੂਸ ਹੁੰਦਾ ਜਿਵੇਂ ਝਾੜੀਆਂ ਵਿਚ ਪੰਖੇਰੂ ਬੋਲ ਰਹੇ ਹੋਣ। ਤ੍ਰਿਪਾਠੀ ਸਹਿਜੇ ਸਹਿਜੇ ਸੋਚਦਾ ਸੀ। ਬੋਲਦਿਆਂ ਜਦੋਂ ਉਹ ਆਪਣੀ ਦਾੜ੍ਹੀ ਉਤੇ ਹੱਥ ਫੇਰਦਾ ਤਾਂ ਜੋਗਿੰਦਰ ਸਿੰਘ ਦੇ ਦਿਲ ਨੂੰ ਬੜਾ ਸੁਖ ਮਿਲਦਾ-ਉਹ ਸਮਝਦਾ ਕਿ ਉਹਦੇ ਦਿਲ ਉਤੇ ਪਿਆਰ ਨਾਲ ਹੱਥ ਫੇਰਿਆ ਜਾ ਰਿਹਾ ਹੈ। ਚਾਰ ਦਿਨ ਜੋਗਿੰਦਰ ਸਿੰਘ ਅਜਿਹੀ ਹੀ ਫ਼ਿਜ਼ਾ ਵਿਚ ਜੀਵਿਆ-ਏਸ ਫਿਜ਼ਾ ਨੂੰ ਜੇ ਉਹ ਆਪਣੀ ਕਿਸੇ ਕਹਾਣੀ ਵਿਚ ਬਿਆਨ ਕਰਨਾ ਚਾਹੁੰਦਾ ਤਾਂ ਨਹੀਂ ਸੀ ਕਰ ਸਕਦਾ। ਪੰਜਵੇਂ ਦਿਨ ਤ੍ਰਿਪਾਠੀ ਨੇ ਚਾਣਚਕ ਆਪਣਾ ਚਮੜੇ ਦਾ ਥੈਲਾ ਖੋਲ੍ਹਿਆ, ਢੇਰ ਸਾਰੀਆਂ ਕਹਾਣੀਆਂ ਕਢੀਆਂ ਅਤੇ ਜੋਗਿੰਦਰ ਸਿੰਘ ਨੂੰ ਸੁਣਾਉਣੀਆਂ ਅਰੰਭ ਦਿੱਤੀਆਂ। ਤ੍ਰਿਪਾਠੀ ਨਿਰੰਤਰ ਦਸ ਦਿਨ ਆਪਣੀਆਂ ਕਹਾਣੀਆਂ ਸੁਣਾਉਂਦਾ ਰਿਹਾ। ਏਸ ਦੌਰਾਨ ਉਹਨੇ ਜੋਗਿੰਦਰ ਸਿੰਘ ਨੂੰ ਕਈ ਕਿਤਾਬਾਂ ਸੁਣਾ ਦਿੱਤੀਆਂ। ਜੋਗਿੰਦਰ ਸਿੰਘ ਤੰਗ ਪੈ ਗਿਆ। ਉਹ ਕਹਾਣੀਆਂ ਨੂੰ ਨਫਰਤ ਕਰਨ ਲੱਗਿਆ। ਤ੍ਰਿਪਾਠੀ ਦਾ ਚਮੜੇ ਦਾ ਥੈਲਾ ਜਿਸ ਦਾ ਢਿੱਡ ਬਾਣੀਏ ਦੀ ਤੌਂਦ ਵਾਂਗ ਫੁੱਲਿਆ ਹੋਇਆ ਸੀ, ਉਹਦੇ ਲਈ ਇਕ ਸੰਤਾਪ ਬਣ ਗਿਆ। ਰੋਜ਼ ਸ਼ਾਮੀਂ ਡਾਕਖਾਨੇ ਤੋਂ ਮੁੜਦਿਆਂ ਉਹਨੂੰ ਇਹ ਭੈ ਖਾਂਦਾ ਰਹਿੰਦਾ ਕਿ ਘਰ ਕਦਮ ਰਖਦਿਆਂ ਹੀ ਉਹਨੂੰ ਤ੍ਰਿਪਾਠੀ ਦਾ ਸਾਹਮਣਾ ਕਰਨਾ ਪਏਗਾ। ਏਧਰ ਓਧਰ ਦੀਆਂ ਇਕ-ਦੋ ਗੱਲਾਂ ਹੋਣਗੀਆਂ, ਫੇਰ ਉਹੋ ਚਮੜੇ ਦਾ ਥੈਲਾ ਖੁਲ੍ਹੇਗਾ ਤੇ ਉਹਨੂੰ ਇਕ ਜਾਂ ਦੋ ਲੰਮੀਆਂ ਕਹਾਣੀਆਂ ਸੁਣਨੀਆਂ ਪੈਣਗੀਆਂ।

ਜੋਗਿੰਦਰ ਸਿੰਘ ਤਰੱਕੀਪਸੰਦ ਕਹਾਣੀਕਾਰ ਸੀ। ਜੇ ਤਰੱਕੀਪਸੰਦੀ ਉਹਦੇ ਅੰਦਰ ਨਾ ਹੁੰਦੀ ਤਾਂ ਉਹਨੇ ਤ੍ਰਿਪਾਠੀ ਨੂੰ ਸਾਫ ਆਖ ਦੇਣਾ ਸੀ, 'ਬਸ ਬਸ ਤ੍ਰਿਪਾਠੀ ਸਾਹਿਬ, ਬਸ ਬਸ਼... ਹੁਣ ਮੇਰੇ ਵਿਚ ਤੁਹਾਡੀਆਂ ਕਹਾਣੀਆਂ ਸੁਣਨ ਦੀ ਸ਼ਕਤੀ ਨਹੀਂ ਰਹੀ।" ਪਰ ਉਹ ਸੋਚਦਾ, "ਨਹੀਂ ਨਹੀਂ, ਮੈਂ ਤਰੱਕੀਪਸੰਦ ਹਾਂ, ਮੈਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ। ਅਸਲ ਵਿਚ ਇਹ ਤਾਂ ਮੇਰੀ ਆਪਣੀ ਕਮਜ਼ੋਰੀ ਹੈ ਕਿ ਉਨ੍ਹਾਂ ਦੀਆਂ ਕਹਾਣੀਆਂ ਹੁਣ ਮੈਨੂੰ ਚੰਗੀਆਂ ਨਹੀਂ ਲਗਦੀਆਂ। ਇਨ੍ਹਾਂ ਵਿਚ ਕੋਈ ਨਾ ਕੋਈ ਖੂਬੀ ਜ਼ਰੂਰ ਹੋਵੇਗੀ। ਇਸ ਲਈ ਕਿ ਉਨ੍ਹਾਂ ਦੀਆਂ ਪਹਿਲੀਆਂ ਕਹਾਣੀਆਂ ਮੈਨੂੰ ਖੂਬੀਆਂ ਨਾਲ ਭਰੀਆਂ ਦਿਸਦੀਆਂ ਸਨ, ਮੈਂ...ਮੈਂ ਹੁਣ ਪਖਪਾਤੀ ਹੋ ਗਿਆ ਹਾਂ।"

ਇਕ ਹਫਤੇ ਤੋਂ ਵਧੇਰੇ ਸਮੇਂ ਤੱਕ ਜੋਗਿੰਦਰ ਸਿੰਘ ਦੇ ਤਰੱਕੀਪਸੰਦ ਦਿਮਾਗ ਵਿਚ ਇਹ ਖਿੱਚੋਤਾਣ ਜਾਰੀ ਰਹੀ-ਉਹ ਸੋਚ ਸੋਚ ਕੇ ਉਸ ਹੱਦ 'ਤੇ ਪੁਜ ਗਿਆ ਜਿਥੇ ਸੋਚ-ਵਿਚਾਰ ਹੋ ਹੀ ਨਹੀਂ ਸਕਦੀ। ਉਹਦੇ ਮਨ ਵਿਚ ਭਾਂਤ ਭਾਂਤ ਦੇ ਵਿਚਾਰ ਉਪਜਦੇ। ਉਹ ਠੀਕ ਤਰ੍ਹਾਂ ਉਨ੍ਹਾਂ ਦੀ ਪਰਖ ਪੜਤਾਲ ਨਾ ਕਰ ਸਕਦਾ। ਉਹਦੀ ਮਾਨਸਿਕ ਹਫੜਾ-ਦਫੜੀ ਸਹਿਜੇ ਸਹਿਜੇ ਵਧਦੀ ਗਈ ਤੇ ਉਹ ਇੰਜ ਮਹਿਸੂਸ ਕਰਨ ਲੱਗਿਆ ਜਿਵੇਂ ਇਕ ਬਹੁਤ ਵੱਡਾ ਮਕਾਨ ਹੋਵੇ ਜਿਸ ਵਿਚ ਬੇਅੰਤ ਬਾਰੀਆਂ ਹੋਣ, ਉਸ ਮਕਾਨ ਵਿਚ ਉਹ ਇਕੱਲਾ ਹੈ ਅਤੇ ਹਨੇਰੀ ਆ ਗਈ ਹੈ। ਕਦੇ ਇਸ ਬਾਰੀ ਦੇ ਤਖ਼ਤੇ ਵੱਜਦੇ ਹਨ ਕਦੇ ਉਸ ਬਾਰੀ ਦੇ ਤੇ ਉਹਨੂੰ ਸਮਝ ਨਹੀਂ ਆ ਰਹੀ ਕਿ ਉਹ ਏਨੀਆਂ ਬਾਰੀਆਂ ਨੂੰ ਇਕੋ ਵੇਲੇ ਕਿਵੇਂ ਬੰਦ ਕਰੇ। ਹੁਣ ਤ੍ਰਿਪਾਠੀ ਨੂੰ ਆਏ ਨੂੰ ਵੀਹ ਦਿਨ ਹੋ ਗਏ ਸਨ ਤੇ ਜੋਗਿੰਦਰ ਸਿੰਘ ਬੇਚੈਨ ਰਹਿਣ ਲਗਿਆ ਸੀ।

# ਖ਼ੁਸ਼ਹਾਲ ਸੂਬਾ ਰਿਹਾ ਪੰਜਾਬ ਕਰਜ਼ੇ ਨੇ ਦੱਬ ਲਿਆ

## ਪੰਜਾਬ ਦੀ ਕੁੱਲ ਆਮਦਨ ਤੋਂ ਸਾਢੇ ਤਿੰਨ ਗੁਣਾ ਜ਼ਿਆਦਾ ਕਰਜ਼ਾ, ਸਰਕਾਰ ਚਲਾਉਣੀ ਹੀ ਵੱਡੀ ਚੁਣੌਤੀ

ਚੰਡੀਗੜ- ਇਹ ਸਵਾਲ ਲਗਾਤਾਰ ਪੰਜਾਬ ਦੀਆਂ ਸਿਆਸੀ ਸਫ਼ਾਂ ਅਤੇ ਆਮ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਹੈ ਕਿ ਜੋ ਪੰਜਾਬ ਕਿਸੇ ਸਮੇਂ ਖ਼ੁਸ਼ਹਾਲ ਸੀ, ਉਹ ਕਰਜ਼ੇ ਦੀ ਦਲਦਲ ਵਿੱਚ ਕਿਵੇਂ ਧੱਸਦਾ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਕਸਰ ਆਖਦੇ ਹਨ ਕਿ ਉਨ੍ਹਾਂ ਨੂੰ ਵਿਰਾਸਤ ਵਿੱਚ ਹੀ ਕਰਜ਼ਾ ਮਿਲਿਆ ਹੈ, ਇਸ ਕਰਕੇ ਜਿੱਥੇ ਉਹ ਪੁਰਾਣੇ ਕਰਜ਼ੇ ਨੂੰ ਤਾਰ ਰਹੇ ਹਨ, ਉੱਥੇ ਹੀ ਸੂਬੇ ਦੇ ਖ਼ਜ਼ਾਨੇ ਨੂੰ ਭਰਨ ਦੀ ਵੀ ਕੋਸ਼ਿਸ਼ ਕਰ ਰਹੇ ਹਨ। ਮਾਰਚ ਵਿੱਚ ਸੂਬੇ ਦਾ ਸਾਲਾਨਾ ਬਜਟ ਪੇਸ਼ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਵਿੱਤੀ ਸਾਲ 2024-25 ਦੇ ਅੰਤ ਤੱਕ ਪੰਜਾਬ ਦਾ ਕਰਜ਼ਾ 3.74 ਲੱਖ ਕਰੋੜ ਰੁਪਏ ਨੂੰ ਛੂਹ ਜਾਣ ਦਾ ਅਨੁਮਾਨ ਲਗਾਇਆ ਸੀ, ਜੋ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀਡੀਪੀ) ਦਾ 46 ਫ਼ੀਸਦੀ ਤੋਂ ਵੱਧ ਬਣਦਾ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੀ ਕੁੱਲ ਆਮਦਨ ਤੋਂ ਸਾਢੇ ਤਿੰਨ ਗੁਣਾ ਜ਼ਿਆਦਾ ਕਰਜ਼ਾ ਹੈ। ਅੰਕੜਿਆਂ ਦੇ ਹਿਸਾਬ ਨਾਲ ਪੰਜਾਬ ਦੀ ਕੁੱਲ ਆਬਾਦੀ ਨੂੰ ਤਿੰਨ ਲੱਖ ਕਰੋੜ ਤੋਂ ਵੱਧ ਨਾਲ ਵੰਡੀਏ ਤਾਂ ਹਰ ਪੰਜਾਬੀ ਦੇ ਸਿਰ ਲਗਭਗ ਕਰੀਬ 1 ਲੱਖ ਰੁਪਏ ਤੋਂ ਜ਼ਿਆਦਾ ਦਾ ਕਰਜ਼ਾ ਹੈ। ਸਥਿਤੀ ਇਹ ਹੈ ਕਿ ਰਾਜ ਸਰਕਾਰ ਨੂੰ ਖ਼ਰਚੇ ਦੀ ਪੂਰਤੀ ਲਈ ਹੋਰ ਕਰਜ਼ਾ ਚੁੱਕਣਾ ਪੈ ਰਿਹਾ ਹੈ ਜਦਕਿ ਮਾਲੀਆ ਵਸੂਲੀ ਦਾ ਵੱਡਾ ਹਿੱਸਾ ਤਨਖ਼ਾਹਾਂ, ਪੈਨਸ਼ਨ, ਕਰਜ਼ੇ ਦੇ ਭੁਗਤਾਨ ਅਤੇ ਬਿਜਲੀ ਸਬਸਿਡੀਆਂ ਵਿੱਚ ਲੱਗ ਰਿਹਾ ਹੈ। ਆਰਥਿਕ ਮਾਹਰਾਂ ਅਨੁਸਾਰ ਇਸ ਸਥਿਤੀ ਵਿੱਚ ਵਿਕਾਸ ਦੇ ਵੱਡੇ ਕਾਰਜਾਂ ਲਈ ਸਰਕਾਰ ਕੋਲ ਬਹੁਤਾ ਕੁਝ ਨਹੀਂ ਬਚਦਾ। ਪੰਜਾਬ ਦੇ ਵਿੱਤੀ ਸੰਕਟ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਪਹਿਲਾਂ ਹੀ 16ਵੇਂ ਵਿੱਤ ਕਮਿਸ਼ਨ ਤੋਂ 1.32 ਲੱਖ ਕਰੋੜ ਰੁਪਏ ਦੇ ਵਿਸ਼ੇਸ਼ ਪੈਕੇਜ ਦੀ ਮੰਗ ਕਰ ਚੁੱਕੀ ਹੈ।



ਆਰਥਿਕ ਮਾਹਰ ਕਹਿੰਦੇ ਹਨ ਕਿ ਕੇਂਦਰ ਉਸ ਸੂਬੇ ਨੂੰ ਵਿੱਤੀ ਸਹਾਇਤਾ ਕਿਉਂ ਦੇਵੇਗਾ ਜੋ ਮੁਫ਼ਤ ਦੀਆਂ ਸਹੂਲਤਾਂ ਲੋਕਾਂ ਨੂੰ ਦੇ ਕੇ ਆਪਣੇ ਖ਼ਜ਼ਾਨੇ ਨੂੰ ਕਮਜ਼ੋਰ ਕਰ ਰਿਹਾ ਹੋਵੇ। ਹਾਲਾਂਕਿ, ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਸੂਬੇ ਦੀ ਆਰਥਿਕਤਾ ਸਹੀ ਦਿਸ਼ਾ ਵੱਲ ਵੱਧ ਰਹੀ ਹੈ ਅਤੇ ਜਿੱਥੇ ਇੱਕ ਪਾਸੇ ਟੈਕਸ ਚੋਰੀ ਨੂੰ ਰੋਕਿਆ ਗਿਆ ਹੈ, ਉੱਥੇ ਹੀ ਜੀ.ਐੱਸ.ਟੀ., ਐਕਸਾਈਜ਼ ਅਤੇ ਵੈਲਿਊ ਐਡਿਡ ਟੈਕਸ (ਵੈਟ) ਰਾਹੀਂ ਸੂਬੇ ਦੀ ਆਮਦਨ ਵਿੱਚ ਵਾਧਾ ਹੋ ਰਿਹਾ ਹੈ। ਅਗਸਤ (2024) ਮਹੀਨੇ ਵਿੱਚ ਭਾਜਪਾ ਦੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਪੰਜਾਬ ਸਿਰ ਚੜ੍ਹੇ ਕਰਜ਼ੇ ਸਬੰਧੀ ਕੇਂਦਰੀ ਵਿੱਤ ਮੰਤਰੀ ਤੋਂ ਸਦਨ ਵਿੱਚ ਜਵਾਬ ਮੰਗਿਆ ਸੀ। ਜਿਸ ਦੇ ਜਵਾਬ ਵਿੱਚ ਕੇਂਦਰੀ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਦੱਸਿਆ ਸੀ ਕਿ 2024 ਦੇ ਬਜਟ ਅਨੁਮਾਨਾਂ ਵਿੱਚ ਇਸ ਦੇ 3.51 ਲੱਖ ਕਰੋੜ ਰੁਪਏ ਤੱਕ ਪਹੁੰਚਣ ਦਾ ਅੰਦਾਜ਼ਾ ਹੈ। ਕੇਂਦਰੀ ਵਿੱਤ ਮੰਤਰਾਲੇ ਦੇ ਮੁਤਾਬਕ ਪੰਜਾਬ ਸਿਰ 2020 ਵਿੱਚ 2,29,629 ਲੱਖ ਕਰੋੜ ਦਾ ਕਰਜ਼ਾ ਸੀ, ਪੰਜਾਬ ਸਾਲ 2021 ਵਿੱਚ 2,59,266.00 ਲੱਖ ਕਰੋੜ, 2022 ਵਿੱਚ 2,84,923.20 ਲੱਖ ਕਰੋੜ ਅਤੇ 2023 ਵਿੱਚ 3,16,346.10 ਲੱਖ ਕਰੋੜ ਦਾ ਕਰਜ਼ਈ ਸੀ। ਇਸ ਤਰ੍ਹਾਂ 2024 ਵਿੱਚ ਕਰਜ਼ਾ 3,51,130.20 ਲੱਖ ਕਰੋੜ ਤੱਕ ਪਹੁੰਚਣ ਦਾ ਅਨੁਮਾਨ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਪਹਿਲੇ ਸਾਲ ਵਿੱਚ ਸੂਬੇ ਉੱਤੇ ਕਰੀਬ 32 ਹਜ਼ਾਰ ਕਰੋੜ ਅਤੇ ਦੂਜੇ ਸਾਲ ਵਿੱਚ 29 ਹਜ਼ਾਰ ਕਰੋੜ ਦੇ ਕਰੀਬ ਕਰਜ਼ਾ ਚੜ੍ਹਿਆ। ਜੇਕਰ ਚਾਲੂ ਵਿੱਤੀ ਸਾਲ 2024-25 ਦੀ ਗੱਲ ਕਰੀਏ ਤਾਂ ਕਰੀਬ 30 ਹਜ਼ਾਰ ਕਰੋੜ ਦਾ ਹੋਰ ਕਰਜ਼ਾ ਲਏ ਜਾਣ ਦਾ ਅੰਦਾਜ਼ਾ ਹੈ।

ਅੰਕੜਿਆਂ ਦੇ ਹਿਸਾਬ ਨਾਲ ਜੇਕਰ ਪੰਜਾਬ ਦੇ ਕਰਜ਼ੇ ਉੱਤੇ ਨਜ਼ਰ ਮਰੀਏ ਤਾਂ ਇਸ ਵਿੱਚ ਵਾਧਾ 2006-2007 ਤੋਂ ਹੋਣਾ ਸ਼ੁਰੂ ਹੋਇਆ। 2006 ਵਿੱਚ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸਨ ਅਤੇ ਉਸ ਤੋਂ ਬਾਅਦ 2007 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ ਉੱਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ। 2011-12 ਵਿੱਚ ਕਰਜ਼ੇ ਵਿੱਚ ਵੱਡਾ ਵਾਧਾ ਹੋਇਆ ਉਸ ਸਮੇਂ ਵੀ ਸਰਕਾਰ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸੀ। ਇਸ ਅਰਸੇ ਦੌਰ ਸਾਲਾਨਾ ਕਰਜ਼ੇ ਵਿੱਚ 19 ਹਜ਼ਾਰ ਕਰੋੜ ਦੀ ਦਰ ਨਾਲ ਵਾਧਾ ਹੋਇਆ। 2011-12 ਵਿੱਚ ਪੰਜਾਬ ਸਿਰ 83 ਹਜ਼ਾਰ 99 ਕਰੋੜ ਦਾ ਕਰਜ਼ਾ ਸੀ ਜੋ 2016-17 ਵਿੱਚ ਵੱਧ ਕੇ 1 ਲੱਖ 82 ਹਜ਼ਾਰ 526 ਕਰੋੜ ਹੋ ਗਿਆ, ਭਾਵ ਇੱਕ ਲੱਖ ਕਰੋੜ ਦਾ ਵਾਧਾ। 2017- 2022 ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਆਈ ਅਤੇ ਉਸ ਵੇਲੇ ਇੱਕ ਲੱਖ ਕਰੋੜ ਦਾ ਸਿੱਧਾ ਵਾਧਾ ਹੁੰਦੇ ਹੋਏ ਕਰਜ਼ਾ 2 ਲੱਖ 81 ਹਜ਼ਾਰ 773 ਕਰੋੜ ਹੋ ਗਿਆ। 2022-23 ਵਿੱਚ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆ ਗਈ ਅਤੇ ਕਰਜ਼ਾ 3 ਲੱਖ 14 ਹਜ਼ਾਰ 221 ਕਰੋੜ ਪਹੁੰਚ ਗਿਆ। ਮੌਜੂਦਾ ਪੰਜਾਬ ਸਰਕਾਰ ਦੀ ਦਲੀਲ ਹੈ ਪੰਜਾਬ ਦੇ ਕਰਜ਼ੇ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਜ਼ਿੰਮੇਵਾਰ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ "ਪੰਜਾਬ ਦੇ ਕਰਜ਼ੇ ਲਈ ਕੌਣ ਜ਼ਿੰਮੇਵਾਰ" ਵਿਸ਼ੇ ਉੱਤੇ ਕਰਵਾਏ ਪ੍ਰੋਗਰਾਮ ਦੌਰਾਨ ਦੱਸਿਆ ਸੀ ਕਿ ਜੋ ਕਰਜ਼ਾ ਉਨ੍ਹਾਂ ਨੂੰ ਵਿਰਸੇ ਵਿੱਚ ਮਿਲਿਆ ਹੈ, ਉਸ ਦਾ ਹੀ ਉਹ 27 ਹਜ਼ਾਰ ਕਰੋੜ ਰੁਪਏ ਸਾਲਾਨਾ ਵਾਪਸ ਕਰ ਰਹੇ ਹਨ।

1970 ਅਤੇ 1980 ਦੇ ਦਹਾਕਿਆਂ ਦੌਰਾਨ ਪੰਜਾਬ ਦੀ ਆਰਥਿਕਤਾ ਨੇ ਪ੍ਰਭਾਵਸ਼ਾਲੀ ਆਰਥਿਕ ਵਿਕਾਸ ਦਾ ਤਜਰਬਾ ਕੀਤਾ ਅਤੇ ਸਮੁੱਚੇ ਭਾਰਤ ਦੇ ਔਸਤ ਅਤੇ ਪ੍ਰਮੁੱਖ ਭਾਰਤੀ ਸੂਬਿਆਂ ਦੇ ਮੁਕਾਬਲੇ ਪ੍ਰਤੀ ਵਿਅਕਤੀ ਆਮਦਨ ਵਿੱਚ ਲਗਾਤਾਰ ਵਾਧਾ ਹੋਇਆ। ਇਸ ਨੇ ਪੰਜਾਬ ਦੇ ਲੋਕਾਂ ਲਈ ਬਹੁਤ ਪ੍ਰਸ਼ੰਸਾਯੋਗ ਖ਼ੁਸ਼ਹਾਲੀ ਅਤੇ ਅਮੀਰੀ ਲਿਆਂਦੀ ਅਤੇ ਭਾਰਤ ਦੇ ਦੂਜੇ ਸੂਬਿਆਂ ਤੋਂ ਪਰਵਾਸੀ ਮਜ਼ਦੂਰਾਂ ਨੂੰ ਵੀ ਖਿੱਚਿਆ ਹੈ। ਪੰਜਾਬ ਦੇ ਆਰਥਿਕ ਬੋਝ ਦੇ ਹੇਠ ਲਿਖੇ ਕਾਰਨ ਮੰਨੇ ਜਾ ਰਹੇ ਹਨ? ਆਰਥਿਕ ਮਾਹਰ ਰਣਜੀਤ ਸਿੰਘ ਘੁੰਮਣ ਦੱਸਦੇ ਹਨ ਕਿ 1980 ਦੇ ਦਹਾਕੇ ਤੱਕ, ਪੰਜਾਬ ਦੀ ਆਰਥਿਕਤਾ ਦੇ ਵਿਕਾਸ ਦੇ ਚਾਲਕ ਖੇਤੀਬਾੜੀ ਸੈਕਟਰ, ਛੋਟੇ ਪੱਧਰ ਦੇ ਉਦਯੋਗ ਅਤੇ ਸਬੰਧਿਤ ਕਾਰੋਬਾਰ ਸਨ, ਜੋ ਕਿ ਬਾਅਦ ਦੇ ਸਾਲਾਂ ਵਿੱਚ ਬਹੁਤ ਕਮਜ਼ੋਰ ਹੋ ਗਏ ਅਤੇ ਇਨ੍ਹਾਂ ਵਿੱਚ ਗਿਰਾਵਟ ਦੇਖੀ ਗਈ। ਉਦਯੋਗਾਂ ਤੋਂ ਇਲਾਵਾ ਪੰਜਾਬ ਦੀ ਆਰਥਿਕਤਾ ਦਾ ਧੁਰਾ ਖੇਤੀਬਾੜੀ ਨੂੰ ਮੰਨਿਆ ਜਾਂਦਾ ਹੈ ਪਰ ਇਸ ਖੇਤਰ ਵਿੱਚ ਆਈ ਮੰਦੀ ਨੇ ਨਾ ਸਿਰਫ਼ 1990 ਦੇ ਦਹਾਕੇ ਦੇ ਅੱਧ ਤੋਂ ਇਸ ਦੀ ਸਮੁੱਚੀ ਵਿਕਾਸ ਦਰ ਨੂੰ ਘੱਟ ਕੀਤਾ ਹੈ। ਸਗੋਂ ਇਸ ਖੇਤਰ ਲਈ ਬਹੁਤ ਸਾਰੇ ਮਾੜੇ ਨਤੀਜੇ ਵੀ ਭੁਗਤੇ ਹਨ ਜਿਵੇਂ ਕਿ ਕਿਸਾਨਾਂ ਉੱਪਰ ਕਰਜ਼ੇ ਦੀ ਪੰਡ, ਜਿਸ ਨੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਇੱਕ ਵੱਡੇ ਹਿੱਸੇ ਨੂੰ ਕਰਜ਼ੇ ਦੇ ਜਾਲ ਵਿੱਚ ਧੱਕ ਦਿੱਤਾ। ਪੰਜਾਬ ਵਿੱਚ 1980ਵਿਆਂ ਦੌਰਾਨ ਚੱਲੀ ਹਿੰਸਕ ਲਹਿਰ, ਜਿਸ ਦੌਰਾਨ ਹਜ਼ਾਰਾਂ ਲੋਕ ਮਾਰੇ ਗਏ ਸਨ, ਨੂੰ ਪੰਜਾਬ ਵਿੱਚ ਖਾੜਕੂਵਾਦ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਇਨ੍ਹਾਂ ਸਾਲਾਂ ਦੌਰਾਨ ਮਾਹੌਲ ਅਜਿਹਾ ਸੀ ਕਿ ਕੋਈ ਵੀ ਉਦਯੋਗ ਸੂਬੇ ਵਿੱਚ ਨਿਵੇਸ਼ ਕਰਨ ਨਹੀਂ ਆਇਆ ਅਤੇ ਇੱਥੋਂ ਤੱਕ ਕਿ ਜੋ ਉਦਯੋਗ ਇੱਥੇ ਸਨ ਉਹ ਵੀ ਦੂਜੇ ਸੂਬਿਆਂ ਨੂੰ ਚਲੇ ਗਏ। ਜਿਸ ਕਾਰਨ ਸੂਬੇ ਦੀ ਆਰਥਿਕਤਾ ਨੂੰ ਭਾਰੀ ਸੱਟ ਵੱਜੀ, ਨਾਲ ਹੀ ਅਮਨ ਕਾਨੂੰਨ ਦੇ ਹਾਲਾਤ ਲਈ ਪੰਜਾਬ ਵਿੱਚ ਤੈਨਾਤ ਕੀਤੇ ਕੇਂਦਰੀ ਸੁਰੱਖਿਆ ਬਲਾਂ ਲਈ ਖ਼ਰਚ ਕਰਜ਼ ਬਣ ਕੇ ਪੰਜਾਬ ਲਈ ਸੰਕਟ ਬਣ ਗਏ।

"ਸਬਸਿਡੀਆਂ ਚੋਣਵੀਆਂ ਹੋ ਸਕਦੀਆਂ ਸਨ ਅਤੇ ਇਹ ਲੋੜਵੰਦਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਸਨ। ਪਰ ਸੂਬੇ ਦੇ ਅਮੀਰ ਵਰਗ ਨੂੰ ਮਿਲੀਆਂ ਸਬਸਿਡੀਆਂ ਨੇ ਆਰਥਿਕਤਾ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ।" ਮਿਸਾਲ ਦੇ ਤੌਰ ਤੇ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਮੁਫ਼ਤ ਬਿਜਲੀ ਦੀ ਸਹੂਲਤ ਦੀ ਉਦਾਹਰਣ ਦਿੰਦਿਆਂ ਪ੍ਰੋਫੈਸਰ ਰਣਜੀਤ ਸਿੰਘ ਘੁੰਮਣ ਆਖਿਆ ਕਿ ਇਸ ਦਾ ਫ਼ਾਇਦਾ ਵੱਡੇ ਕਿਸਾਨ ਵੀ ਚੁੱਕੇ ਰਹੇ ਹਨ। "ਮੌਜੂਦਾ ਸਰਕਾਰ ਵੀ ਇਸੇ ਰਾਹ ਉੱਪਰ ਹੀ ਮੁਫ਼ਤ ਬਿਜਲੀ ਦੇ ਰਹੀ ਹੈ ਅਤੇ ਕੁਝ ਉਹ ਲੋਕ ਵੀ ਇਸ ਦਾ ਫ਼ਾਇਦਾ ਲੈ ਰਹੇ ਹਨ ਜੋ ਬਿਜਲੀ ਦੇ ਬਿਲ ਦਾ ਭੁਗਤਾਨ ਕਰ ਸਕਦੇ ਹਨ।"

ਡਾਕਟਰ ਪ੍ਰਮੋਦ ਕੁਮਾਰ ਮੁਤਾਬਕ ਪੰਜਾਬ ਨੂੰ ਇੱਕ ਨੀਤੀਗਤ ਯੋਜਨਾ ਅਤੇ ਮਜ਼ਬੂਤ ਲੀਡਰਸ਼ਿਪ ਦੀ ਜ਼ਰੂਰਤ ਹੈ ਪਰ ਬਦਕਿਸਮਤੀ ਨਾਲ ਫ਼ਿਲਹਾਲ ਇਹ ਦੋਵੇਂ ਚੀਜ਼ਾਂ ਪੰਜਾਬ ਵਿੱਚ ਨਜ਼ਰ ਨਹੀਂ ਆ ਰਹੀਆਂ। ਉਨ੍ਹਾਂ ਮੁਤਾਬਕ ਪੰਜਾਬ ਵਿੱਚ ਸਰਵਿਸ ਸੈਕਟਰ ਅੱਗੇ ਜਾ ਰਿਹਾ ਹੈ ਪਰ ਖੇਤੀਬਾੜੀ ਸੈਕਟਰ ਲਗਾਤਾਰ ਹੇਠਾਂ ਜਾ ਰਿਹਾ ਹੈ, ਲੋੜ ਇਸ ਸੈਕਟਰ ਨੂੰ ਅੱਗੇ ਕਰਨ ਦੀ ਹੈ। ਉਨ੍ਹਾਂ ਆਖਿਆ ਕਿ ਖੇਤੀਬਾੜੀ ਸੈਕਟਰ ਵਿੱਚ ਨਵੀਂ ਤਕਨੀਕ ਦੇ ਇਸਤੇਮਾਲ ਦੀ ਲੋੜ ਹੈ। ਇਸ ਤੋਂ ਇਲਾਵਾ ਪੰਜਾਬ ਦੇ ਲਘੂ ਉਦਯੋਗਾਂ ਨੂੰ ਖ਼ਾਸ ਨੀਤੀ ਰਾਹੀਂ ਵਧਾਵਾ ਦਿੱਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਵਾਹਘਾ ਸਰਹੱਦ ਤੋਂ ਪਾਕਿਸਤਾਨ ਨਾਲ ਵਪਾਰ ਸ਼ੁਰੂ ਕਰਨ ਦੀ ਲੋੜ ਤਾਂ ਜੋ ਸੂਬੇ ਵਿੱਚ ਕਾਰੋਬਾਰ ਵੱਧ ਸਕੇ। ਮਾਹਰਾਂ ਅਨੁਸਾਰ ਪੰਜਾਬ ਦਾ ਜ਼ਿਆਦਾਤਰ ਉਦਯੋਗ ਖੇਤੀ ਜ਼ਰੂਰਤਾਂ, ਫ਼ਸਲਾਂ ਦੀ ਪ੍ਰੋਸੈਸਿੰਗ ਅਤੇ ਲੋਕਾਂ ਦੀਆਂ ਜ਼ਰੂਰਤਾਂ ਨਾਲ ਸੰਬੰਧਿਤ ਚੀਜ਼ਾਂ ਬਣਾਉਣ ਵਿੱਚ ਲੱਗਿਆ ਹੈ। ਅਜਿਹੇ ਹਾਲਾਤਾਂ ਵਿੱਚ ਲੋੜ ਹੈ ਕਿ ਪੰਜਾਬ ਵਿੱਚ ਵੱਡੇ ਇੰਡਸਟਰੀ ਯੂਨਿਟ ਲਗਾਏ ਜਾਣ ਤਾਂ ਜੋ ਆਧੁਨਿਕ ਮਸ਼ੀਨਰੀ, ਖੇਤੀਬਾੜੀ ਨਾਲ ਸੰਬੰਧਿਤ ਇੰਡਸਟਰੀ, ਆਈ ਟੀ ਅਤੇ ਇੰਜੀਨੀਅਰਿੰਗ ਵਰਗੀਆਂ ਜ਼ਰੂਰਤਾਂ ਨੂੰ ਪੂਰਾ ਕਰਨ।

# ਅਜਿਹਾ ਦੇਸ਼ ਜਿੱਥੇ ਲਗਾਤਾਰ 76 ਦਿਨਾਂ ਤੱਕ ਨਹੀਂ ਡੁੱਬਦਾ ਸੂਰਜ

ਮੌਸਮ ਵਿਚ ਬਹੁਤਾ ਬਦਲਾਅ ਨਾ ਹੋਣ ਦੀ ਸਥਿਤੀ ਵਿਚ ਧਰਤੀ 'ਤੇ ਸੂਰਜ ਦੀ ਪਹਿਲੀਆਂ ਅਤੇ ਆਖ਼ਰੀਆਂ ਕਿਰਨਾਂ ਲਗਪਗ ਹਰ ਰੋਜ਼ ਇਕ ਤੈਅ ਸਮੇਂ 'ਤੇ ਧਰਤੀ ਉੱਤੇ ਪੈਂਦੀਆਂ ਹਨ, ਪਰ ਧਰਤੀ ਉੱਤੇ ਸੂਰਜ ਵੱਖ-ਵੱਖ ਸਮੇਂ ਉੱਤੇ ਚੜ੍ਹਦਾ ਹੈ। ਭਾਰਤ ਤੇ ਅਮਰੀਕਾ ਦੀਆਂ ਘੜੀਆਂ ਵਿਚ ਬਹੁਤ ਫਰਕ ਹੈ। ਇੰਨਾ ਹੀ ਨਹੀਂ ਅਮਰੀਕਾ ਦੇ ਵੱਖ-ਵੱਖ ਹਿੱਸਿਆਂ 'ਚ ਸਮੇਂ 'ਚ ਕਾਫੀ ਅੰਤਰ ਪਾਇਆ ਜਾਂਦਾ ਹੈ। ਧਰਤੀ ਦੇ ਵੱਖ-ਵੱਖ ਦੇਸ਼ਾਂ ਵਿਚ ਦਿਨ ਦੀ ਲੰਬਾਈ ਵੱਖ-ਵੱਖ ਹੁੰਦੀ ਹੈ, ਕਈ ਥਾਵਾਂ 'ਤੇ ਦਿਨ ਬਹੁਤ ਲੰਬੇ ਹੁੰਦੇ ਹਨ ਅਤੇ ਕਈ ਥਾਵਾਂ 'ਤੇ ਰਾਤਾਂ ਬਹੁਤ ਲੰਬੀਆਂ ਹੁੰਦੀਆਂ ਹਨ। ਅਜਿਹੀ ਸਥਿਤੀ ਵਿਚ, ਕੀ ਤੁਸੀਂ ਜਾਣਦੇ ਹੋ ਕਿ ਯੂਰਪ ਮਹਾਦੀਪ ਵਿਚ ਇਕ ਅਜਿਹਾ ਦੇਸ਼ (ਲੈਂਡ ਆਫ ਮਿਡਨਾਈਟ ਸਨ) ਵੀ ਹੈ ਜਿੱਥੇ ਰਾਤ ਸਿਰਫ 40 ਮਿੰਟ ਦੀ ਹੁੰਦੀ ਹੈ? ਇੱਥੇ ਅੱਧੀ ਰਾਤ ਤੋਂ ਬਾਅਦ ਸੂਰਜ ਛਿਪਦਾ ਹੈ ਅਤੇ ਕੁੱਝ ਹੀ ਦੇਰ ਬਾਅਦ ਸਵੇਰ ਹੋ ਜਾਂਦੀ ਹੈ।



ਨਾਰਵੇ ਯੂਰਪ ਦਾ ਇਕ ਸੁੰਦਰ ਦੇਸ਼ ਹੈ ਜੋ ਆਰਕਟਿਕ ਸਰਕਲ ਵਿਚ ਸਥਿਤ ਹੈ। ਇਸ ਦੇਸ਼ ਦੀ ਸਭ ਤੋਂ ਵੱਡੀ ਖਾਸੀਅਤ ਹੈ ਇਸ ਦਾ 'ਅੱਧੀ ਰਾਤ ਦਾ ਸੂਰਜ'। ਮਈ ਤੋਂ ਜੁਲਾਈ ਦੇ ਵਿਚਾਲੇ ਲਗਭਗ 76 ਦਿਨਾਂ ਤੱਕ ਨਾਰਵੇ ਵਿਚ ਸੂਰਜ ਕਦੇ ਨਹੀਂ ਛਿਪਦਾ। ਇਸ ਦਾ ਮਤਲਬ ਹੈ ਕਿ ਇੱਥੇ ਰਾਤ ਦੇ 12.43 ਵਜੇ ਸੂਰਜ ਛਿਪਦਾ ਹੈ ਅਤੇ 40 ਮਿੰਟ ਬਾਅਦ, 1.30 ਵਜੇ ਮੁੜ ਚੜ੍ਹ ਜਾਂਦਾ ਹੈ। ਇਸ ਅਨੋਖੀ ਘਟਨਾ ਕਾਰਨ ਨਾਰਵੇ ਨੂੰ 'ਲੈਂਡ ਆਫ ਮਿਡਨਾਈਟ ਸਨ' ਵਜੋਂ ਜਾਣਿਆ ਜਾਂਦਾ ਹੈ।

# ਬੀਤੇ ਸਾਲ ਸਦੀਵੀ ਵਿਛੋੜਾ ਦੇ ਗਈਆਂ ਕਈ ਨਾਮੀ ਹਸਤੀਆਂ

**(ਸਫ਼ਾ 9 ਦੀ ਬਾਕੀ)**

27 ਮਾਰਚ ਨੂੰ ਸਵਾਮੀ ਰਾਮਕ੍ਰਿਸ਼ਨ ਮਿਸ਼ਨ ਦੇ 16ਵੇਂ ਮੁਖੀ ਸਵਾਮੀ ਸਿਮਰਾਨੰਦ ਦਾ ਦੇਹਾਂਤ ਹੋ ਗਿਆ। ਇਸ ਮਿਸ਼ਨ ਦਾ ਆਰੰਭ ਸਵਾਮੀ ਵਿਵੇਕਾਨੰਦ ਨੇ ਕੀਤਾ ਸੀ। ਸਵਾਮੀ ਸਿਮਰਾਨੰਦ ਨੇ ਆਪਣਾ ਜੀਵਨ ਅਧਿਆਤਮਕਤਾ ਅਤੇ ਸੇਵਾ ਨੂੰ ਸਮਰਪਿਤ ਕੀਤਾ ਹੋਇਆ ਸੀ। ਉਹ 95 ਵਰ੍ਹਿਆਂ ਦੇ ਸਨ।

16 ਅਗਸਤ ਨੂੰ ਅਗਨੀ ਮਿਜ਼ਾਇਲ ਦੇ ਪਿਤਾਮਾ ਮੰਨੇ ਜਾਂਦੇ ਆਰਐੱਨ ਅਗਰਵਾਲ ਦਾ 84 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਇਨ੍ਹਾਂ ਨੇ ਹੈਦਰਾਬਾਦ ਵਿੱਚ 'ਅਗਨੀ' ਪ੍ਰੋਗਰਾਮ ਦੇ ਡਾਇਰੈਕਟਰ ਅਤੇ ਐਡਵਾਂਸ ਸਿਸਟਮ ਲੈਬਾਰਟਰੀ ਦੇ ਡਾਇਰੈਕਟਰ ਵਜੋਂ ਕੰਮ ਕੀਤਾ। ਭਾਰਤ ਦੇ 'ਮਿਜ਼ਾਇਲ ਮੈਨ' ਅਤੇ ਸਾਬਕਾ ਰਾਸ਼ਟਰਪਤੀ ਏਪੀਜੇ ਅਬਦੁਲ ਕਲਾਮ ਨੇ ਏਕੀਕ੍ਰਿਤ ਨਿਰਦੇਸ਼ਿਤ ਮਿਜ਼ਾਇਲ ਵਿਕਾਸ ਪ੍ਰੋਗਰਾਮ ਸ਼ੁਰੂ ਕੀਤਾ ਸੀ ਅਤੇ ਅਗਨੀ ਪ੍ਰੋਗਰਾਮ ਇਸ ਦਾ ਅਹਿਮ ਹਿੱਸਾ ਸੀ। ਆਰਐੱਨ ਅਗਰਵਾਲ ਪਦਮ ਭੂਸ਼ਣ ਨਾਲ ਸਨਮਾਨਿਤ ਹਸਤੀ ਸਨ।

3 ਮਈ ਨੂੰ ਜੋਸ਼ ਉਲੀਵਰ ਬੇਕਰ ਦਾ 20 ਸਾਲ ਦੀ ਉਮਰ ਵਿੱਚ ਆਪਣੇ ਜਨਮ ਦਿਨ ਤੋਂ ਕੁਝ ਦਿਨ ਪਹਿਲਾਂ ਹੀ ਦੇਹਾਂਤ ਹੋ ਗਿਆ। ਇਹ ਇੰਗਲੈਂਡ ਦੇ ਸਪਿਨ ਗੇਂਦਬਾਜ਼ ਸਨ। ਬੇਕਰ ਦੀ ਮੌਤ ਦਿਲ ਦੇ ਇੱਕ ਅਣਪਛਾਤੇ ਨੁਕਸ ਕਾਰਨ ਹੋਈ ਜਿਹੜਾ ਉਹਦੇ ਜਿਉਂਦੇ ਜੀਅ ਪਤਾ ਨਹੀਂ ਲਗਾਇਆ ਜਾ ਸਕਿਆ।

15 ਅਪ੍ਰੈਲ ਨੂੰ ਭਾਰਤੀ ਹਵਾਈ ਫ਼ੌਜ ਦੇ ਸਭ ਤੋਂ ਬਜ਼ੁਰਗ ਲੜਾਕੂ ਪਾਇਲਟ ਸਕੁਐਡਰਨ ਦਲੀਪ ਸਿੰਘ ਮਜੀਠੀਆ 103 ਸਾਲਾਂ ਦੀ ਉਮਰ ਭੋਗ ਕੇ ਅਲਵਿਦਾ ਕਹਿ ਗਏ। ਭਾਰਤੀ ਫ਼ੌਜ ਨੇ 2020 ਵਿੱਚ ਉਨ੍ਹਾਂ ਦੇ 100ਵੇਂ ਜਨਮ ਦਿਨ ਨੂੰ ਧੂਮ-ਧਾਮ ਨਾਲ ਮਨਾਇਆ ਸੀ। ਦਲੀਪ ਸਿੰਘ ਮਜੀਠੀਆ ਅਕਾਲੀ ਨੇਤਾ ਹਰਸਿਮਰਤ ਕੌਰ ਅਤੇ ਬਿਕਰਮ ਸਿੰਘ ਮਜੀਠੀਆ ਦੇ ਚਾਚਾ ਸਨ। ਇਹ ਦੂਜੇ ਵਿਸ਼ਵ ਯੁੱਧ ਵਿੱਚ ਹਿੱਸਾ ਲੈਣ ਲਈ ਇੱਕ ਵਲੰਟੀਅਰ ਵਜੋਂ ਹਵਾਈ ਸੈਨਾ ਵਿੱਚ ਸ਼ਾਮਿਲ ਹੋਇਆ ਸੀ। ਇਸ ਨੇ ਸ਼ੁਰੂ ਵਿਚ ਕਰਾਚੀ ਫਲਾਇੰਗ ਕਲੱਬ 'ਚ ਜਿਪਸੀ ਜਹਾਜ਼ 'ਤੇ ਉਡਾਨ ਭਰਨ ਦੀਆਂ ਬਾਰੀਕੀਆਂ ਸਿੱਖੀਆਂ ਸਨ। ਇਨ੍ਹਾਂ ਨੇ 13 ਵੱਖ-ਵੱਖ ਜਹਾਜ਼ਾਂ 'ਤੇ 1100 ਘੰਟਿਆਂ ਦੀ ਉਡਾਨ ਦਾ ਰਿਕਾਰਡ ਕਾਇਮ ਕੀਤਾ ਸੀ। ਆਪ ਨੂੰ ਬਿਹਤਰੀਨ ਪਾਈਲਟ ਵਜੋਂ ਸਨਮਾਨਿਤ ਕੀਤਾ ਗਿਆ ਸੀ।

1 ਨਵੰਬਰ ਨੂੰ ਅਰਥ-ਸ਼ਾਸਤਰੀ ਬਿਬੇਕ ਦੇਬਰਾਏ ਆਂਤੜੀਆਂ ਦੀਆਂ ਸਮੱਸਿਆ ਕਾਰਨ ਅਕਾਲ ਚਲਾਣਾ ਕਰ ਗਏ। ਉਹ ਪ੍ਰਧਾਨ ਮੰਤਰੀ ਦੀ ਆਰਥਿਕ ਕੌਂਸਲ ਦੇ ਚੇਅਰਮੈਨ ਸਨ। ਉਹ ਪੂਣੇ ਸਥਿਤ ਗੋਖਲੇ ਇੰਸਟੀਚਿਊਟ ਆਫ਼ ਪਾਲਿਟਿਕਸ ਐਂਡ ਇਕਨਾਮਿਕਸ ਦੇ ਵਾਈਸ ਚਾਂਸਲਰ ਵੀ ਰਹੇ। ਇਨ੍ਹਾਂ ਨੇ ਪੁਰਾਤਨ ਗ੍ਰੰਥਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਤਾਂ ਜੋ ਭਾਰਤ ਦਾ ਵਿਰਾਸਤੀ ਗਿਆਨ ਨੌਜਵਾਨ ਪੀੜ੍ਹੀ ਤੱਕ ਪੁੱਜ ਸਕੇ। ਇਨ੍ਹਾਂ ਦੁਆਰਾ ਅਖ਼ਬਾਰਾਂ ਵਿੱਚ ਲਿਖੇ ਜਾਂਦੇ ਕਾਲਮ ਲੋਕਾਂ ਲਈ ਲਾਹੇਵੰਦ ਹੁੰਦੇ ਸਨ। ਇਹ ਪਦਮ ਸ੍ਰੀ ਨਾਲ ਸਨਮਾਨਿਤ ਸਨ। ਉੱਚ ਪਾਏ ਦਾ ਕੰਮ ਕਰਨ ਕਰਕੇ ਬਹੁਤ ਸਾਰੀਆਂ ਸੰਸਥਾਵਾਂ ਨਾਲ ਜੁੜੇ ਹੋਏ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਨ੍ਹਾਂ ਦੇ ਮਰਨ ਉਪਰੰਤ ਇਨ੍ਹਾਂ ਨੂੰ 'ਵੱਡੇ ਵਿਦਵਾਨ' ਕਰਾਰ ਦਿੱਤਾ ਹੈ।

29 ਜੂਨ ਨੂੰ ਭੁਪਿੰਦਰ ਸਿੰਘ ਰਾਵਤ ਦਾ 85 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹ ਆਪਣੀ ਚੁਸਤੀ ਨਾਲ ਛੋਟੇ ਕੱਦ ਦੇ ਬਾਵਜੂਦ ਵਿਰੋਧੀ ਦੇ ਡਿਫੈਂਸ ਨੂੰ ਤੋੜ ਦੇਣ ਦੀ ਸਮਰੱਥਾ ਕਾਰਨ ਦਰਸ਼ਕਾਂ ਦੇ ਪਸੰਦੀਦਾ ਖਿਡਾਰੀ ਸਨ। ਉਹਦੇ ਪ੍ਰਸੰਸਕ ਉਸਨੂੰ 'ਸਕੂਟਰ' ਕਹਿ ਕੇ ਬੁਲਾਉਂਦੇ ਸਨ। ਇਹ 1960 ਅਤੇ 1970 ਦੇ ਦਹਾਕੇ ਦੀ ਉਸ ਟੀਮ ਦਾ ਹਿੱਸਾ ਸਨ ਜਿਸ ਨੇ ਪੱਛਮੀ ਆਸਟਰੇਲੀਆ ਨੂੰ ਹਰਾ ਕੇ ਮਰਡੇਕਾ ਕੱਪ ਵਿੱਚ ਸੱਤਵਾਂ ਸਥਾਨ ਹਾਸਿਲ ਕੀਤਾ ਸੀ।

8 ਅਗਸਤ ਨੂੰ ਬੁੱਧਦੇਵ ਭੱਟਾਚਾਰੀਆ ਦਾ ਦੇਹਾਂਤ ਹੋ ਗਿਆ। ਇਹ 2000 ਤੋਂ 2011 ਤੱਕ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਰਹੇ। ਇਹ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਪੋਲਿਟ ਬਿਊਰੋ ਮੈਂਬਰ ਵੀ ਰਹੇ। ਇਨ੍ਹਾਂ ਨੇ ਹੀ ਪੱਛਮੀ ਬੰਗਾਲ ਵਿੱਚ ਉਦਯੋਗੀਕਰਨ ਦੀ ਮੁਹਿੰਮ ਸ਼ੁਰੂ ਕੀਤੀ ਸੀ। ਦੁਨੀਆ ਦੀ ਸਭ ਤੋਂ ਸਸਤੀ ਕਾਰ ਟਾਟਾ ਨੈਨੋ ਵੀ ਇਸ ਵਿੱਚ ਸ਼ਾਮਿਲ ਹੈ।

9 ਨਵੰਬਰ ਨੂੰ ਹਰਿੰਦਰ ਸਿੰਘ ਸੋਢੀ ਦਾ 86 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਇਹ ਭਾਰਤ ਦੇ ਦਿੱਗਜ ਪੋਲੋ ਖਿਡਾਰੀ ਸਨ। ਇਨ੍ਹਾਂ ਨੂੰ ਅਰਜੁਨ ਐਵਾਰਡ ਹਾਸਿਲ ਸੀ। ਹਰਿੰਦਰ ਸਿੰਘ ਨੂੰ ਮਹਾਨ ਰਾ ਰਾਜਾ ਹਨੂਤ ਸਿੰਘ, ਜੈਪੁਰ ਦਾ ਮਹਾਰਾਜਾ ਸਵਾਈ ਮਾਨ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਭਵਾਨੀ ਸਿੰਘ ਨਾਲ ਪੋਲੋ ਖੇਡਣ ਦਾ ਤਜਰਬਾ ਸੀ। ਆਪਣੇ ਕੈਰੀਅਰ ਵਿੱਚ ਉਨ੍ਹਾਂ ਨੇ ਪੰਜ ਤੋਂ ਵੱਧ ਦਾ ਇੱਕ ਗੋਲ ਹੈਂਡੀਕੈਪ ਪ੍ਰਾਪਤ ਕੀਤਾ ਸੀ। ਪੋਲੋ ਜਗਤ ਵਿੱਚ ਇਹ 'ਬਿਲੀ ਸੋਢੀ' ਦੇ ਨਾਂ ਨਾਲ ਮਸ਼ਹੂਰ ਸਨ। 1980 ਦੀ ਮਾਸਕੋ ਉਲੰਪਿਕ ਦੌਰਾਨ ਆਪ ਭਾਰਤੀ ਘੋੜਸਵਾਰ ਟੀਮ ਦੇ ਮੈਨੇਜਰ ਵੀ ਰਹੇ।

31 ਅਕਤੂਬਰ ਨੂੰ ਦੇਵੇਂਦਰ ਸਿੰਘ ਰਾਣਾ ਦਾ 59 ਸਾਲ ਦੀ ਉਮਰ ਵਿੱਚ ਬੇਵਕਤੀ ਦੇਹਾਂਤ ਹੋ ਗਿਆ। ਉਹ ਭਾਜਪਾ ਨਾਲ ਜੁੜੇ ਹੋਏ ਨੇਤਾ ਸਨ। ਉਨ੍ਹਾਂ ਨੂੰ 'ਜੰਮੂ ਦੀ ਆਵਾਜ਼' ਕਿਹਾ ਜਾਂਦਾ ਸੀ। ਇਹ ਉੱਘੇ ਕਾਰੋਬਾਰੀ ਅਤੇ ਸਿਆਸੀ ਆਗੂ ਸਨ ਜਿਹੜੇ ਜੰਮੂ-ਕਸ਼ਮੀਰ ਦੇ ਨਗਰੋਟਾ ਤੋਂ ਵਿਧਾਇਕ ਸਨ।

4 ਨਵੰਬਰ ਨੂੰ ਕਿਕੀ ਹੈਕਨਸਨ 95 ਸਾਲ ਦੀ ਉਮਰ ਵਿੱਚ ਦੁਨੀਆ ਨੂੰ ਅਲਵਿਦਾ ਕਹਿ ਗਏ। ਇਹ ਦੁਨੀਆ ਦੀ ਪਹਿਲੀ ਮਿਸ ਵਰਲਡ ਸਨ। ਇਨ੍ਹਾਂ ਨੂੰ 1952 ਵਿੱਚ ਲੰਡਨ ਵਿਖੇ ਹੋਏ ਪਹਿਲੇ ਮਿਸ ਵਰਲਡ ਮੁਕਾਬਲੇ ਵਿੱਚ ਜੇਤੂ ਤਾਜ ਪਹਿਨਾਇਆ ਗਿਆ ਸੀ। ਉਸੇ ਸਾਲ ਇਸ ਨੇ ਮਿਸ ਸਵੀਡਨ ਮੁਕਾਬਲਾ ਵੀ ਜਿੱਤਿਆ ਸੀ।

ਮਿਸ ਵਰਲਡ ਦਾ ਤਾਜ ਪਹਿਨਣ ਸਮੇਂ ਕਿਕੀ ਹੈਕਨਸਨ ਨੇ ਬਿਕਨੀ ਪਹਿਨੀ ਹੋਈ ਸੀ ਜਿਸ ਦੀ ਪੋਪ ਨੇ ਬਹੁਤ ਜ਼ਿਆਦਾ ਆਲੋਚਨਾ ਕੀਤੀ ਸੀ। ਇਸੇ ਕਾਰਨ ਹੀ 1952 ਵਿੱਚ ਇਸ ਮੁਕਾਬਲੇ ਵਿੱਚ ਬਿਕਨੀ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ ਤੇ ਇਸ ਦੀ ਜਗ੍ਹਾ ਤੈਰਾਕੀ ਦੇ ਕੱਪੜਿਆਂ ਨੂੰ ਸ਼ਾਮਿਲ ਕੀਤਾ ਗਿਆ। ਅੱਜ ਕੱਲ ਫੇਰ ਬਿਕਨੀ ਨੂੰ ਸ਼ਾਮਿਲ ਕਰ ਲਿਆ ਗਿਆ ਹੈ। ਕਿਕੀ ਹੈਕਨਸਨ ਬਿਕਨੀ ਪਹਿਨ ਕੇ ਤਾਜ ਪਹਿਨਣ ਵਾਲੀ ਪਹਿਲੀ ਅਤੇ ਆਖ਼ਰੀ ਜੇਤੂ ਮੰਨੀ ਜਾਂਦੀ ਹੈ।

**- ਜਸਵਿੰਦਰ ਕੌਰ**

# ਪੰਜਾਬੀ ਵੀ ਤੁਰੇ ਸਾਈਬਰ ਕਰਾਈਮ ਦੇ ਰਾਹ



ਡਾ. ਰਣਜੀਤ ਸਿੰਘ

ਪੰਜਾਬੀਆਂ ਨੂੰ ਸੰਸਾਰ ਦੇ ਮਿਹਨਤੀ ਕਿਸਾਨ ਅਤੇ ਜਵਾਨ ਸਮਝਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਉਹ ਕਿਰਤ ਕਰਨੀ, ਵੰਡ ਛਕਣਾ ਅਤੇ ਨਾਮ ਜਪਣ ਵਿਚ ਵਿਸ਼ਵਾਸ ਰੱਖਦੇ ਸਨ। ਪਰ ਪਤਾ ਨਹੀਂ ਕਿਸ ਦੀ ਨਜ਼ਰ ਲੱਗ ਗਈ ਕਿ ਉਹ ਹੌਲੀ-ਹੌਲੀ ਇਨ੍ਹਾਂ ਗੁਣਾਂ ਨੂੰ ਤਿਆਗ ਕੇ ਕਿਸੇ ਹੋਰ ਹੀ ਰਾਹ ਵੱਲ ਤੁਰ ਰਹੇ ਹਨ। ਪੰਜਾਬ ਵਿਚ ਭ੍ਰਿਸ਼ਟਾਚਾਰ, ਮਿਲਾਵਟ ਅਤੇ ਬੇਈਮਾਨੀ ਪੈਰ ਪਸਾਰ ਰਹੇ ਹਨ। ਦੁੱਧ, ਲੱਸੀ ਪੀਣ ਵਾਲੇ ਨਸ਼ਿਆਂ ਵੱਲ ਮੁੱਖ ਮੋੜ ਰਹੇ ਹਨ।

ਹੁਣ ਜਿਹੜੀ ਨਵੀਂ ਬਿਮਾਰੀ ਸੰਸਾਰ ਨੂੰ ਆਪਣੀ ਲਪੇਟ ਵਿਚ ਲੈ ਰਹੀ ਹੈ, ਉਸ ਵਿਚ ਵੀ ਪੰਜਾਬੀ ਮੋਹਰੀ ਹੋ ਰਹੇ ਹਨ। ਇਸ ਨਵੀਂ ਬਿਮਾਰੀ ਜਿਸ ਨੂੰ ਸਾਈਬਰ ਕਰਾਈਮ ਆਖਿਆ ਜਾਂਦਾ ਹੈ, ਪੰਜਾਬ ਵਿਚ ਵੀ ਪੈਰ ਪਸਾਰ ਰਹੀ ਹੈ। ਮੈਨੂੰ ਇਹ ਲਿਖਣ ਲਈ ਮਜਬੂਰ ਇਸ ਕਰਕੇ ਹੋਣਾ ਪਿਆ ਹੈ ਕਿਉਂਕਿ ਕੁਝ ਦਿਨ ਪਹਿਲਾਂ ਹੀ ਸਾਡੇ ਗੁਆਂਢੀ ਪਰਿਵਾਰ ਨੂੰ 17 ਲੱਖ ਦਾ ਚੂਨਾ ਲੱਗਿਆ ਹੈ।

ਉਨ੍ਹਾਂ ਦਾ ਬੇਟਾ ਕੈਨੇਡਾ ਵਿਚ ਹੈ। ਉਸ ਦਿਨ ਮਾਂ ਘਰ ਇਕੱਲੀ ਹੀ ਸੀ। ਉਹ ਪੜ੍ਹੀ-ਲਿਖੀ ਅਤੇ ਅਧਿਆਪਕ ਹੈ। ਬੇਟੇ ਦੀ ਆਵਾਜ਼ ਬਣਾ ਕੇ ਕਿਸੇ ਨੇ ਉਸ ਨੂੰ ਫੋਨ ਕੀਤਾ ਤੇ ਆਪਣੀ ਬੁਰੀ ਹਾਲਤ ਬਿਆਨ ਕਰਦੇ ਹੋਏ ਜਲਦੀ ਪੈਸੇ ਭੇਜਣ ਦੀ ਬੇਨਤੀ ਕੀਤੀ। ਇੱਥੋਂ ਤੱਕ ਆਖਿਆ ਕਿ ਜੇਕਰ ਅੱਜ ਪੈਸੇ ਨਾ ਪਹੁੰਚੇ ਤਾਂ ਉਸ ਨੂੰ ਜੇਲ੍ਹ ਵੀ ਹੋ ਸਕਦੀ ਹੈ। ਆਪਣਾ ਬੈਂਕ ਅਤੇ ਖਾਤਾ ਵੀ ਦੱਸ ਦਿੱਤਾ ਜਿੱਥੇ ਪੈਸੇ ਭੇਜਣੇ ਸਨ। ਮਾਂ ਵਿਚਾਰੀ ਘਬਰਾ ਗਈ। ਬੈਂਕ ਵਿਚ ਜਾ ਕੇ ਆਪਣੀਆਂ ਐਫਡੀਆਂ ਤੁੜਵਾਈਆਂ ਤੇ ਬਿਨਾਂ ਸੋਚੇ-ਸਮਝੇ ਪੈਸੇ ਭੇਜ ਦਿੱਤੇ। ਰਾਤ ਨੂੰ ਬੇਟੇ ਦਾ ਫੋਨ ਆਇਆ ਤਾਂ ਮਾਂ ਨੇ ਪੁੱਛਿਆ, ''ਬੇਟਾ ਕੀ ਪੈਸੇ ਮਿਲ ਗਏ ਤੇ ਤੇਰੀ ਮੁਸੀਬਤ ਟਲ ਗਈ ਹੈ?'' ਬੇਟਾ ਹੈਰਾਨ ਸੀ ਤੇ ਉਸ ਨੇ ਪੁੱਛਿਆ, ''ਕਿਹੜੀ ਮੁਸੀਬਤ ਤੇ ਕਿਹੜੇ ਪੈਸੇ?''

ਮਾਂ ਨੇ ਸਾਰੀ ਵਿਥਿਆ ਸੁਣਾਈ ਤਾਂ ਉਸ ਨੂੰ ਪਤਾ ਲੱਗਾ ਕਿ ਉਹ ਠੱਗੇ ਜਾ ਚੁੱਕੇ ਹਨ।ਕੁਝ ਦਿਨ ਪਹਿਲਾਂ ਮੇਰੇ ਨਾਲ ਵੀ ਕੁਝ ਅਜਿਹਾ ਹੋਇਆ ਸੀ। ਕਹਾਣੀ ਨਹੀਂ ਸਗੋਂ ਸੱਚੀ ਆਪ-ਬੀਤੀ ਹੈ। ਮੈਨੂੰ ਸਵੇਰੇ ਕੋਈ 10 ਕੁ ਵਜੇ ਫੋਨ ਆਇਆ। ਮੈਂ ਫੋਨ ਚੁੱਕਿਆ ਤੇ ਅੱਗੋਂ ਆਵਾਜ਼ ਆਈ, ਡਾ। ਰਣਜੀਤ ਸਿੰਘ ਜੀ ਬੋਲ ਰਹੇ ਹਨ। ਮੈਂ ਸੋਚਿਆ ਕਿ ਮੇਰਾ ਕੋਈ ਪਾਠਕ ਹੋਵੇਗਾ, ਦਿਨ ਵਿਚ ਅਜਿਹੇ ਕਈ ਫੋਨ ਆਉਂਦੇ ਹਨ। ਮੇਰੇ ਹਾਂ ਕਹਿਣ ਤੇ ਉਹ ਆਖਣ ਲੱਗਾ, ''ਡਾ। ਸਾਹਿਬ, ਮੈਂ ਤੁਹਾਡਾ ਬਹੁਤ ਪੁਰਾਣਾ ਪਾਠਕ ਹਾਂ, ਵੈਸੇ ਤੁਹਾਡਾ ਬੇਟਾ ਕਿੱਥੇ ਕੰਮ ਕਰਦਾ ਹੈ''। ਮੈਨੂੰ ਜਾਪਿਆ ਮੇਰਾ ਕੋਈ ਜਾਣੂ ਹੋਵੇਗਾ। ਇਸ ਕਰਕੇ ਮੈਥੋਂ ਦੱਸਿਆ ਗਿਆ।

ਇੱਥੇ ਇਹ ਦੱਸਣਾ ਵੀ ਉਚਿਤ ਹੋਵੇਗਾ ਕਿ ਉਹ ਠੇਠ ਪੰਜਾਬੀ ਬੋਲ ਰਿਹਾ ਸੀ। ਉਸ ਅੱਗੋਂ ਦੱਸਿਆ ਕਿ ਮੈਂ ਦਿੱਲੀ ਪੁਲਿਸ ਤੋਂ ਬੋਲ ਰਿਹਾ ਹਾਂ। ਤੁਹਾਡਾ ਬੇਟਾ ਇਕ ਗੰਭੀਰ ਕੇਸ ਵਿਚ ਫਸ ਗਿਆ ਹੈ। ਜਦੋਂ ਮੈਂ ਪੁੱਛਿਆ ਕਿ ਕਿਹੜੇ ਕੇਸ ਵਿਚ ਫਸ ਗਿਆ ਤਾਂ ਉਸ ਆਖਿਆ, ਕਿ ਉਹ ਆਪਣੇ ਦਫ਼ਤਰ ਜਾ ਰਿਹਾ ਸੀ। ਰਾਹ ਵਿਚ ਕਿਸੇ ਨੇ ਉਸ ਤੋਂ ਲਿਫ਼ਟ ਮੰਗੀ ਤਾਂ ਤੁਹਾਡੇ ਬੇਟੇ ਨੇ ਆਪਣੀ ਗੱਡੀ ਵਿਚ ਬਿਠਾ ਲਿਆ।

ਅਸੀਂ ਨਾਕੇ 'ਤੇ ਜਦੋਂ ਕਾਰ ਦੀ ਤਲਾਸ਼ੀ ਲਈ ਤਾਂ ਉਸ ਬੰਦੇ ਕੋਲੋਂ ਨਸ਼ੇ ਦੀਆਂ ਪੁੜੀਆਂ ਮਿਲੀਆਂ। ਅਸੀਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪਰ ਕਿਉਂਕਿ ਉਹ ਤੁਹਾਡੇ ਬੇਟੇ ਦੀ ਗੱਡੀ ਵਿਚ ਸੀ, ਇਸ ਕਰਕੇ ਉਸ ਨੂੰ ਵੀ ਗ੍ਰਿਫ਼ਤਾਰ ਕਰਨਾ ਪਿਆ। ਮੈਂ ਤੁਹਾਨੂੰ ਇਸ ਕਰਕੇ ਫੋਨ ਕੀਤਾ ਕਿ ਤੁਸੀਂ ਸ਼ਰੀਫ਼ ਆਦਮੀ ਹੋ। ਸਮਾਜ ਵਿਚ ਤੁਹਾਡੀ ਇੱਜ਼ਤ ਹੈ ਤੇ ਤੁਹਾਡਾ ਬੇਟਾ ਵੀ ਚੰਗੇ ਅਹੁਦੇ ਉੱਤੇ ਹੈ। ਜੇਕਰ ਉਸ ਨੂੰ ਸਜ਼ਾ ਹੋ ਗਈ ਤਾਂ ਜ਼ਿੰਦਗੀ ਬਰਬਾਦ ਹੋ ਜਾਵੇਗੀ। ਮੈਂ ਆਖਿਆ ਕਿ ਬੇਟੇ ਨਾਲ ਮੇਰੀ ਗੱਲ ਕਰਵਾਓ।'' ਉਸ ਨੇ ਆਖਿਆ, ''ਲਓ ਕਰੋ।'' ਫੋਨ 'ਤੇ ਕੋਈ ਰੋਂਦਾ ਹੋਇਆ ਆਖ ਰਿਹਾ ਸੀ, ''ਡੈਡੀ, ਮੈਨੂੰ ਬਚਾ ਲਵੋ ਤੇ ਉੱਚੀ-ਉੱਚੀ ਰੋਣ ਲੱਗ ਪਿਆ। ਮੈਂ ਉਸ ਨੂੰ ਤਸੱਲੀ ਦਿੱਤੀ ਕਿ ਤੂੰ ਫ਼ਿਕਰ ਨਾ ਕਰ, ਤੈਨੂੰ ਕੁਝ ਨਹੀਂ ਹੋਣ ਦਿੰਦਾ।'' ਮੈਂ ਫੋਨ ਕਰਨ ਵਾਲੇ ਨੂੰ ਪੁੱਛਿਆ ਕਿ ਹੁਣ ਕੀ ਕੀਤਾ ਜਾਵੇ। ਉਹ ਆਖਣ ਲੱਗਾ ਕਿ ਸਾਡਾ ਸਾਹਿਬ ਪਰੇ ਖੜ੍ਹਾ ਹੈ। ਮੈਂ ਉਸ ਨਾਲ ਗੱਲ ਕਰਦਾਂ ਪਰ ਤੁਸੀਂ ਫੋਨ ਬੰਦ ਨਹੀਂ ਕਰਨਾ। ਦੋ ਕੁ ਮਿੰਟ ਪਿੱਛੋਂ ਮੁੜ ਆਖਣ ਲੱਗਾ ਕਿ ਮੈਂ ਸਾਹਿਬ ਨੂੰ ਬੜੀ ਮੁਸ਼ਕਲ ਨਾਲ ਮਨਾਇਆ ਹੈ। ਚਾਰ ਲੱਖ ਮੰਗ ਰਿਹਾ ਹੈ। ਮੈਂ ਆਖਿਆ, ''ਮੇਰੇ ਕੋਲ ਇੰਨੇ ਪੈਸੇ ਤਾਂ ਨਹੀਂ ਹਨ।''

ਉਹ ਕਹਿੰਦਾ, ''ਤੁਸੀਂ ਕੀ ਦੇਵੋਗੇ।'' ਮੈਂ ਆਖਿਆ ਕਿ ਮੈਂ ਤਾਂ ਦੋ ਲੱਖ ਹੀ ਦੇ ਸਕਦਾ ਹਾਂ। ਉਸ ਨੇ ਕਿਹਾ ਕਿ ਮੈਂ ਕੋਸ਼ਿਸ਼ ਕਰਦਾ ਹਾਂ। ਥੋੜੀ ਦੇਰ ਪਿੱਛੋਂ ਆਖਣ ਲੱਗਾ, ''ਮੈਂ ਬੜੀ ਮੁਸ਼ਕਲ ਨਾਲ ਮਨਾਇਆ ਹੈ। ਤੁਸੀਂ ਇੰਜ ਕਰੋ, ਮੈਂ ਤੁਹਾਨੂੰ ਬੈਂਕ ਤੇ ਖਾਤਾ ਨੰਬਰ ਦੱਸਦਾ ਹਾਂ, ਹੁਣੇ ਪੈਸੇ ਭੇਜ ਦਿਉ ਪਰ ਫੋਨ ਬੰਦ ਨਹੀਂ ਕਰਨਾ। ਤੁਸੀਂ ਫੋਨ ਬੰਦ ਕਰ ਦਿੱਤਾ ਤਾਂ ਸਾਹਿਬ ਨੇ ਚਾਲਾਨ ਕਰ ਦੇਣਾ ਹੈ, ਫਿਰ ਮੈਂ ਕੁਝ ਨਹੀਂ ਕਰ ਸਕਾਂਗਾ।'' ਉਸ ਨੇ ਦਵਾਰਕਾ ਦੇ ਇਕ ਬੈਂਕ ਦਾ ਨੰਬਰ ਲਿਖਵਾਇਆ ਤੇ ਖਾਤਾਧਾਰਕ ਕੋਈ ਔਰਤ ਸੀ। ਖ਼ੁਸ਼ਕਿਸਮਤੀ ਸਮਝੋ ਕਿ ਮੈਨੂੰ ਮੋਬਾਈਲ ਰਾਹੀਂ ਪੈਸੇ ਭੇਜਣੇ ਨਹੀਂ ਆਉਂਦੇ ਸੀ। ਮੈਂ ਆਖਿਆ ਕਿ ਕੁਝ ਸਮਾਂ ਲੱਗੇਗਾ। ਮੈਂ ਆਪਣੇ ਬੈਂਕ ਜਾ ਕੇ ਪੈਸੇ ਭੇਜਦਾ ਹਾਂ।'' ਉਹ ਆਖਣ, ਲੱਗਾ ਇੰਨੀ ਦੇਰ ਸਾਹਿਬ ਨੇ ਉਡੀਕ ਨਹੀਂ ਕਰਨੀ, ਪੈਸੇ ਤਾਂ ਹੁਣੇ ਭੇਜੋ ਨਹੀਂ ਤਾਂ ਚਾਲਾਨ ਭਰਿਆ ਜਾਵੇਗਾ। ਮੈਂ ਬੇਨਤੀ ਕੀਤੀ ਕਿ ਮੈਨੂੰ ਫੋਨ ਰਾਹੀਂ ਪੈਸੇ ਭੇਜਣੇ ਨਹੀਂ ਆਉਂਦੇ, ਮੇਰੀ ਮਜਬੂਰੀ ਹੈ। ਉਹ ਆਖਣ ਲੱਗਾ ਕਿ ਗੁਆਂਢੀ ਰਾਹੀਂ ਭਿਜਵਾ ਦਿਉ।''




ਮੇਰੀ ਮਜਬੂਰੀ ਸੀ ਤੇ ਉਧਰ ਉਹ ਵੀ ਮੰਨ ਨਹੀਂ ਰਿਹਾ ਸੀ। ਇਸ 'ਤੇ ਮੈਨੂੰ ਸ਼ੱਕ ਹੋ ਗਿਆ ਤੇ ਮੈਂ ਆਖ ਬੈਠਾ ਕਿ ਜਿਸ ਤਰ੍ਹਾਂ ਤੁਸੀਂ ਕਰ ਰਹੇ ਹੋ, ਮੈਨੂੰ ਤਾਂ ਫਰਾਡ ਲੱਗਦਾ ਹੈ। ਇਹ ਸੁਣ ਕੇ ਉਸ ਨੇ ਫੋਨ ਬੰਦ ਕਰ ਦਿੱਤਾ। ਉਦੋਂ ਹੀ ਮੈਂ ਆਪਣੇ ਬੇਟੇ ਨੂੰ ਫੋਨ ਮਿਲਾਇਆ। ਜਦੋਂ ਉਸ ਨੇ ਦੱਸਿਆ ਕਿ ਉਹ ਤਾਂ ਆਪਣੇ ਦਫ਼ਤਰ ਵਿਚ ਹੈ ਤੇ ਅਜਿਹੀ ਕੋਈ ਘਟਨਾ ਨਹੀਂ ਹੋਈ ਤਾਂ ਮੈਂ ਸ਼ੁਕਰ ਕੀਤਾ ਕਿ ਮੈਂ ਆਪਣੇ-ਆਪ ਨੂੰ ਕੋਸਦਾ ਹੁੰਦਾ ਸਾਂ ਕਿ ਮੈਨੂੰ ਮੋਬਾਈਲ ਰਾਹੀਂ ਪੇਮੈਂਟ ਕਰਨੀ ਨਹੀਂ ਆਉਂਦੀ, ਸਿੱਖਣੀ ਚਾਹੀਦੀ ਹੈ ਪਰ ਉਸ ਦਿਨ ਇਹ ਨਾ ਆਉਣਾ ਮੇਰੇ ਲਈ ਵਰਦਾਨ ਬਣ ਕੇ ਆਇਆ।

ਕੁਝ ਦਿਨ ਪਹਿਲਾਂ ਰਾਤ ਦੇ ਦਸ ਕੁ ਵਜੇ ਵ੍ਹਟਸਐਪ 'ਤੇ ਫੋਨ ਆਇਆ। ਮੇਰੇ ਹੈਲੋ ਆਖਣ 'ਤੇ ਉਹ ਬੋਲਿਆ, ''ਮਾਮਾ ਜੀ, ਸਤਿ ਸ੍ਰੀ ਅਕਾਲ, ਕੈਨੇਡਾ ਤੋਂ ਬੋਲ ਰਿਹਾ ਹਾਂ। ਪਹਿਚਾਣਿਆ ਮੈਨੂੰ।'' ਮੈਂ ਆਖਿਆ, ''ਕੋਸ਼ਿਸ਼ ਕਰ ਰਿਹਾਂ ਪਰ ਯਾਦ ਨਹੀਂ ਆ ਰਿਹਾ''। ਉਸ ਨੇ ਕਿਹਾ, ਕੋਸ਼ਿਸ਼ ਕਰੋ। ਮੇਰੀ ਇਕ ਦੂਰ ਦੀ ਭੈਣ ਦੇ ਬੱਚੇ ਉੱਥੇ ਰਹਿੰਦੇ ਹਨ। ਮੈਂ ਸੋਚਿਆ ਉਹੀ ਹੋਣਗੇ। ਮੈਂ ਪੁੱਛਿਆ ਕੀ ਕੁਲਵੰਤ ਬੋਲ ਰਿਹਾ ਏਂ। ਉਸ ਨੇ ਆਖਿਆ, ''ਓਹ, ਮਾਮਾ ਜੀ ਤੁਸੀਂ ਪਛਾਣ ਹੀ ਲਿਆ। ਮੈਨੂੰ ਆਪ ਨੂੰ ਮਿਲਿਆਂ ਬਹੁਤ ਸਾਲ ਹੋ ਗਏ। ਇਸ ਉਮਰ ਵਿਚ ਕਿੱਥੇ ਯਾਦ ਰਹਿੰਦਾ ਹੈ।'' ਉਹ ਪੁੱਛਣ ਲੱਗਾ, ''ਹੋਰ, ਮਾਮਾ ਜੀ, ਮਾਮੀ ਜੀ ਠੀਕ ਹਨ।''

ਮੈਂ ਕਿਹਾ ਕਿ ਬਿਲਕੁਲ ਠੀਕ ਹਾਂ। ਉਸ ਨੇ ਕਿਹਾ ਕਿ ਮਾਮਾ ਜੀ, ਮੇਰਾ ਇਕ ਕੰਮ ਕਰੋ। ਮੈਂ ਉਸ ਨੂੰ ਕਿਹਾ ਕਿ ਦੱਸ ਕੀ ਕਰਨਾ ਹੈ? ਉਸ ਨੇ ਕਿਹਾ ਕਿ ਮੈਂ ਤੁਹਾਨੂੰ ਕੁਝ ਪੈਸੇ ਭੇਜਣੇ ਹਨ। ਆਪਣਾ ਬੈਂਕ ਦਾ ਨੰਬਰ ਭੇਜੋ। ਜਦ ਮੈਂ ਉਸ ਨੂੰ ਪੁੱਛਿਆ ਕਿ ਮੈਨੂੰ ਕਿਉਂ ਭੇਜਣੇ ਹਨ, ਆਪਣੇ ਘਰਦਿਆਂ ਨੂੰ ਭੇਜ ਤਾਂ ਉਹ ਕਹਿਣ ਲੱਗਾ,'' ਨਹੀਂ, ਮੈਂ ਉਨ੍ਹਾਂ ਨੂੰ ਨਹੀਂ ਭੇਜਣੇ। ਮੈਂ ਅਗਲੇ ਮਹੀਨੇ ਆਉਣਾ ਹੈ ਤੇ ਤੁਹਾਡੇ ਤੋਂ ਲੈ ਲਵਾਂਗਾ।''

ਮੈਂ ਉਸ ਨੂੰ ਕਿਹਾ ਕਿ ਨਹੀਂ ਬਈ, ਮੈਂ ਬੁੱਢੇ ਬਰੇ ਇਸ ਝੰਜਟ 'ਚ ਨਹੀਂ ਪੈਣਾ। ਨਾਲੇ ਮੈਨੂੰ ਹੁਣ ਖਾਤਾ ਨੰਬਰ ਵੀ ਜ਼ੁਬਾਨੀ ਯਾਦ ਨਹੀਂ ਹੈ। ਉਹ ਕਹਿਣ ਲੱਗਾ, ''ਪਲੀਜ਼ ਮਾਮਾ ਜੀ, ਇੰਝ ਨਾ ਕਰੋ। ਮੈਨੂੰ ਤੁਹਾਡੇ ਨਾਲ ਬਹੁਤ ਲਗਾਅ ਹੈ।'' ਮੈਂ ਉਸ ਨੂੰ ਕਿਹਾ ਕਿ ਮੇਰੀ ਮਜਬੂਰੀ ਹੈ। ਇਸ ਵੇਲੇ ਰਾਤ ਨੂੰ ਮੈਂ ਪਾਸਬੁੱਕ ਕਿੱਥੋਂ ਲੱਭਦਾ ਫਿਰਾਂਗਾ।

ਮੇਰੀ ਗੱਲ ਸੁਣ ਕੇ ਉਹ ਕਹਿਣ ਲੱਗਾ, ''ਅੱਛਾ ਮਾਮਾ ਜੀ, ਮੈਨੂੰ ਤਾਂ ਤੁਹਾਡੇ ਤੋਂ ਬਹੁਤ ਉਮੀਦ ਸੀ।'' ਮੈਂ ਉਸ ਨੂੰ ਦੱਸਿਆ, ''ਮੇਰੀ ਮਜਬੂਰੀ ਹੈ ਬੇਟਾ। ਸਤਿ ਸ੍ਰੀ ਅਕਾਲ।'' ਸ਼ਾਇਦ ਮੈਂ ਨੰਬਰ ਦੱਸ ਵੀ ਦਿੰਦਾ ਪਰ ਕੋਸ਼ਿਸ਼ ਕਰਨ 'ਤੇ ਵੀ ਮੈਨੂੰ ਆਪਣਾ ਖਾਤਾ ਨੰਬਰ ਯਾਦ ਨਹੀਂ ਰਹਿੰਦਾ ਕਿਉਂਕਿ ਹੁਣ ਕਾਫ਼ੀ ਲੰਬੇ ਨੰਬਰ ਹੋ ਗਏ ਹਨ। ਇੱਥੇ ਵੀ ਮੇਰੀ ਯਾਦਦਾਸ਼ਤ ਦੀ ਕਮਜ਼ੋਰੀ ਮੇਰੀ ਸਹਾਇਕ ਬਣੀ।

ਪਰ ਪੰਜਾਬੀਆਂ ਦਾ ਇਸ ਪਾਸੇ ਤੁਰਨਾ ਬਹੁਤ ਹੀ ਬੁਰਾ ਹੈ। ਦੁਨੀਆ ਦਾ ਸ਼ਾਇਦ ਹੀ ਕੋਈ ਅਜਿਹਾ ਭੈੜ ਹੋਵੇਗਾ ਜਿਸ ਨੂੰ ਸਾਡੀ ਨਵੀਂ ਪੀੜ੍ਹੀ ਨਹੀਂ ਅਪਣਾ ਰਹੀ। ਵਿਦੇਸ਼ ਤੋਂ ਨਿੱਤ ਖ਼ਬਰਾਂ ਮਿਲਦੀਆਂ ਹਨ ਜਿਨ੍ਹਾਂ ਤੋਂ ਪੰਜਾਬੀ ਮੁੰਡਿਆਂ ਤੇ ਕੁੜੀਆਂ ਵੱਲੋਂ ਨਸ਼ਾ ਤਸਕਰੀ, ਗੁੰਡਾਗਰਦੀ ਅਤੇ ਗ਼ਲਤ ਕੰਮ ਕਰਨ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਿੱਥੇ ਪੰਜਾਬੀ ਵਿਦੇਸ਼ਾਂ ਵਿਚ ਵਪਾਰ, ਖੇਤੀ, ਪੜ੍ਹਾਈ ਅਤੇ ਰਾਜਨੀਤੀ ਵਿਚ ਮੱਲਾਂ ਮਾਰ ਰਹੇ ਹਨ ਉੱਥੇ ਹੀ ਕੁਝ ਬੰਦਿਆਂ ਦੇ ਕਾਰਨਾਮੇ ਕੌਮ ਨੂੰ ਬਦਨਾਮ ਕਰਦੇ ਹਨ।

# ਆਰਟੀਫਿਸ਼ੀਅਲ ਇੰਟੈਲੀਜੈਂਸ ਖੋਲ੍ਹ ਰਹੀ ਵਿਕਾਸ ਦੇ ਨਵੇਂ ਰਾਹ

ਡਾ. ਸੀ. ਪੀ. ਕੰਬੋਜ

ਇਸ ਸਾਲ ਭਾਰਤ ਸਰਕਾਰ ਨੇ ਮਸ਼ੀਨੀ ਬੁੱਧੀਮਤਾ ਦੇ ਖੇਤਰ ਵਿਚ ਖ਼ਾਸ ਉਪਰਾਲੇ ਕੀਤੇ ਹਨ। ਸਰਕਾਰ ਨੇ 'ਭਾਰਤੀ ਏਆਈ ਮਿਸ਼ਨ' ਤਹਿਤ ਲਗਪਗ 10 ਹਜ਼ਾਰ ਕਰੋੜ ਰੁਪਏ ਰਾਖਵੇਂ ਰੱਖੇ ਹਨ। ਇਹ ਰਕਮ ਵੱਖ-ਵੱਖ ਭਾਰਤੀ ਜ਼ੁਬਾਨਾਂ ਦਾ ਏਆਈ ਰਾਹੀਂ ਵਿਕਾਸ ਕਰਨ, ਖੇਤੀ, ਸੁਰੱਖਿਆ, ਸਿੱਖਿਆ, ਸਿਹਤ ਅਤੇ ਵਾਤਾਵਰਨ ਸੰਭਾਲ ਲਈ ਖ਼ਰਚ ਕੀਤੀ ਜਾਵੇਗੀ। ਭਾਰਤ ਸਰਕਾਰ ਨੇ ਖ਼ੁਦ ਏਆਈ ਤਕਨਾਲੋਜੀ ਦਾ ਵਿਕਾਸ ਕਰਨ, ਡਾਟਾ ਮੁਹੱਈਆ ਕਰਵਾਉਣ, ਡਾਟੇ ਦੀ ਗੁਣਵੱਤਾ 'ਤੇ ਵਿਸ਼ੇਸ਼ ਧਿਆਨ ਦੇਣ ਲਈ ਗੂਗਲ, ਮੈਟਾ ਤੇ ਆਈਬੀਐੱਮ ਦੀ ਮਦਦ ਨਾਲ ਕੰਮ ਸ਼ੁਰੂ ਕਰ ਦਿੱਤਾ ਹੈ। ਭਾਰਤ ਦੇ ਏਆਈ ਮਿਸ਼ਨ ਦਾ ਇਕ ਮੰਤਵ ਚੋਟੀ ਦੇ ਏਆਈ ਪੇਸ਼ੇਵਾਰਾਂ ਨੂੰ ਭਾਰਤ ਵਿਚ ਕੰਮ ਕਰਨ ਲਈ ਪ੍ਰੇਰਿਤ ਕਰਨਾ, ਸਿੱਖਿਆ ਸੰਸਥਾਵਾਂ ਅਤੇ ਆਈਟੀ ਸਨਅਤਾਂ ਵਿਚਕਾਰ ਦੁਵੱਲੇ ਸਬੰਧ ਬਣਾਉਣਾ ਹੈ। ਮਿਸ਼ਨ ਦਾ ਮੰਤਵ ਏਆਈ ਸਟਾਰਟਅੱਪਸ ਲਈ ਵਿੱਤੀ ਸਹਾਇਤਾ ਦੇਣਾ ਅਤੇ ਏਆਈ ਦੇ ਨੈਤਿਕ ਵਿਕਾਸ ਉੱਤੇ ਜ਼ੋਰ ਵੀ ਦੇਣਾ ਹੈ ਅਤੇ ਸੁਰੱਖਿਅਤ ਤੇ ਭਰੋਸੇਮੰਦ ਏਆਈ ਦੇ ਵਿਕਾਸ ਲਈ ਕੰਮ ਕਰਨਾ ਹੈ। ਭਾਰਤ ਸਰਕਾਰ ਅਗਸਤ 2022 ਤੋਂ ਭਾਰਤੀ ਭਾਸ਼ਾਵਾਂ ਦੇ ਡਿਜੀਟਲੀਕਰਨ ਅਤੇ ਸਾਈਬਰ ਵਿਕਾਸ ਲਈ ਇਕ ਵਿਸ਼ੇਸ਼ 'ਭਾਸ਼ਿਨੀ' ਪ੍ਰਾਜੈਕਟ ਸ਼ੁਰੂ ਕਰ ਚੁੱਕੀ ਹੈ। ਇਸ ਪ੍ਰਾਜੈਕਟ ਦਾ ਮੰਤਵ ਡਿਜੀਟਲ ਮਾਧਿਅਮ ਉੱਤੇ ਭਾਰਤੀ ਭਾਸ਼ਾਵਾਂ ਦੀ ਵੱਧ ਤੋਂ ਵੱਧ ਵਰਤੋਂ ਕਰਨਾ ਹੈ। ਇਸ ਪ੍ਰਾਜੈਕਟ ਤਹਿਤ ਏਆਈ ਆਧਾਰਤ ਚੈਟਬੋਟ, ਟਾਈਪਿੰਗ ਸੁਵਿਧਾ, ਸਪੈਲਿੰਗ ਅਤੇ ਗਰੈਮਰ ਚੈੱਕਰ, ਸੀਆਰ (ਤਸਵੀਰ ਤੋਂ ਪਾਠ ਬਦਲੀ), ਪਾਠ ਤੋਂ ਬੋਲ, ਬੋਲ ਤੋਂ ਪਾਠ, ਪਾਠ ਸੰਖੇਪਕਾਰ, ਅਨੁਵਾਦ, ਲਿਪੀਅੰਤਰਨ ਆਦਿ ਟੂਲ ਵਿਕਸਤ ਕੀਤੇ ਜਾਣਗੇ। ਇਸ ਪ੍ਰਾਜੈਕਟ ਦਾ ਇਕ ਮੰਤਵ ਭਾਰਤੀ ਨਾਗਰਿਕਾਂ ਨੂੰ ਤਕਨਾਲੋਜੀ ਦੀ ਵਰਤੋਂ ਵਿਚ ਸੁਖਾਲਾ ਕਰਨਾ ਵੀ ਹੈ।

ਭਾਰਤ ਸਰਕਾਰ ਨੇ 7 ਰਾਜਾਂ ਨੂੰ ਵਿੱਤੀ ਸਹਾਇਤਾ ਦੇ ਕੇ ਏਆਈ ਦੇ ਖੇਤਰ ਵਿਚ ਖੋਜ ਕਾਰਜ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੈ। ਉਸ ਨੇ ਏਆਈ ਦੇ ਵਿਕਾਸ ਲਈ ਗੁਜਰਾਤ ਲਈ 990 ਕਰੋੜ ਰੁਪਏ ਰਾਖਵੇਂ ਰੱਖੇ ਹਨ। ਇਹ ਰਕਮ ਆਈਬੀਐੱਮ ਦੀ ਮਦਦ ਨਾਲ ਸਿਹਤ, ਖੇਤੀ, ਬੈਂਕਿੰਗ ਆਦਿ ਦੇ ਕੰਮਾਂ ਵਿਚ ਏਆਈ ਦੇ ਵਿਕਾਸ ਅਤੇ ਖੋਜ ਲਈ ਵਰਤੀ ਜਾਵੇਗੀ। ਗੁਜਰਾਤ ਸਰਕਾਰ ਏਆਈ ਬਾਰੇ ਨਾਗਰਿਕਾਂ ਨੂੰ ਸਿਖਲਾਈ ਵੀ ਦੇਵੇਗੀ। ਇਸੇ ਤਰ੍ਹਾਂ ਕਾਲਜਾਂ ਲਈ ਸਿੱਖਣ ਤੇ ਪ੍ਰਯੋਗ ਕਰਨ ਲਈ ਵਿਸ਼ੇਸ਼ ਏਆਈ ਆਧਾਰਤ ਟੂਲ ਬਣਾਉਣ ਦਾ ਕੰਮ ਵੀ ਕੀਤਾ ਜਾਵੇਗਾ।'ਤਾਮਿਲਨਾਡੂ ਆਰਟੀਫੀਸ਼ੀਅਲ ਇੰਟੈਲੀਜੈਂਸ ਮਿਸ਼ਨ' ਨੂੰ ਪੰਜ ਸਾਲ ਵਿਚ ਪੂਰਾ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਇਸ ਮੰਤਵ ਲਈ ਕੇਂਦਰ ਸਰਕਾਰ ਨੇ ਤਾਮਿਲਨਾਡੂ ਨੂੰ 13193 ਕਰੋੜ ਰੁਪਏ ਜਾਰੀ ਕੀਤੇ ਹਨ। ਰਾਜ ਸਰਕਾਰ ਸ਼ਾਸਨ ਪ੍ਰਬੰਧ ਅਤੇ ਅਰਥਚਾਰੇ ਨੂੰ ਉਤਾਂਹ ਚੁੱਕਣ ਲਈ ਏਆਈ ਆਧਾਰਤ ਖੋਜਾਂ ਕਰੇਗੀ। ਆਂਧਰ ਪ੍ਰਦੇਸ਼ ਸਰਕਾਰ ਗੂਗਲ ਦੀ ਮਦਦ ਨਾਲ ਅਮਰਾਵਤੀ ਸ਼ਹਿਰ ਨੂੰ 'ਏਆਈ ਸਿਟੀ' ਬਣਾਉਣ ਜਾ ਰਹੀ ਹੈ। ਸਰਕਾਰ 'ਏਆਈ ਫ਼ਾਰ ਆਂਧਰ ਪ੍ਰਦੇਸ਼ ਪਾਵਰ ਬਾਏ ਗੂਗਲ' ਨਾਮ ਤਹਿਤ ਖੇਤੀ, ਸਿਹਤ ਸੰਭਾਲ, ਰੁਜ਼ਗਾਰ ਲਈ ਸਿਖਲਾਈ ਅਤੇ ਵਾਤਾਵਰਨ ਸੰਭਾਲ 'ਤੇ ਕੰਮ ਕਰੇਗੀ। ਰਾਜ ਸਰਕਾਰ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਲਈ ਇਕ ਪ੍ਰਬੰਧਨ ਇਕਾਈ ਸਥਾਪਤ ਕਰੇਗੀ। ਆਈਆਈਐੱਸਸੀ, ਆਈਆਈਟੀ, ਐੱਨਆਈਟੀ ਆਦਿ ਸਿੱਖਿਆ ਸੰਸਥਾਵਾਂ ਰਾਹੀਂ ਇੰਜੀਨੀਅਰਿੰਗ ਦੇ 200 ਵਿਦਿਆਰਥੀ ਸਿਖਲਾਈ ਲੈਣਗੇ ਜਿਨ੍ਹਾਂ ਨੂੰ ਪ੍ਰਤੀ ਮਹੀਨਾ 15 ਹਜ਼ਾਰ ਰੁਪਏ ਵਜ਼ੀਫ਼ਾ ਦਿੱਤਾ ਜਾਵੇਗਾ।

ਕਰਨਾਟਕ ਸਰਕਾਰ ਨੇ ਏਆਈ ਆਧਾਰਤ



'ਸਿਕਸ਼ਾ ਕੋ-ਪਾਇਲਟ' ਨਾਮ ਦਾ ਸਿੱਖਿਆ ਸਹਾਇਕ ਤਿਆਰ ਕੀਤਾ ਹੈ ਜੋ ਵਿਦਿਆਰਥੀਆਂ ਨੂੰ ਪੜ੍ਹਾ ਸਕਦਾ ਹੈ ਅਤੇ ਅਧਿਆਪਕਾਂ ਨੂੰ ਆਪਣੇ ਕੰਮ ਵਿਚ ਸਹਿਯੋਗ ਦੇ ਸਕਦਾ ਹੈ। ਕਰਨਾਟਕ ਸਰਕਾਰ 2029 ਤੱਕ 500 ਵਿਸ਼ਵ ਪੱਧਰੀ ਹੁਨਰ ਵਿਕਾਸ ਕੇਂਦਰ ਸਥਾਪਤ ਕਰੇਗੀ ਜਿਨ੍ਹਾਂ ਨਾਲ ਸਾਢੇ ਤਿੰਨ ਲੱਖ ਨੌਕਰੀਆਂ ਪੈਦਾ ਹੋਣਗੀਆਂ। ਮਹਾਰਾਸ਼ਟਰ ਸਰਕਾਰ ਨੇ ਗੂਗਲ ਦੀ ਸਹਾਇਤਾ ਨਾਲ ਖੇਤੀ, ਸਿਹਤ ਅਤੇ ਸਿੱਖਿਆ ਵਿਚ ਏਆਈ ਰਾਹੀਂ ਸੁਧਾਰ ਕਰਨ ਦਾ ਵਿਆਪਕ ਪ੍ਰਾਜੈਕਟ ਆਰੰਭਿਆ ਹੈ। ਸਰਕਾਰ 'ਨੈਸ਼ਨਲ ਇੰਸਟੀਚਿਊਟ ਆਫ ਇਲੈਕਟ੍ਰਾਨਿਕਸ ਐਂਡ ਆਈਟੀ' ਦੀ ਮਦਦ ਨਾਲ ਉਦਯੋਗਾਂ ਨੂੰ ਏਆਈ ਨਾਲ ਜੋੜੇਗੀ। ਸਰਕਾਰ ਏਆਈ, ਆਈ ਟੀ, ਰੋਬੋਟਿਕਸ ਅਤੇ ਇੰਡਸਟਰੀ-4.0 ਲਈ ਇਕ ਵਿਲੱਖਣ ਕੇਂਦਰ ਵੀ ਸਥਾਪਤ ਕਰੇਗੀ। ਕੇਂਦਰ ਸਰਕਾਰ ਨੇ ਤੇਲੰਗਾਨਾ ਦੇ ਹੈਦਰਾਬਾਦ ਸ਼ਹਿਰ ਵਿਚ 'ਵਿਸ਼ਵ ਵਪਾਰ ਕੇਂਦਰ' ਖੋਲ੍ਹਣ ਦੀ ਤਜਵੀਜ਼ ਬਣਾਈ ਹੈ। ਤੇਲੰਗਾਨਾ ਸਰਕਾਰ ਨੇ ਜਨਤਕ ਸੇਵਾਵਾਂ ਦੇ ਸੁਧਾਰ ਲਈ ਮੈਟਾ ਕੰਪਨੀ ਦੇ ਏਆਈ ਮਾਡਲ 'ਲਾਮਾ' ਦੀ ਵਰਤੋਂ ਕਰਨ ਲਈ ਸਮਝੌਤਾ ਕੀਤਾ ਹੈ। ਆਈਆਈਟੀ ਹੈਦਰਾਬਾਦ ਦੇ ਸਹਿਯੋਗ ਨਾਲ ਏਆਈ ਦੇ ਖੇਤਰ ਵਿਚ ਵਿਆਪਕ ਖੋਜਾਂ ਕੀਤੀਆਂ ਜਾਣਗੀਆਂ ਅਤੇ ਇਸ ਨਾਲ ਵਿਸ਼ਵ ਵਿਆਪੀ ਮੋਹਰੀ ਏਆਈ ਕੰਪਨੀਆਂ ਨੂੰ ਆਕਰਸ਼ਤ ਕੀਤਾ ਜਾਵੇਗਾ। ਕੇਰਲ ਸਰਕਾਰ ਨੇ ਜੈਨਰੇਟਿਵ ਏਆਈ ਦੇ ਵਿਕਾਸ ਲਈ ਸੂਬੇ ਵਿਚ ਵਿਸ਼ਵ-ਵਿਆਪੀ ਏਆਈ ਮੰਚ ਤਿਆਰ ਕਰਨ ਦਾ ਐਲਾਨ ਕੀਤਾ ਹੈ। ਇਸ ਨਾਲ ਅਰਥਚਾਰੇ ਦੇ ਵਿਕਾਸ ਅਤੇ ਖੋਜ ਵਿਚ ਮਦਦ ਮਿਲੇਗੀ।

ਭਾਰਤ ਸਰਕਾਰ ਉਪਰੋਕਤ ਵੱਖ-ਵੱਖ ਪ੍ਰਾਜੈਕਟਾਂ ਤਹਿਤ ਏਆਈ ਦੇ ਵਿਕਾਸ ਲਈ ਉੱਦਮ ਕਰ ਰਹੀ ਹੈ। ਏਆਈ ਨੂੰ ਬੇਲਗਾਮੇਂ ਹੋਣ ਤੋਂ ਰੋਕਣ ਲਈ ਸਰਕਾਰ ਦਾ ਮੁੱਖ ਟੀਚਾ ਸੁਰੱਖਿਅਤ ਤੇ ਭਰੋਸੇਮੰਦ ਏਆਈ ਤਕਨਾਲੋਜੀ ਦਾ ਵਿਕਾਸ ਕਰਨਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਏਆਈ ਨੇ ਮੁਲਕਾਂ ਦੇ ਵਿਕਾਸ ਦੇ ਨਵੇਂ ਮਾਪਦੰਡ ਤੈਅ ਕੀਤੇ ਹਨ ਤੇ ਵਿਕਸਤ ਮੁਲਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣਾ ਸਾਡੀ ਮਜਬੂਰੀ ਬਣ ਗਿਆ ਹੈ ਪਰ ਭਾਰਤੀ ਏਆਈ ਮਿਸ਼ਨ ਵਿਚ ਪੰਜਾਬ ਨੂੰ ਬਣਦੀ ਥਾਂ ਨਹੀਂ ਦਿੱਤੀ ਗਈ। ਕੀ ਦੋ ਵਕਤ ਦੀ ਰੋਟੀ ਤੋਂ ਮੁਥਾਜ ਲੋਕਾਂ ਲਈ ਏਆਈ ਕੁਝ ਕਰੇਗੀ? ਕੀ ਸੁਵਿਧਾਵਾਂ ਤੋਂ ਸੱਖਣੇ ਘੁੱਪ-ਹਨੇਰੀਆਂ ਰਾਤਾਂ ਵਾਲੇ ਪਿੰਡਾਂ ਨੂੰ ਰੁਸ਼ਨਾਉਣ 'ਚ ਏਆਈ ਮਦਦ ਕਰੇਗੀ? ਕੀ ਅਦਾਲਤਾਂ ਵਿਚ ਨਿਆਂ ਦੀ ਉਡੀਕ ਕਰਦੀਆਂ ਫਾਈਲਾਂ ਨੂੰ ਏਆਈ ਦਾ ਰੇੜ੍ਹਾ ਰੇੜ੍ਹਨ ਵਿਚ ਕਾਮਯਾਬ ਹੋਵੇਗਾ? ਕੀ ਵੱਧ ਆਬਾਦੀ ਵਾਲੀ ਸੋਨੇ ਕੀ ਚਿੜੀਆ ਨੂੰ ਵਿਸ਼ਵ-ਵਿਆਪੀ ਏਆਈ ਕੰਪਨੀਆਂ ਗਾਹਕਾਂ ਦੇ ਨਜ਼ਰੀਏ ਨਾਲ ਵੇਖ ਕੇ ਆਪਣਾ ਜਾਲ ਬੁਣ ਰਹੀਆਂ ਹਨ? ਅਜਿਹੇ ਸੈਂਕੜੇ ਸਵਾਲ ਹਨ ਜਿਨ੍ਹਾਂ ਦੇ ਜਵਾਬ ਆਉਣ ਵਾਲਾ ਸਮਾਂ ਹੀ ਦੇਵੇਗਾ।

# ਪੰਜਾਬ ਘਰਾਣੇ ਦਾ ਮਹਾਨ ਤਬਲਾ ਵਾਦਕ ਸੀ ਜ਼ਾਕਿਰ ਹੁਸੈਨ

ਉਸਤਾਦ ਜ਼ਾਕਿਰ ਹੁਸੈਨ ਹਰ ਤਬਲਾ ਵਾਦਕ ਅਤੇ ਸੰਗੀਤ ਪ੍ਰੇਮੀ ਦੇ ਦਿਲ ਉੱਤੇ ਛਾਏ ਹੋਏ ਸਨ। ਉਨ੍ਹਾਂ ਦਾ ਜਨਮ ਪੰਜਾਬ ਘਰਾਣੇ ਦੇ ਖ਼ਲੀਫ਼ਾ ਮੰਨੇ ਜਾਂਦੇ ਉਸਤਾਦ ਅੱਲਾ ਰੱਖਾ ਖ਼ਾਨ ਦੇ ਘਰ ਮਾਂ ਬਾਵੀ ਬੇਗ਼ਮ ਦੀ ਕੁੱਖੋਂ 9 ਮਾਰਚ 1951 ਨੂੰ ਮੁੰਬਈ ਵਿਖੇ ਹੋਇਆ ਸੀ। ਪੰਜਾਬ ਘਰਾਣੇ ਦਾ ਤਬਲਾ ਅਤੇ ਉਸਤਾਦ ਅੱਲਾ ਰੱਖਾ ਖ਼ਾਨ ਸਾਹਿਬ ਦਾ ਆਪਣਾ ਬਣਾਇਆ ਹੋਇਆ ਤਬਲਾ, ਉਨ੍ਹਾਂ ਦੀਆਂ ਆਪਣੀਆਂ ਸਿਰਜੀਆਂ ਹੋਈਆਂ ਰਚਨਾਵਾਂ, ਵਾਦਨ ਸ਼ੈਲੀ ਆਦਿ ਸਭ ਕੁਝ ਜ਼ਾਕਿਰ ਹੁਸੈਨ ਜੀ ਨੂੰ ਬਚਪਨ ਤੋਂ ਹੀ ਆਪਣੇ ਪਿਤਾ ਜੀ ਕੋਲੋਂ ਪ੍ਰਾਪਤ ਹੋਇਆ। ਲਗਪਗ ਪੰਜ ਸਾਲ ਦੀ ਉਮਰ ਵਿਚ ਹੀ ਆਪ ਨੂੰ ਪਿਤਾ ਵੱਲੋਂ ਤਬਲਾ ਵਾਦਨ ਦੀ ਸਿੱਖਿਆ ਮਿਲਣੀ ਆਰੰਭ ਹੋ ਗਈ ਸੀ ਅਤੇ ਸਕੂਲ ਦੀ ਪੜ੍ਹਾਈ ਵੀ ਨਾਲ-ਨਾਲ ਚੱਲਦੀ ਰਹੀ। ਬਾਰਾਂ ਵਰ੍ਹਿਆਂ ਦੀ ਉਮਰ 'ਚ ਹੀ ਆਪ ਜੀ ਨੇ ਸੰਗੀਤ ਦੀ ਦੁਨੀਆ ਵਿਚ ਆਪਣੇ ਤਬਲਾ ਵਾਦਨ ਨਾਲ ਸਰੋਤਿਆਂ ਅਤੇ ਉਸਤਾਦਾਂ ਨੂੰ ਹੈਰਾਨ ਕਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੇ ਉਸਤਾਦ ਅਹਿਮਦ ਜਾਨ ਥਿਰਕਵਾ ਕੋਲੋਂ ਵੀ ਬਚਪਨ ਵਿਚ ਸਿੱਖਿਆ ਪ੍ਰਾਪਤ ਕੀਤੀ ਅਤੇ ਆਪਣੇ ਵਾਦਨ ਦੇ ਖੇਤਰ ਨੂੰ ਹੋਰ ਵਿਸ਼ਾਲ ਕੀਤਾ।



ਤਬਲਾ ਵਾਦਨ ਨੂੰ ਕਿਸੇ ਇਕ ਘਰਾਣੇ ਦੀ ਹੱਦ ਵਿਚ ਬੰਨ੍ਹਣ ਦੀ ਥਾਂ ਉਨ੍ਹਾਂ ਨੇ ਹਰ ਘਰਾਣੇ ਦੇ ਚੰਗੇ ਗੁਣ ਗ੍ਰਹਿਣ ਕਰਦਿਆਂ ਤਬਲਾ ਵਾਦਨ ਦੀ ਭਾਰਤੀ ਰਵਾਇਤ ਨੂੰ ਅਮੀਰ ਬਣਾਉਣ ਵੱਲ ਵਧੇਰੇ ਧਿਆਨ ਦਿੱਤਾ। ਨਾਮੀ ਕਲਾਕਾਰ ਪੰਡਿਤ ਰਵੀਸ਼ੰਕਰ, ਉਸਤਾਦ ਅਲੀ ਅਕਬਰ ਅਤੇ ਉਸਤਾਦ ਵਿਲਾਇਤ ਖ਼ਾਂ ਵਰਗੇ ਵੱਡੇ ਕਲਾਕਰਾਂ ਤੋਂ ਵੀ ਆਪ ਨੇ ਸਿੱਖਿਆ ਗ੍ਰਹਿਣ ਕੀਤੀ। ਸੇਂਟ ਮਾਈਕਲ ਸਕੂਲ ਮਹਿਮ ਤੋਂ ਪੜ੍ਹਾਈ ਪੂਰੀ ਕਰਨ ਉਪਰੰਤ ਜ਼ਾਕਿਰ ਹੁਸੈਨ ਨੇ ਸੇਂਟ ਜ਼ੇਵੀਅਰਜ਼ ਕਾਲਜ ਮੁੰਬਈ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਫਿਰ ਕਲਾ ਦੇ ਖੇਤਰ ਵਿਚ ਆਪਣੇ-ਆਪ ਨੂੰ ਸਥਾਪਤ ਕਰਨਾ ਸ਼ੁਰੂ ਕਰ ਦਿੱਤਾ। ਸਾਲ 1973 ਵਿਚ ਉਨ੍ਹਾਂ ਦਾ ਪਹਿਲਾ ਐਲਬਮ 'ਲਿਵਿੰਗ ਇਨ ਦਿ ਮੈਟੀਰੀਅਲ ਵਰਲਡ' ਆਇਆ ਸੀ।

ਉਸ ਤੋਂ ਬਾਅਦ ਤਾਂ ਜਿਵੇਂ ਜ਼ਾਕਿਰ ਹੁਸੈਨ ਨੇ ਠਾਣ ਲਿਆ ਕਿ ਆਪਣੇ ਤਬਲੇ ਦੀ ਆਵਾਜ਼ ਨੂੰ ਦੁਨੀਆ ਭਰ ਵਿਚ ਬਿਖੇਰਨਾ ਹੈ। ਸਾਲ 1973 ਤੋਂ ਲੈ ਕੇ 2010 ਤੱਕ ਉਨ੍ਹਾਂ ਨੇ ਵੱਖ-ਵੱਖ ਅੰਤਰਰਾਸ਼ਟਰੀ ਸਮਾਰੋਹਾਂ ਅਤੇ ਐਲਬਮਾਂ ਵਿਚ ਆਪਣੇ ਤਬਲਾ-ਵਾਦਨ ਦੀ ਧਾਕ ਜਮਾਈ। 'ਤਾਜ' ਬ੍ਰਾਂਡ ਦੀ ਪ੍ਰਸਿੱਧ ਚਾਹ-ਪੱਤੀ ਦੇ ਵਿਗਿਆਪਨ ਰਾਹੀਂ ਆਪ ਦੀ ਪਛਾਣ ਨੂੰ ਹੋਰ ਵੀ ਹੁਲਾਰਾ ਮਿਲਿਆ ਅਤੇ ਘਰ-ਘਰ ਵਿਚ ਉਨ੍ਹਾਂ ਲੋਕਾਂ ਨੂੰ ਵੀ ਤਬਲਾ ਨਵਾਜ਼ ਜ਼ਾਕਿਰ ਹੁਸੈਨ ਦਾ ਪਤਾ ਲੱਗਾ ਜਿਨ੍ਹਾਂ ਦਾ ਸੰਗੀਤ ਨਾਲ ਦੂਰ-ਦੂਰੇਡੇ ਦਾ ਵੀ ਸਬੰਧ ਨਹੀਂ ਸੀ। ਸੰਨ 1997 ਵਿਚ ਹਿੰਦੀ ਫਿਲਮ 'ਸਾਜ਼' ਵਿਚ ਉਨ੍ਹਾਂ ਨੇ ਸੰਗੀਤ ਨਿਰਦੇਸ਼ਨ ਕੀਤਾ। ਇਸ ਤੋਂ ਇਲਾਵਾ ਵਿਦੇਸ਼ੀ ਫਿਲਮਾਂ ਵਿਚ ਵੀ ਤਬਲੇ ਦੇ ਤਾਲ ਦਾ ਜਾਦੂ ਵਿਖਾਇਆ। ਸਾਲ 1996 ਵਿਚ ਐਟਲਾਂਟਾ ਵਿਖੇ ਹੋਏ ਲੰਪਿਕ ਦੇ ਸ਼ੁਰੂਆਤੀ ਸਮਾਗਮ ਮੌਕੇ ਵੱਜਣ ਵਾਲੇ ਸੰਗੀਤ ਨੂੰ ਬਣਾਉਣ ਵਾਲੇ ਮੈਂਬਰਾਂ ਵਿਚ ਜ਼ਾਕਿਰ ਹੁਸੈਨ ਸ਼ਾਮਲ ਸਨ। ਆਪ ਪਹਿਲੇ ਭਾਰਤੀ ਸਨ ਜਿਨ੍ਹਾਂ ਨੂੰ ਸਾਲ 2016 ਵਿਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਬਾਮਾ ਵੱਲੋਂ 'ਵ੍ਹਾਈਟ ਹਾਊਸ' ਵਿਚ ਹੋ ਰਹੇ 'ਆਲ ਸਟਾਰ ਗਲੋਬਲ ਕੰਸਰਟ' ਲਈ ਸੱਦਾ ਪੱਤਰ ਮਿਲਿਆ ਸੀ।

ਭਾਰਤ ਸਰਕਾਰ ਨੇ 1988 ਵਿਚ ਉਨ੍ਹਾਂ ਨੂੰ 'ਪਦਮਸ੍ਰੀ' ਪੁਰਸਕਾਰ ਨਾਲ ਸਨਮਾਨਤ ਕੀਤਾ ਸੀ ਅਤੇ ਉਸ ਵੇਲੇ ਉਨ੍ਹਾਂ ਦੀ ਉਮਰ ਸਿਰਫ਼ 37 ਸਾਲ ਦੀ ਸੀ। ਇਸ ਉਮਰ ਵਿਚ ਇਹ ਪੁਰਸਕਾਰ ਹਾਸਲ ਕਰਨ ਵਾਲੇ ਉਹ ਸਭ ਤੋਂ ਘੱਟ ਉਮਰ ਦੇ ਵਿਅਕਤੀ ਵੀ ਸਨ। ਇਸੇ ਤਰ੍ਹਾਂ ਅਪ੍ਰੈਲ 1991 ਵਿਚ ਸੰਗੀਤ ਨਾਟਕ ਅਕੈਡਮੀ ਐਵਾਰਡ ਆਪ ਜੀ ਨੂੰ ਪ੍ਰਾਪਤ ਹੋਇਆ। ਸਾਲ 1999 ਵਿਚ ਯੂਨਾਈਟਿਡ ਸਟੇਟਸ ਦਾ ਵੱਡਾ ਸਨਮਾਨ 'ਨੈਸ਼ਨਲ ਹੈਰੀਟੇਜ ਫੈਲੋਸ਼ਿਪ' ਵੀ ਜ਼ਾਕਿਰ ਜੀ ਨੂੰ ਪ੍ਰਾਪਤ ਹੋਇਆ। ਭਾਰਤ ਸਰਕਾਰ ਵੱਲੋਂ ਸਾਲ 2002 ਵਿਚ ਸੰਗੀਤ ਦੇ ਖੇਤਰ ਵਿਚ ਉਨ੍ਹਾਂ ਦੇ ਯੋਗਦਾਨ ਲਈ ਉਨ੍ਹਾਂ ਨੂੰ 'ਪਦਮ ਭੂਸ਼ਣ' ਸਨਮਾਨ ਵੀ ਦਿੱਤਾ ਗਿਆ।

ਸਾਲ 1992 ਵਿਚ 'ਦਿ ਪਲੈਨੇਟ ਡਰੰਮ' ਅਤੇ 2009 ਵਿਚ 'ਗਲੋਬਲ ਡਰੰਮ ਪ੍ਰਾਜੈਕਟ' ਲਈ ਸੰਗੀਤ ਦਾ ਸਭ ਤੋਂ ਵੱਡਾ ਇਨਾਮ 'ਗ੍ਰੈਮੀ ਐਵਾਰਡ' ਵੀ ਜ਼ਾਕਿਰ ਹੁਸੈਨ ਨੇ ਆਪਣੇ ਨਾਮ ਕੀਤਾ ਸੀ ਅਤੇ ਸਾਲ 2024 ਵਿਚ ਵੱਖ-ਵੱਖ ਐਲਬਮਾਂ ਲਈ ਆਪ ਜੀ ਨੇ ਤਿੰਨ ਗ੍ਰੈਮੀ ਐਵਾਰਡ ਹਾਸਲ ਕੀਤੇ ਸਨ ਯਾਨੀ ਕਿ ਆਪ ਨੂੰ ਕੁੱਲ ਚਾਰ ਗ੍ਰੈਮੀ ਐਵਾਰਡ ਹਾਸਲ ਹੋਏ। ਉਣੱਤੀ ਅਕਤੂਬਰ 2022 ਨੂੰ ਓਮਾਨ ਵਿਖੇ ਉਨ੍ਹਾਂ ਨੂੰ 'ਅਗਾ ਖ਼ਾਨ ਮਿਊਜ਼ਿਕ ਐਵਾਰਡ' ਪ੍ਰਾਪਤ ਹੋਇਆ। ਭਾਰਤ ਸਰਕਾਰ ਵੱਲੋਂ 22 ਮਾਰਚ 2023 ਨੂੰ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦੁਆਰਾ 'ਪਦਮ ਵਿਭੂਸ਼ਨ' ਪੁਸਰਕਾਰ ਵੀ ਪ੍ਰਾਪਤ ਹੋਇਆ। ਸਾਲ 2023 ਵਿਚ 'ਜੈਜ਼ ਜਰਨਲਿਸਟ ਪਰਫਾਰਮੈਂਸ ਐਵਾਰਡ' ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਵੀ ਜ਼ਾਕਿਰ ਜੀ ਨੇ ਕਈ ਮਾਣ-ਸਨਮਾਨ, ਪ੍ਰਸ਼ੰਸਾ ਪੱਤਰ ਅਤੇ ਇਨਾਮ ਪ੍ਰਾਪਤ ਕੀਤੇ ਸਨ। ਉਸਤਾਦ ਜ਼ਾਕਿਰ ਹੁਸੈਨ ਦਾ ਵਿਆਹ ਕੱਥਕ ਨ੍ਰਿਤਕਾਰ ਅਤੇ ਅਧਿਆਪਕਾ ਐਨਟੋਨੀਆ ਮਿਨੇਕੋਲਾ ਨਾਲ ਹੋਇਆ ਅਤੇ ਆਪ ਦੇ ਘਰ ਦੋ ਬੇਟੀਆਂ (ਅਨੀਸ਼ਾ ਕੁਰੈਸ਼ੀ ਅਤੇ ਇਸਬੇਲਾ ਕੁਰੈਸ਼ੀ) ਨੇ ਜਨਮ ਲਿਆ। ਆਪ ਜੀ ਨੇ ਪੰਡਿਤ ਰਵੀਸ਼ੰਕਰ ਦੀ ਸਿਤਾਰ ਅਤੇ ਉਸਤਾਦ ਅਲੀ ਅਕਬਰ ਦੇ ਸਰੋਦ ਨਾਲ ਤਬਲੇ ਦੀ ਸੰਗਤ ਕੀਤੀ।

ਪੰਜਾਬ ਘਰਾਣੇ ਦੀ ਵਾਦਨ ਪਰੰਪਰਾ ਦੇ ਖ਼ਲੀਫ਼ਾ ਉਸਤਾਦ ਜ਼ਾਕਿਰ ਹੁਸੈਨ ਨੇ ਸਾਲ 2014 ਵਿਚ ਆਪਣੀ ਪੰਜਾਬ ਫੇਰੀ ਦੌਰਾਨ ਇਕ ਸੰਗੀਤ ਸੰਮੇਲਨ ਤੋਂ ਬਾਅਦ ਕਿਹਾ ਸੀ ਕਿ ਪੰਜਾਬ ਦੀ ਮਿੱਟੀ ਦੀ ਖ਼ੁਸ਼ਬੂ ਅਤੇ ਲੋਕਾਂ ਦੀ ਮੁਹੱਬਤ ਸਾਰੀ ਦੁਨੀਆ ਤੋਂ ਵਿਲੱਖਣ ਹੈ। ਪੰਜਾਬ ਨਾਲ ਉਨ੍ਹਾਂ ਦਾ ਗੂੜ੍ਹਾ ਰਿਸ਼ਤਾ ਹੈ। ਇੱਥੇ ਆ ਕੇ ਸਕੂਨ ਮਿਲਦਾ ਹੈ। ਕੋਲਕਾਤਾ ਵਿਖੇ ਹੋਏ ਇਕ ਸੰਗੀਤ ਸਮਾਗਮ ਦੌਰਾਨ ਜ਼ਾਕਿਰ ਜੀ ਨੇ ਆਪਣੇ ਬਚਪਨ ਦੀ ਇਕ ਘਟਨਾ ਸਾਂਝੀ ਕਰਦੇ ਦੱਸਿਆ ਸੀ ਕਿ ਜਦ ਉਹ 12 ਸਾਲ ਦੀ ਉਮਰ ਦੇ ਸਨ ਤਾਂ ਨਾਮਵਰ ਸਰੋਦ ਵਾਦਕ ਉਸਤਾਦ ਅਲੀ ਅਕਬਰ ਜੀ ਨਾਲ ਤਬਲੇ ਦੀ ਪੇਸ਼ਕਾਰੀ ਦਿੱਤੀ ਸੀ ਅਤੇ ਉਨ੍ਹਾਂ ਨੇ ਪ੍ਰਸੰਨ ਹੋ ਕੇ ਮੈਨੂੰ 100 ਰੁਪਏ ਇਨਾਮ ਵਜੋਂ ਦਿੱਤੇ ਸਨ। ਇਹ 100 ਰੁਪਏ ਦਾ ਨੋਟ ਅੱਜ ਵੀ ਮੇਰੇ ਲਈ ਕੀਮਤੀ ਵਸਤੂ ਹੈ। ਉਨ੍ਹਾਂ ਕਿਹਾ ਕਿ ਜਦ ਮੈਨੂੰ ਮਿਲੇ ਇਸ ਇਨਾਮ ਬਾਰੇ ਮੇਰੀ ਮਾਂ ਨੂੰ ਪਤਾ ਲੱਗਿਆ ਤਾਂ ਉਸ ਨੂੰ ਯਕੀਨ ਹੋ ਗਿਆ ਕਿ ਮੈਂ ਸਿਰਫ਼ ਤਬਲੇ ਲਈ ਹੀ ਬਣਿਆ ਹਾਂ।

ਉਹ ਬਹੁਤ ਖ਼ੁਸ਼ ਹੋਏ ਸਨ ਅਤੇ ਚਾਹੁੰਦੇ ਸਨ ਕਿ ਮੈਂ ਤਬਲਾ ਵਾਦਨ ਜਾਰੀ ਰੱਖਾਂ। ਸੰਸਾਰ ਭਰ ਵਿਚ ਤਬਲੇ ਦੇ ਮਧੁਰ ਬੋਲਾਂ ਨਾਲ ਪੰਜਾਬ ਘਰਾਣੇ ਦਾ ਪ੍ਰਚਾਰ-ਪ੍ਰਸਾਰ ਕਰਨ ਵਾਲੇ ਇਸ ਮਹਾਨ ਤਬਲਾ ਨਵਾਜ਼ ਦੇ ਜੀਵਨ ਤੋਂ ਕੇਵਲ ਸੰਗੀਤ ਦੀਆਂ ਬਾਰੀਕੀਆਂ ਹੀ ਨਹੀਂ ਬਲਕਿ ਜ਼ਿੰਦਗੀ ਜਿਊਣ ਦੇ ਢੰਗ-ਤਰੀਕੇ ਵੀ ਸਿੱਖਣ ਦੀ ਲੋੜ ਹੈ। ਆਪਣੇ ਸੰਗੀਤਕ ਸਾਜ਼ਾਂ ਪ੍ਰਤੀ ਸਤਿਕਾਰ ਤੇ ਪਿਆਰ ਦੀ ਭਾਵਨਾ ਕਿਸ ਪੱਧਰ ਦੀ ਹੋਣੀ ਚਾਹੀਦੀ ਹੈ, ਅੱਜ ਸਮੂਹ ਸੰਗੀਤ ਸਿਖਿਆਰਥੀਆਂ ਨੂੰ ਸਮਝਣ ਦੀ ਲੋੜ ਹੈ। ਸਫਲਤਾ ਦੀ ਚਰਮ ਸੀਮਾ 'ਤੇ ਪਹੁੰਚ ਕੇ ਵੀ ਆਪਣੇ ਪਰਿਵਾਰ, ਆਪਣੀ ਮਿੱਟੀ ਅਤੇ ਆਪਣੇ ਲੋਕਾਂ ਨਾਲ ਕਿਵੇਂ ਜੁੜੇ ਰਹੀਦਾ ਹੈ, ਇਸ ਸਭ ਦੀ ਮਿਸਾਲ ਸਨ ਉਸਤਾਦ ਜ਼ਾਕਿਰ ਹੁਸੈਨ ਖ਼ਾਂ। ਆਪ ਨੇ 15 ਦਸੰਬਰ 2024 ਨੂੰ 73 ਵਰ੍ਹਿਆਂ ਦੀ ਉਮਰ ਭੋਗ ਕੇ ਅਮਰੀਕਾ ਦੇ ਸਾਨ ਫਰਾਂਸਿਸਕੋ ਵਿਚ ਆਖ਼ਰੀ ਸਾਹ ਲਿਆ।

## ਜਲਦ ਸ਼ੁਰੂ ਹੋਵੇਗਾ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਸਮਾਰਕ ਦਾ ਕੰਮ



ਮੋਰਿੰਡਾ- ਰੂਪਨਗਰ ਮੋਰਿੰਡਾ ਸੜਕ 'ਤੇ ਪਿੰਡ ਸਹੇੜੀ ਵਿਖੇ ਮਾਤਾ ਗੁਜਰੀ ਜੀ, ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਦੀ ਯਾਦ ਨੂੰ ਸਮਰਪਿਤ ਸਮਾਰਕ ਨੂੰ ਟੂਰਿਜ਼ਮ ਵਿਭਾਗ ਪੰਜਾਬ ਨੇ ਦਾਸਤਾਨ ਏ ਸ਼ਹਾਦਤ ਸ੍ਰੀ ਚਮਕੌਰ ਸਾਹਿਬ ਦੀ ਤਰਜ 'ਤੇ ਬਣਾਉਣ ਲਈ ਸਰਕਾਰ ਨੂੰ ਦੂਜੇ ਪੜਾਅ ਲਈ ਤਿੰਨ ਕਰੋੜ ਦੇ ਕਰੀਬ ਦੀ ਲਾਗਤ ਨਾਲ ਜਲਦ ਕੰਮ ਸ਼ੁਰੂ ਹੋਣ ਦੀ ਆਸ ਪ੍ਰਗਟਾਈ ਜਾ ਰਹੀ ਹੈ ਜਦਕਿ ਪਹਿਲੇ ਪੜਾਅ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਹਲਕਾ ਵਿਧਾਇਕ ਡਾ ਚਰਨਜੀਤ ਸਿੰਘ ਨੇ ਕਿਹਾ ਕਿ ਪਿੰਡ ਸਹੇੜੀ ਵਿਖੇ ਅਧੂਰੇ ਪਏ ਸ਼ਹੀਦੀ ਸਮਾਰਕ ਨੂੰ ਨਵੀ ਦਿੱਖ ਦੇਣ ਲਈ ਟੂਰਿਜ਼ਮ ਵਿਭਾਗ ਪੰਜਾਬ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਦਾਸਤਾਨ-ਏ-ਸ਼ਹਾਦਤ ਸ੍ਰੀ ਚਮਕੌਰ ਸਾਹਿਬ ਦੀ ਤਰਜ 'ਤੇ ਸ਼ਹੀਦੀ ਸਮਾਰਕ ਨੂੰ ਬਣਾਉਣ ਲਈ ਤਿੰਨ ਕਰੋੜ ਰੁਪਏ ਦੇ ਕਰੀਬ ਪ੍ਰੋਪੋਜ਼ਲ 'ਤੇ ਕੰਮ ਕੀਤਾ ਜਾ ਰਿਹਾ ਹੈ। ਉਮੀਦ ਹੈ ਜਲਦ ਹੀ ਕੰਮ ਸ਼ੁਰੂ ਹੋ ਜਾਵੇਗਾ। ਵਿਧਾਇਕ ਚਰਨਜੀਤ ਸਿੰਘ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਇਸ ਸ਼ਹੀਦੀ ਸਮਾਰਕ ਦੀ ਉਸਾਰੀ ਵੱਲ ਕੋਈ ਧਿਆਨ ਨਹੀਂ ਦਿੱਤਾ। ਆਪ ਸਰਕਾਰ ਬਣਨ ਉਪਰੰਤ ਉਨ੍ਹਾਂ ਨੇ ਲਗਾਤਾਰ ਟੂਰਿਜ਼ਮ ਵਿਭਾਗ ਨਾਲ ਰਾਬਤਾ ਕਾਇਮ ਕੀਤਾ ਹੋਇਆ ਸੀ ਕਿ ਸਮਾਰਕ ਦਾ ਕੰਮ ਸ਼ੁਰੂ ਪੂਰਾ ਜਾਵੇ। ਉਨ੍ਹਾਂ ਕਿਹਾ ਕਿ ਮੈ ਪ੍ਰਮਾਤ੍ਮਾ ਦਾ ਸ਼ੁਕਰਗੁਜ਼ਾਰ ਹਾਂ ਕਿ ਮੈਨੂੰ ਇਸ ਪਵਿੱਤਰ ਧਰਤੀ ਦੇ ਲੋਕਾਂ ਦੀ ਸੇਵਾ ਬਖ਼ਸ਼ੀ ਹੈ।

# ਅੰਬਾਨੀ/ਅਡਾਨੀ ਦੀ ਰਾਜਨੀਤੀ ਅਤੇ ਦੁਨੀਆਂ ਵਿਚ ਉਭਰ ਰਹੀਆਂ ਨਵੀਆਂ ਵਿਉਂਤਬੰਦੀਆਂ

**ਨਿਰੂਪਮਾ ਸੁਬਰਾਮਣੀਅਨ**

ਵੀਹਵੀਂ ਸਦੀ ਦੇ ਕਈ ਦਹਾਕਿਆਂ ਤੱਕ ਅਮਰੀਕੀ ਕੂਟਨੀਤੀ ਆਪਣੇ ਆਂਢ-ਗੁਆਂਢ ਵਿੱਚ ਯੂਨਾਈਟਡ ਫਰੂਟ ਕੰਪਨੀ (ਯੂਐੱਫਸੀ) ਦੇ ਨਾਂ ਨਾਲ ਜਾਣੀ ਜਾਂਦੀ ਰਹੀ ਹੈ। ਮੱਧ ਅਮਰੀਕਾ ਦੇ ਅਰਥਚਾਰਿਆਂ ਨੂੰ ਯੂਐੱਫਸੀ ਕਿਵੇਂ ਪ੍ਰਭਾਵਿਤ ਕਰਦੀ ਸੀ ਅਤੇ ਇਸ ਦੇ ਹਿੱਤਾਂ ਦੀ ਖ਼ਾਤਰ ਕਿਵੇਂ ਸੀਆਈਏ ਨੇ ਗੁਆਟੇਮਾਲਾ ਵਿੱਚ ਰਾਜਪਲਟਾ ਕਰਵਾਇਆ ਸੀ, ਇਸ ਨੂੰ 'ਬਨਾਨਾ ਰਿਪਬਲਿਕਸ' (ਫਰਜ਼ੀ ਲੋਕਤੰਤਰ) ਦੀ ਕਹਾਣੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕੁਝ ਇਸੇ ਤਰ੍ਹਾਂ ਦੀ ਕਹਾਣੀ ਇਸ ਵਕਤ ਭਾਰਤ ਵਿੱਚ ਦਿਸਦੀ ਹੈ।

ਪਿਛਲੇ ਕੁਝ ਸਾਲਾਂ ਤੋਂ ਦਿੱਲੀ ਦੇ ਸਿਖ਼ਰਲੇ ਸੱਤਾ ਗਲਿਆਰਿਆਂ ਦੀ ਮਦਦ ਨਾਲ ਅਡਾਨੀ ਸਮੂਹ ਨੇ ਆਂਢ-ਗੁਆਂਢ ਦੇ ਦੇਸ਼ਾਂ ਨਾਲ ਇਕਰਾਰਨਾਮੇ ਕੀਤੇ ਸਨ। ਸਰਕਾਰ ਇਸ ਨਾਲ ਜੁੜੇ ਵਿਵਾਦਾਂ ਤੋ ਪੱਲਾ ਝਾੜਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਹ ਦਰਸਾ ਰਹੀ ਹੈ ਕਿ ਇਹ ਇੱਕ ਅਜਿਹਾ ਔਖਾ ਖ਼ਿੱਤਾ ਹੈ ਜਿੱਥੇ ਅਸਰ-ਰਸੂਖ਼ ਅਤੇ ਧਨ ਬਲ ਵਾਸਤੇ ਉਸ ਨੂੰ ਚੀਨ ਨਾਲ ਮੁਕਾਬਲਾ ਕਰਨਾ ਪੈਂਦਾ ਹੈ। ਇਹ ਸੰਧੀਆਂ ਵਿਵਾਦਗ੍ਰਸਤ ਸਨ। ਬੰਗਲਾਦੇਸ਼ ਅਤੇ ਸ੍ਰੀਲੰਕਾ ਵਿੱਚ ਨਾਟਕੀ ਢੰਗ ਨਾਲ ਸਰਕਾਰਾਂ ਤਬਦੀਲ ਹੋਣ ਤੋਂ ਬਾਅਦ ਸੰਧੀਆਂ ਦੀ ਨਜ਼ਰਸਾਨੀ ਕੀਤੀ ਜਾ ਰਹੀ ਹੈ ਜਿਸ ਦੇ ਨਾਲ ਹੀ ਅਮਰੀਕਾ ਵੱਲੋਂ ਗੌਤਮ ਅਡਾਨੀ ਅਤੇ ਉਸ ਦੇ ਕਈ ਅਧਿਕਾਰੀਆਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ ਆਇਦ ਕਰਨ ਨਾਲ ਇਨ੍ਹਾਂ ਖ਼ਿਲਾਫ਼ ਜਨਤਕ ਅਤੇ ਸਿਆਸੀ ਸੁਰਾਂ ਤਿੱਖੀਆਂ ਹੋ ਗਈਆਂ ਹਨ।

ਬੰਗਲਾਦੇਸ਼ ਵਿੱਚ ਅਡਾਨੀ ਪਾਵਰ ਝਾਰਖੰਡ ਲਿਮਟਿਡ ਦਸੰਬਰ 2022 ਤੋਂ ਹੀ ਰੋਸ ਪ੍ਰਦਰਸ਼ਨਾਂ ਦਾ ਕੇਂਦਰਬਿੰਦੂ ਬਣੀ ਹੋਈ ਸੀ ਜਿਸ ਵਾਸਤੇ ਗੌਡਾ ਝਾਰਖੰਡ ਵਿੱਚ ਵਿਸ਼ੇਸ਼ ਆਰਥਿਕ ਜ਼ੋਨ ਬਣਾਇਆ ਗਿਆ ਸੀ ਅਤੇ ਜਿੱਥੋਂ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟ ਤੋਂ ਬੰਗਲਾਦੇਸ਼ ਨੂੰ ਬਿਜਲੀ ਸਪਲਾਈ ਕੀਤੀ ਜਾਂਦੀ ਸੀ। ਇਸ ਤੋਂ ਸੱਤ ਸਾਲ ਪਹਿਲਾਂ ਜੂਨ 2015 ਵਿੱਚ ਢਾਕਾ ਦੇ ਆਪਣੇ ਦੌਰੇ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਿਜਲੀ ਖੇਤਰ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਦਾ ਘੇਰਾ ਵਧਾਉਣ ਉੱਪਰ ਉਚੇਚਾ ਜ਼ੋਰ ਦਿੱਤਾ ਸੀ। ਉਸ ਦੌਰੇ ਵੇਲੇ ਜਾਰੀ ਕੀਤੇ ਗਏ ਸਾਂਝੇ ਬਿਆਨ ਮੁਤਾਬਿਕ ਮੋਦੀ ਨੇ ਬੰਗਲਾਦੇਸ਼ ਦੀ ਤਤਕਾਲੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵੱਲੋਂ ਬਿਜਲੀ ਸੰਭਾਲਣ ਦੀ ਸਮੱਰਥਾ ਵਿੱਚ ਵਾਧਾ ਕਰਨ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਆਖਿਆ ਸੀ ਕਿ ''ਭਾਰਤ ਇਸ ਟੀਚੇ ਦੀ ਪ੍ਰਾਪਤੀ ਵਿੱਚ ਅਹਿਮ ਭਿਆਲ ਬਣ ਸਕਦਾ ਹੈ ਅਤੇ ਕਈ ਭਾਰਤੀ ਕਾਰਪੋਰੇਟ ਕੰਪਨੀਆਂ ਕੋਲ ਇਸ ਉੱਦਮ ਵਿੱਚ ਬੰਗਲਾਦੇਸ਼ ਨਾਲ ਸਹਿਯੋਗ ਕਰਨ ਦੀ ਸਮਰੱਥਾ ਹੈ।'' ਉਨ੍ਹਾਂ ''ਸ਼ੇਖ ਹਸੀਨਾ ਨੂੰ ਭਾਰਤੀ ਕੰਪਨੀਆਂ ਲਈ ਬੰਗਲਾਦੇਸ਼ ਦੇ ਬਿਜਲੀ ਉਤਪਾਦਨ, ਸੰਚਾਰ ਅਤੇ ਵੰਡ ਖੇਤਰ ਵਿੱਚ ਦਾਖ਼ਲ ਹੋਣ ਦਾ ਰਾਹ ਪੱਧਰਾ ਕਰਨ ਦੀ ਬੇਨਤੀ ਕੀਤੀ ਸੀ।'' ਪ੍ਰਧਾਨ ਮੰਤਰੀ ਦੇ ਉਸ ਵਫ਼ਦ ਵਿੱਚ ਗੌਤਮ ਅਡਾਨੀ ਵੀ ਸ਼ਾਮਿਲ ਸੀ। ਅਗਸਤ 2015 ਵਿੱਚ ਅਡਾਨੀ ਪਾਵਰ ਲਿਮਟਿਡ ਨੇ 1600 ਮੈਗਾਵਾਟ ਬਿਜਲੀ ਸਪਲਾਈ ਕਰਨ ਲਈ ਬੰਗਲਾਦੇਸ਼ ਪਾਵਰ ਡਿਵੈਲਪਮੈਂਟ ਬੋਰਡ (ਬੀਪੀਡੀਬੀ) ਨਾਲ ਸਮਝੌਤਾ ਕੀਤਾ ਸੀ। ਬਿਜਲੀ ਸਪਲਾਈ ਵਿੱਚ ਇਜ਼ਾਫ਼ੇ (ਵਿਸ਼ੇਸ਼ ਧਾਰਾਵਾਂ) ਬਾਰੇ ਕਾਨੂੰਨ, 2010 ਤਹਿਤ 2017 ਵਿੱਚ ਇਸ ਸਮਝੌਤੇ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਜਿਸ ਦੇ ਓਹਲੇ ਹੇਠ ਬੰਗਲਾਦੇਸ਼ ਸਰਕਾਰ ਨੇ ਟੈਂਡਰ ਮੰਗਵਾਉਣ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ। ਇੱਧਰ, ਭਾਰਤ ਵਿੱਚ ਝਾਰਖੰਡ ਵਿੱਚ ਗੌਡਾ ਜ਼ਿਲ੍ਹੇ ਵਿੱਚ ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਉੱਪਰ ਅਡਾਨੀ ਦਾ ਪਲਾਂਟ ਲਾਇਆ ਗਿਆ, ਉਨ੍ਹਾਂ ਤੋਂ ਕੋਈ ਸਹਿਮਤੀ ਨਾ ਲਈ ਗਈ ਅਤੇ ਉਨ੍ਹਾਂ ਦੇ ਰੋਸ ਪ੍ਰਦਰਸ਼ਨ ਨੂੰ 'ਚੁੱਪ' ਕਰਵਾ ਦਿੱਤਾ ਗਿਆ। 2019 ਦੀਆਂ ਆਮ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਕੇਂਦਰ ਸਰਕਾਰ ਨੇ ਵਿਸ਼ੇਸ਼ ਆਰਥਿਕ ਜ਼ੋਨ ਲਈ ਬਹੁਤ ਤੇਜ਼ ਰਫ਼ਤਾਰ ਨਾਲ ਪ੍ਰਵਾਨਗੀ ਲੈ ਲਈ ਜਿਸ ਸਦਕਾ ਇਸ ਪਲਾਂਟ ਵਿੱਚ ਪੈਦਾ ਹੋਣ ਵਾਲੀ ਬਿਜਲੀ ਦੂਜੇ ਮੁਲਕ ਨੂੰ ਬਰਾਮਦ ਕਰਨ ਲਈ 14 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ। ਜਦੋਂ ਸ਼ੇਖ ਹਸੀਨਾ ਅਗਸਤ 2022 ਵਿੱਚ ਭਾਰਤ ਆਈ ਸੀ ਤਾਂ ਅਡਾਨੀ ਨੇ ਦਿੱਲੀ ਵਿੱਚ ਉਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਉਸ ਤੋਂ ਬਾਅਦ ਇੱਕ ਟਵੀਟ ਕਰ ਕੇ ਦੱਸਿਆ ਸੀ ਕਿ ਪਲਾਂਟ ਤੋਂ 1500 ਮੈਗਾਵਾਟ ਬਿਜਲੀ 16 ਦਸੰਬਰ ਨੂੰ ਬੰਗਲਾਦੇਸ਼ ਦੀ ਮੁਕਤੀ ਦੇ ਬਿਜੋਯ (ਵਿਜੈ) ਦਿਵਸ ਮੌਕੇ ਸਪਲਾਈ ਕਰਨ ਦੀ ਸ਼ੁਰੂਆਤ ਹੋ ਜਾਵੇਗੀ। ਅਡਾਨੀ-ਬੀਪੀਡੀਬੀ ਸਮਝੌਤੇ ਦੀਆਂ ਸ਼ਰਤਾਂ ਬਾਰੇ ਉਦੋਂ ਤੱਕ ਕੋਈ ਉੱਘ-ਸੁੱਘ ਨਹੀਂ ਸੀ ਨਿਕਲੀ ਜਦੋਂ ਤੱਕ 'ਵਾਸ਼ਿੰਗਟਨ ਪੋਸਟ' ਦੀ ਇੱਕ ਰਿਪੋਰਟ ਵਿੱਚ ਇਹ ਖੁਲਾਸਾ ਨਹੀਂ ਸੀ ਕੀਤਾ ਗਿਆ ਕਿ ਬੰਗਲਾਦੇਸ਼ ਬਹੁਤ ਮਹਿੰਗੇ ਭਾਅ 'ਤੇ ਅਡਾਨੀ ਪਾਵਰ ਤੋਂ ਬਿਜਲੀ ਖਰੀਦ ਰਿਹਾ ਹੈ। ਇਸ ਇਕਪਾਸੜ ਸਮਝੌਤੇ ਖ਼ਿਲਾਫ਼ ਰੋਹ ਅੱਗੇ ਚੱਲ ਕੇ ਸ਼ੇਖ ਹਸੀਨਾ ਖ਼ਿਲਾਫ਼ ਜਨਤਕ ਰੋਹ ਵਿੱਚ ਤਬਦੀਲ ਹੋ ਗਿਆ। 2024 ਦੀਆਂ ਚੋਣਾਂ ਤੋਂ ਪਹਿਲਾਂ ਕੁਝ ਮੀਡੀਆ ਰਿਪੋਰਟਾਂ ਵਿੱਚ ਇਹ ਕਿਹਾ ਗਿਆ ਸੀ ਕਿ ਸ਼ੇਖ ਹਸੀਨਾ ਨੇ ਮੋਦੀ ਸਰਕਾਰ ਤੋਂ ਹਮਾਇਤ ਜਾਰੀ ਰੱਖਣ ਬਦਲੇ ਇਹ ਬਿਜਲੀ ਸਮਝੌਤਾ ਕੀਤਾ ਸਹੀਬੰਦ ਕੀਤਾ ਸੀ। ਅੰਤ ਨੂੰ ਜਦੋਂ ਸ਼ੇਖ ਹਸੀਨਾ ਨੂੰ ਸੱਤਾ ਛੱਡ ਕੇ ਦੌੜਨਾ ਪਿਆ ਤਾਂ ਇਹੀ ਉਹ ਸਮਝੌਤਾ ਸੀ ਜਿਸ ਦੀ ਸਭ ਤੋਂ ਪਹਿਲਾਂ ਜਾਂਚ ਸ਼ੁਰੂ ਕੀਤੀ ਗਈ। ਸ੍ਰੀਲੰਕਾ ਵਿੱਚ ਅਡਾਨੀ ਨੇ ਅਕਤੂਬਰ 2021 ਵਿੱਚ ਉਸ ਵੇਲੇ ਦੇ ਰਾਸ਼ਟਰਪਤੀ ਗੋਟਾਬਾਯਾ ਰਾਜਪਕਸੇ ਨੂੰ ਮਿਲਣ ਲਈ ਕੋਲੰਬੋ ਦਾ ਦੌਰਾ ਕੀਤਾ ਸੀ ਜਿਸ ਤੋਂ ਕੁਝ ਸਮਾਂ ਪਹਿਲਾਂ ਹੀ ਅਡਾਨੀ ਪੋਰਟਸ ਨੇ ਕੋਲੰਬੋ ਬੰਦਰਗਾਹ ਦੇ ਵੈੱਸਟ ਕੰਟੇਨਰ ਟਰਮੀਨਲ ਨੂੰ ਵਿਕਸਤ ਕਰ ਕੇ ਚਲਾਉਣ ਲਈ ਸਮਝੌਤਾ ਸਹੀਬੰਦ ਕੀਤਾ ਸੀ। ਉਦੋਂ ਤੱਕ ਸ੍ਰੀਲੰਕਾ ਦੀਆਂ ਆਰਥਿਕ ਦਿੱਕਤਾਂ ਉੱਭਰ ਆਈਆਂ ਸਨ ਅਤੇ ਉਸ ਵੇਲੇ ਦੇ ਰਾਸ਼ਟਰਪਤੀ ਨੂੰ ਉਸ ਦੇ ਭਰਾ ਬਾਸਿਲ ਸਮੇਤ ਕੁਝ ਅੰਦਰਲੇ ਮੁਸ਼ੀਰਾਂ ਨੇ ਸਲਾਹ ਦਿੱਤੀ ਸੀ ਕਿ ਉਹ ਮਦਦ ਲਈ ਭਾਰਤ ਕੋਲ ਪਹੁੰਚ ਕਰਨ।

ਗੋਟਾਬਾਯਾ ਨੇ ਅਡਾਨੀ ਦੇ ਉਸ ਦੌਰੇ ਨੂੰ ''ਇੱਕ ਪੁਰਾਣੇ ਭਾਰਤੀ ਮਿੱਤਰ'' ਨਾਲ ਮੁਲਾਕਾਤ ਵਜੋਂ ਦਰਜ ਕੀਤਾ ਸੀ। ਸਿਲੋਨ ਬਿਜਲੀ ਬੋਰਡ ਦੇ ਮੁਖੀ ਨੇ ਐਲਾਨ ਕੀਤਾ ਸੀ ਕਿ ਦੌਰੇ 'ਤੇ ਆਏ ਭਾਰਤੀ ਕਾਰੋਬਾਰੀ ਨੇ ਗਰੀਨ ਐਨਰਜੀ ਨਿਵੇਸ਼ ਵਿੱਚ ਦਿਲਚਸਪੀ ਦਿਖਾਈ ਹੈ। ਅਡਾਨੀ ਨੂੰ ਸ੍ਰੀਲੰਕਾ ਹਵਾਈ ਸੈਨਾ ਦੇ ਜਹਾਜ਼ ਵਿੱਚ ਬਿਠਾ ਕੇ ਉੱਤਰ-ਪੱਛਮੀ ਮੰਨਾਰ ਜ਼ਿਲ੍ਹੇ ਵਿੱਚ ਪੈਂਦੇ ਇੱਕ ਪੌਣ (ਵਿੰਡ) ਫਾਰਮ ਦਾ ਮੁਆਇਨਾ ਕਰਵਾਇਆ ਗਿਆ ਸੀ।

ਛੇ ਮਹੀਨਿਆਂ ਬਾਅਦ ਮਾਰਚ 2022 ਵਿੱਚ ਸ੍ਰੀਲੰਕਾ ਦੀ 'ਦਿ ਸੰਡੇ ਟਾਈਮਜ਼' ਨੇ ਸਭ ਤੋਂ ਪਹਿਲਾਂ ਰਿਪੋਰਟ ਕੀਤਾ ਕਿ ਦੇਸ਼ ਨੇ ਕਿੱਲੀਨੋਚੀ ਜ਼ਿਲ੍ਹੇ ਦੇ ਪੂਨੇਰਿਨ ਤੇ ਮੰਨਾਰ ਜ਼ਿਲ੍ਹੇ ਵਿੱਚ ਨਵਿਆਉਣਯੋਗ ਊਰਜਾ ਦੇ ਦੋ ਪ੍ਰਾਜੈਕਟਾਂ ਲਈ ਸਮਝੌਤੇ ਸਹੀਬੰਦ ਕੀਤੇ ਹਨ। ਸ੍ਰੀਲੰਕਾ ਸਰਕਾਰ ਤੇ ਅਡਾਨੀ ਗਰੁੱਪ ਵਿਚਾਲੇ 12 ਮਾਰਚ ਨੂੰ ਹੋਏ ਸਮਝੌਤੇ ਦੀਆਂ ਸ਼ਰਤਾਂ ਜਨਤਕ ਨਹੀਂ ਕੀਤੀਆਂ ਗਈਆਂ। ਇਹ ਸਮਝੌਤਾ ਉਸ ਵੇਲੇ ਹੋਇਆ ਸੀ ਜਦੋਂ ਸ੍ਰੀਲੰਕਾ ਦਾ ਅਰਥਚਾਰਾ ਬਿਲਕੁਲ ਨਿੱਘਰ ਚੁੱਕਾ ਸੀ, ਸੜਕਾਂ ਮੁਜ਼ਾਹਰਾਕਾਰੀਆਂ ਨਾਲ ਭਰੀਆਂ ਹੋਈਆਂ ਸਨ ਤੇ ਸਮੁੱਚੇ ਸੰਕਟ 'ਚੋਂ ਪਾਰ ਲੰਘਣ ਲਈ ਭਾਰਤ ਸ੍ਰੀਲੰਕਾ ਦੀ ਉਧਾਰ ਤੇ ਹੋਰ ਕਈ ਤਰ੍ਹਾਂ ਦੇ ਵਿੱਤੀ ਸਰੋਤਾਂ ਨਾਲ ਮਦਦ ਕਰ ਰਿਹਾ ਸੀ। ਸੰਕਟ 'ਚ ਡੁੱਬੇ ਮੁਲਕ 'ਚ, ਅਡਾਨੀ ਨਾਲ ਹੋਏ ਸੌਦੇ ਦੀ ਖ਼ਬਰ ਨੂੰ ਲੋਕਾਂ ਨੇ ਇੰਝ ਲਿਆ ਕਿ ਭਾਰਤ ਕੋਲੋਂ ਮਦਦ ਲੈਣ ਦੀ ਉਨ੍ਹਾਂ ਨੂੰ ਕੋਈ ਕੀਮਤ ਤਾਰਨੀ ਪੈ ਰਹੀ ਹੈ।

(ਬਾਕੀ ਅਗਲੇ ਅੰਕ ਵਿਚ)

# ਨਸ਼ਿਆਂ ਦੇ ਜਾਲ਼ 'ਚ ਬੁਰੀ ਤਰ੍ਹਾਂ ਫਸਦਾ ਜਾ ਰਿਹਾ ਹੈ ਭਾਰਤ

ਸੁਨੀਲ ਕੁਮਾਰ ਮਾਹਲਾ

ਅੱਤਵਾਦ ਦੇ ਨਾਲ-ਨਾਲ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੇਸ਼-ਦੁਨੀਆ 'ਚ ਨਸ਼ਿਆਂ ਦਾ ਜ਼ਹਿਰ ਘੋਲ ਰਹੇ ਹਨ। ਦੁਬਈ ਤੋਂ ਨਸ਼ਾ ਤਸਕਰ ਤੇ ਡਰੱਗ ਮਾਫ਼ੀਆ ਅੱਜ ਭਾਰਤ ਵਿਚ ਵੀ ਸਰਗਰਮ ਹਨ। ਪਹਿਲਾਂ ਪੰਜਾਬ ਨੂੰ ਦੇਸ਼ ਵਿਚ ਨਸ਼ਿਆਂ ਦਾ ਵੱਡਾ ਕੇਂਦਰ ਮੰਨਿਆ ਜਾਂਦਾ ਸੀ, ਪਰ ਅੱਜ ਰਾਜਧਾਨੀ ਦਿੱਲੀ, ਸੀਕਰ ਅਤੇ ਕੋਟਾ, ਸਿੱਖਿਆ ਦੇ ਕੇਂਦਰ ਵਜੋਂ ਜਾਣੇ ਜਾਂਦੇ ਰਾਜਸਥਾਨ, ਹਿਮਾਚਲ ਪ੍ਰਦੇਸ਼, ਗੁਜਰਾਤ, ਮੁੰਬਈ, ਸੈਰ-ਸਪਾਟੇ ਦੇ ਅਹਿਮ ਖੇਤਰ ਗੋਆ, ਕੇਰਲਾ ਸਮੇਤ ਲਗਪਗ ਪੂਰੇ ਭਾਰਤ ਵਿਚ ਨਸ਼ਾ ਤਸਕਰ, ਡਰੱਗ ਮਾਫ਼ੀਆ, ਦਲਾਲ ਤੇ ਡਰੱਗ ਸਪਲਾਇਰ ਸਰਗਰਮ ਹਨ।

ਅੱਜ ਸੀਕਰ ਤੇ ਕੋਟਾ ਵਿਚ ਲੱਖਾਂ ਬੱਚੇ ਨੀਟ, ਜੇਈਈ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਦੇ ਹਨ ਅਤੇ ਡਰੱਗ ਮਾਫ਼ੀਆ ਬਹੁਤ ਸਾਰੇ ਬੱਚਿਆਂ ਨੂੰ ਉਨ੍ਹਾਂ ਦੇ ਤਣਾਅ, ਨਿਰਾਸ਼ਾ ਨੂੰ ਘਟਾਉਣ ਅਤੇ ਪੜ੍ਹਾਈ ਵਿਚ ਇਕਾਗਰਤਾ ਵਧਾਉਣ ਦੇ ਬਹਾਨੇ ਨਸ਼ਿਆਂ ਲਈ ਲੁਭਾਉਂਦਾ ਹੈ। ਅੱਜ-ਕੱਲ੍ਹ ਬੱਚਿਆਂ ਦੀ ਕੋਚਿੰਗ, ਹੋਸਟਲਾਂ ਅਤੇ ਸਕੂਲਾਂ ਵਿਚ ਨਸ਼ਿਆਂ



ਦਾ ਇਕ ਵੱਡਾ ਜਾਲ਼ ਵਿਛਿਆ ਹੋਇਆ ਹੈ ਜਿਸ ਵਿਚ ਐਮਡੀ, ਗਾਂਜਾ, ਅਫੀਮ, ਸਮੈਕ, ਹਸ਼ੀਸ਼, ਹੈਰੋਇਨ, ਕੋਕੀਨ, ਸਿੰਥੈਟਿਕ ਡਰੱਗਜ਼ ਵਰਗੇ ਖ਼ਤਰਨਾਕ ਨਸ਼ੇ ਸ਼ਾਮਲ ਹਨ। ਅੱਜ ਹਾਲਾਤ ਇਹ ਹਨ ਕਿ ਨਸ਼ੇ ਖੁੱਲ੍ਹੇਆਮ ਵਿਕ ਰਹੇ ਹਨ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਗੁਟਕਾ ਅਤੇ ਤੰਬਾਕੂ ਉਤਪਾਦ ਵੇਚਣ ਵਾਲੇ ਲੋਕ ਅਤੇ ਮੈਡੀਕਲ ਸਟੋਰ ਵੀ ਇਸ ਵਿਚ ਸ਼ਾਮਲ ਹਨ। ਅੱਜ ਇਹ ਨਸ਼ਾ ਮਾਫ਼ੀਆ ਅਤੇ ਤਸਕਰ ਰੇਲਵੇ ਸਟੇਸ਼ਨਾਂ 'ਤੇ ਖ਼ਾਲੀ ਪਾਰਕਾਂ, ਸੁੰਨਸਾਨ ਥਾਵਾਂ, ਦੂਰ-ਦੁਰਾਡੇ ਪਲੇਟਫਾਰਮਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਅਤੇ ਉੱਥੋਂ ਨਸ਼ੇ ਦਾ ਧੰਦਾ ਜਾਰੀ ਰੱਖਦੇ ਹਨ। ਹਾਲ ਹੀ ਵਿਚ ਮੀਡੀਆ 'ਚ ਖ਼ਬਰਾਂ ਆਈਆਂ ਹਨ ਕਿ ਕੁਝ ਪੁਲਿਸ ਅਧਿਕਾਰੀ ਵੀ ਇਸ ਵਿਚ ਸ਼ਾਮਲ ਹਨ ਅਤੇ ਇਨ੍ਹਾਂ ਡਰੱਗ ਮਾਫ਼ੀਆ ਅਤੇ ਸਮੱਗਲਰਾਂ ਦੁਆਰਾ ਉਨ੍ਹਾਂ ਨੂੰ ਸਮੇਂ ਸਿਰ ਪੈਸਾ ਪਹੁੰਚਾਇਆ ਜਾਂਦਾ ਹੈ ਤਾਂ ਜੋ ਉਹ ਸ਼ਹਿਰ ਵਿਚ ਨਸ਼ਿਆਂ ਦੇ ਜਾਲ ਨੂੰ ਤੋੜ ਨਾ ਸਕਣ। ਦੇਸ਼ ਵਿਚ ਪਹਿਲਾਂ ਸਿਰਫ਼ ਪੰਜਾਬ ਹੀ ਸ਼ਰਾਬ ਦੀ ਮਾਰ ਹੇਠ ਸੀ ਪਰ ਅੱਜ ਦੇਸ਼ ਦੇ ਕਈ ਇਲਾਕੇ ਸ਼ਰਾਬ ਦੀ ਮਾਰ ਹੇਠ ਨਜ਼ਰ ਆ ਰਹੇ ਹਨ। ਪੰਜਾਬ ਦੀ ਸਰਹੱਦ ਨਾਲ ਲੱਗਦੇ ਰਾਜਸਥਾਨ ਦੇ ਹਨੂੰਮਾਨਗੜ੍ਹ ਤੇ ਗੰਗਾਨਗਰ ਖੇਤਰ ਵੀ ਨਸ਼ਿਆਂ ਤੋਂ ਅਛੂਤੇ ਨਹੀਂ ਹਨ ਕਿਉਂਕਿ ਗੰਗਾਨਗਰ ਦਾ ਇਲਾਕਾ ਪੰਜਾਬ ਤੇ ਪਾਕਿਸਤਾਨ ਨਾਲ ਜੁੜਿਆ ਹੋਇਆ ਹੈ ਤੇ ਹਨੂੰਮਾਨਗੜ੍ਹ ਪੰਜਾਬ ਨਾਲ ਜੁੜਿਆ ਹੋਇਆ ਹੈ।

ਪਾਕਿਸਤਾਨ ਸਰਹੱਦ 'ਤੇ ਨਸ਼ੇ ਭੇਜਣ ਲਈ ਡ੍ਰੋਨਾਂ ਦੀ ਵਰਤੋਂ ਕਰ ਰਿਹਾ ਹੈ। ਕਈ ਵਾਰ ਸੀਮਾ ਸੁਰੱਖਿਆ ਬਲ ਨੇ ਡਰੋਨਾਂ ਨੂੰ ਨਸ਼ਟ ਕਰਨ ਦੀ ਕਾਰਵਾਈ ਵੀ ਕੀਤੀ ਹੈ। ਅੱਜ ਇੱਥੇ ਟੀਕੇ, ਚਿੱਟਾ, ਅਫੀਮ, ਗਾਂਜਾ, ਹਸ਼ੀਸ਼ ਅਤੇ ਹੋਰ ਕਈ ਤਰ੍ਹਾਂ ਦੇ ਮਹਿੰਗੇ ਨਸ਼ੇ ਆਸਾਨੀ ਨਾਲ ਮਿਲ ਜਾਣਗੇ। ਇਸ ਸਬੰਧੀ ਖ਼ਬਰਾਂ ਹਰ ਰੋਜ਼ ਮੀਡੀਆ ਦੀਆਂ ਸੁਰਖੀਆਂ ਵਿਚ ਰਹਿੰਦੀਆਂ ਹਨ। ਨਸ਼ੇ ਦਾ ਸੇਵਨ ਕਰਨ ਵਾਲੀ ਨੌਜਵਾਨ ਪੀੜ੍ਹੀ ਵਿਚ ਵੱਡੀ ਗਿਣਤੀ ਮੁਟਿਆਰਾਂ ਦੀ ਵੀ ਹੈ। ਤੰਬਾਕੂ ਅਤੇ ਸ਼ਰਾਬ ਦਾ ਨਸ਼ਾ ਆਮ ਹੈ। ਅੱਜ-ਕੱਲ੍ਹ ਨੌਜਵਾਨਾਂ ਵਿਚ ਸੁੰਘਣ ਦਾ ਨਸ਼ਾ ਵੀ ਬਹੁਤ ਪ੍ਰਚਲਿਤ ਹੈ। ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆ ਭਰ ਵਿਚ ਨਸ਼ਿਆਂ ਦੇ ਅੰਕੜੇ ਬਹੁਤ ਹੀ ਡਰਾਉਣੇ ਹਨ। ਅੰਕੜਿਆਂ ਅਨੁਸਾਰ ਅੱਜ ਤਕਰੀਬਨ 1.1 ਕਰੋੜ ਲੋਕ ਨਸ਼ੇ ਦਾ ਟੀਕਾ ਲਗਾਉਂਦੇ ਹਨ ਜਿਨ੍ਹਾਂ ਵਿੱਚੋਂ ਲਗਪਗ 13 ਲੱਖ ਨੂੰ ਐਚਆਈਵੀ, 55 ਕੁ ਲੱਖ ਨੂੰ ਹੈਪੇਟਾਈਟਸ-ਸੀ ਦੀ ਬਿਮਾਰੀ ਹੈ ਅਤੇ ਲਗਪਗ 10 ਲੱਖ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਐਚਆਈਵੀ ਤੇ ਹੈਪੇਟਾਈਟਸ-ਸੀ ਦੋਵੇਂ ਹਨ। ਡਰੱਗ ਵਾਰ ਡਿਸਟਰਕਸ਼ਨ ਐਂਡ ਵਰਡੋਮੀਟਰ ਦੀ ਇਕ ਰਿਪੋਰਟ ਅਨੁਸਾਰ ਦੁਨੀਆ ਭਰ ਵਿਚ ਨਸ਼ੀਲੇ ਪਦਾਰਥਾਂ ਦਾ ਗ਼ੈਰ-ਕਾਨੂੰਨੀ ਵਪਾਰ ਲਗਪਗ 30 ਲੱਖ ਕਰੋੜ ਰੁਪਏ ਸਾਲਾਨਾ ਦਾ ਹੈ। ਨੈਸ਼ਨਲ ਡਰੱਗ ਡਿਪੈਂਡੈਂਟ ਟ੍ਰੀਟਮੈਂਟ (ਐਨਡੀਡੀਟੀ), ਏਮਜ਼ ਦੀ ਸਾਲ 2019 ਦੀ ਰਿਪੋਰਟ ਦੱਸਦੀ ਹੈ ਕਿ ਇਕੱਲੇ ਭਾਰਤ ਵਿਚ ਹੀ ਲਗਪਗ 16 ਕਰੋੜ ਲੋਕ ਸ਼ਰਾਬ ਦਾ ਸੇਵਨ ਕਰਦੇ ਹਨ। ਰਿਪੋਰਟ ਦੇ ਅੰਕੜੇ ਦਰਸਾਉਂਦੇ ਹਨ ਕਿ ਦੇਸ਼ ਦੀ ਲਗਪਗ 20 ਪ੍ਰਤੀਸ਼ਤ ਆਬਾਦੀ (10-75 ਸਾਲ ਦੇ ਵਿਚਕਾਰ) ਵੱਖ-ਵੱਖ ਕਿਸਮਾਂ ਦੇ ਨਸ਼ਿਆਂ ਦਾ ਸ਼ਿਕਾਰ ਹੈ। ਨਵੰਬਰ 2024 ਵਿਚ ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਨੇ ਰਾਜਧਾਨੀ ਦਿੱਲੀ ਵਿਚ 80 ਕਿੱਲੋਗ੍ਰਾਮ ਤੋਂ ਵੱਧ ਕੋਕੀਨ ਜ਼ਬਤ ਕੀਤੀ ਸੀ ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ ਤਕਰੀਬਨ 900 ਕਰੋੜ ਰੁਪਏ ਹੈ।

ਉਸੇ ਮਹੀਨੇ ਭਾਰਤੀ ਜਲ ਸੈਨਾ, ਗੁਜਰਾਤ ਏਟੀਐਸ ਤੇ ਐਨਸੀਬੀ ਨੇ ਗੁਜਰਾਤ ਤੱਟ ਤੋਂ 700 ਕਿੱਲੋਗ੍ਰਾਮ ਮੈਥਾਮਫੇਟਾਮਾਈਨ ਜ਼ਬਤ ਕੀਤੀ ਤੇ ਇਸ ਮਾਮਲੇ ਵਿਚ ਅੱਠ ਈਰਾਨੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਪਹਿਲਾਂ ਅਕਤੂਬਰ 2024 ਵਿਚ ਵੀ ਦਿੱਲੀ ਪੁਲਿਸ ਨੇ ਪੱਛਮੀ ਦਿੱਲੀ ਦੇ ਇਕ ਗੋਦਾਮ ਤੋਂ 200 ਕਿੱਲੋਗ੍ਰਾਮ ਕੋਕੀਨ ਜ਼ਬਤ ਕੀਤੀ ਸੀ ਜਿਸ ਦੀ ਕੀਮਤ ਲਗਭਗ 2400 ਕਰੋੜ ਰੁਪਏ ਦੱਸੀ ਜਾਂਦੀ ਹੈ। ਇਸ ਤੋਂ ਪਹਿਲਾਂ ਇਕ ਅਕਤੂਬਰ ਨੂੰ ਵੀ ਦਿੱਲੀ ਦੇ ਮਹੀਪਾਲਪੁਰ ਤੋਂ 562 ਕਿੱਲੋ ਕੋਕੀਨ ਬਰਾਮਦ ਹੋਈ ਸੀ। ਦੋਵਾਂ ਮਾਮਲਿਆਂ ਵਿਚ ਅੰਤਰਰਾਸ਼ਟਰੀ ਡਰੱਗ ਕਾਰਟਲ ਦਾ ਆਗੂ ਉਹੀ ਵਿਅਕਤੀ ਹੈ ਜੋ ਦੁਬਈ ਨਾਲ ਸਬੰਧਤ ਸੀ। ਪੰਜਾਬ ਦੀ ਗੱਲ ਕਰੀਏ ਤਾਂ ਪਿਛਲੇ ਕੁਝ ਮਹੀਨਿਆਂ ਦੌਰਾਨ ਹੀ ਪੰਜਾਬ ਪੁਲਿਸ ਨੇ 153 ਵੱਡੇ ਆਪ੍ਰੇਟਰਾਂ ਸਮੇਤ 10,524 ਤਸਕਰਾਂ ਨੂੰ 13 ਕਰੋੜ ਰੁਪਏ ਤੋਂ ਵੱਧ ਦੀ ਡਰੱਗ ਮਨੀ ਸਮੇਤ 790 ਕਿੱਲੋਗ੍ਰਾਮ ਹੈਰੋਇਨ, 860 ਕਿੱਲੋਗ੍ਰਾਮ ਅਫੀਮ ਸਮੇਤ ਕਾਬੂ ਕੀਤਾ। ਸੰਨ 2024 'ਚ ਸੀਮਾ ਸੁਰੱਖਿਆ ਬਲ ਨੇ ਪਾਕਿਸਤਾਨ ਨਾਲ ਲੱਗਦੀ ਪੰਜਾਬ ਦੀ ਸਰਹੱਦ ਤੋਂ 183 ਡ੍ਰੋਨ ਜ਼ਬਤ ਕੀਤੇ ਜੋ ਕਿ 2023 ਵਿਚ ਬਰਾਮਦ ਕੀਤੇ ਗਏ 107 ਡ੍ਰੋਨਾਂ ਤੋਂ ਕਿਤੇ ਵੱਧ ਹਨ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਪੰਜਾਬ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਈਰਾਨ ਦੇ ਅਖੌਤੀ ਗੋਲਡਨ ਕ੍ਰੀਸੈਂਟ ਤੋਂ ਤਸਕਰੀ ਕਰਨ ਵਾਲੇ ਨਸ਼ਿਆਂ ਦਾ ਇਕ ਆਵਾਜਾਈ ਪੁਆਇੰਟ ਅਤੇ ਬਾਜ਼ਾਰ ਹੈ।

ਹਿਮਾਚਲ 'ਚ ਵੀ ਪੁਲਿਸ ਨੇ 10 ਪੁਲਿਸ ਜ਼ਿਲ੍ਹਿਆਂ 'ਚ ਛਾਪੇਮਾਰੀ ਦੌਰਾਨ ਨਾਜਾਇਜ਼ ਨਸ਼ਾ ਤਸਕਰੀ ਦੇ ਮਾਮਲੇ 'ਚ 7 ਗ੍ਰਿਫ਼ਤਾਰੀਆਂ ਕੀਤੀਆਂ ਹਨ ਤੇ 100 ਗ੍ਰਾਮ ਚੂਰਾ-ਪੋਸਤ ਸਮੇਤ 10 ਕਿੱਲੋ ਚੂਰਾ ਪੋਸਤ ਬਰਾਮਦ ਕੀਤਾ। ਗੁਜਰਾਤ ਦੀ ਗੱਲ ਕਰੀਏ ਤਾਂ ਨੇਵੀ, ਐਨਸੀਬੀ, ਗੁਜਰਾਤ ਪੁਲਿਸ ਅਤੇ ਏਟੀਐਸ ਦੀ ਸਾਂਝੀ ਟੀਮ ਨੇ ਨਸ਼ੀਲੇ ਪਦਾਰਥਾਂ ਦੀ ਇਕ ਵੱਡੀ ਖੇਪ ਫੜੀ ਸੀ ਅਤੇ ਇਕ ਕਿਸ਼ਤੀ ਵਿੱਚੋਂ 8 ਈਰਾਨੀ ਨਾਗਰਿਕਾਂ ਨੂੰ 700 ਕਿੱਲੋ ਮੈਥਾਮਫੇਟਾਮਾਈਨ ਸਮੇਤ ਗ੍ਰਿਫ਼ਤਾਰ ਕੀਤਾ ਸੀ। ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਦੀ ਕੀਮਤ ਲਗਪਗ 3500 ਕਰੋੜ ਰੁਪਏ ਦੱਸੀ ਜਾ ਰਹੀ ਹੈ। ਮਈ 2024 'ਚ ਕੇਰਲ ਵਿਚ ਜ਼ਬਤ ਕੀਤੇ ਗਏ 2525 ਕਿੱਲੋ ਉੱਚ ਗੁਣਵੱਤਾ ਵਾਲੇ ਮੈਥਾਮਫੇਟਾਮਾਈਨ ਡਰੱਗ ਦੀ ਕੀਮਤ 25 ਹਜ਼ਾਰ ਕਰੋੜ ਰੁਪਏ ਦੱਸੀ ਜਾਂਦੀ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਉੱਚ ਸਾਖਰਤਾ ਦਰ ਦੇ ਬਾਵਜੂਦ ਕੇਰਲ ਵਰਗਾ ਸੂਬਾ ਵੀ ਨਸ਼ਿਆਂ ਦੀ ਲਪੇਟ ਵਿਚ ਹੈ। ਅੱਜ ਨਸ਼ਾ ਤਸਕਰ ਨਸ਼ੇ ਫੈਲਾਉਣ ਲਈ ਟੈਕਨਾਲੋਜੀ ਦਾ ਸਹਾਰਾ ਲੈ ਰਹੇ ਹਨ ਜਿਵੇਂ ਕਿ ਡ੍ਰੋਨ ਤਸਕਰੀ, ਕੋਡ ਵਰਡ, ਸੋਸ਼ਲ ਨੈੱਟਵਰਕਿੰਗ ਸਾਈਟਾਂ ਦੀ ਵਰਤੋਂ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਹੈ। ਹਾਲਾਂਕਿ, ਸਰਕਾਰ ਦੇ ਨਾਲ-ਨਾਲ ਸੁਪਰੀਮ ਕੋਰਟ ਨੇ ਵੀ ਦੇਸ਼ ਵਿਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਇਨ੍ਹਾਂ ਦੇ ਵਧ ਰਹੇ ਪ੍ਰਸਾਰ ਦਾ ਨੋਟਿਸ ਲਿਆ ਹੈ। ਲੋਕ ਜਾਗਰੂਕਤਾ ਮੁਹਿੰਮਾਂ, ਨਸ਼ਾ ਛੁਡਾਊ ਅਤੇ ਮੁੜ-ਵਸੇਬਾ ਪ੍ਰੋਗਰਾਮ ਚੱਲ ਰਹੇ ਹਨ ਤੇ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਚੱਲ ਰਹੀ ਹੈ। ਇਸ ਦੇ ਬਾਵਜੂਦ ਭਾਰਤ ਨਸ਼ਿਆਂ ਦਾ ਗੜ੍ਹ ਬਣ ਰਿਹਾ ਹੈ।

ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਨਸ਼ੇ ਬਹੁਤ ਹੀ ਗੁੰਝਲਦਾਰ ਤੇ ਬਹੁ-ਆਯਾਮੀ ਮੁੱਦਾ ਹਨ ਜੋ ਦੇਸ਼ ਦੀ ਜਨਤਕ ਸਿਹਤ ਤੇ ਸਮਾਜਿਕ ਤਾਣੇ-ਬਾਣੇ ਨੂੰ ਨੁਕਸਾਨ ਪਹੁੰਚਾ ਰਹੇ ਹਨ। ਨਸ਼ਿਆਂ 'ਚ ਲਗਾਤਾਰ ਵਾਧੇ ਕਾਰਨ ਨਿੱਜੀ ਜੀਵਨ ਵਿਚ ਉਦਾਸੀ, ਪਰਿਵਾਰਕ ਕਲੇਸ਼, ਪੇਸ਼ੇਵਰ ਅਯੋਗਤਾ ਤੇ ਸਮਾਜਿਕ ਸਹਿ-ਹੋਂਦ ਵਰਗੀਆਂ ਕਈ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਨਸ਼ਿਆਂ ਕਾਰਨ ਨਾ ਸਿਰਫ਼ ਧਨ-ਦੌਲਤ ਤੇ ਸਿਹਤ ਦਾ ਨੁਕਸਾਨ ਹੋ ਰਿਹਾ ਹੈ, ਦੇਸ਼ ਦੀ ਸਾਖ਼ ਵੀ ਦਾਅ 'ਤੇ ਲੱਗ ਰਹੀ ਹੈ।

ਵਰਣਨਯੋਗ ਹੈ ਕਿ ਸਾਡੇ ਦੇਸ਼ 'ਚ ਨਾਰਕੋਟਿਕਸ ਡਰੱਗ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ 1985 ਲਾਗੂ ਕੀਤਾ ਗਿਆ ਸੀ ਜਿਸ ਨੂੰ ਪ੍ਰਭਾਵੀ ਬਣਾਉਣ ਲਈ 2014 ਵਿਚ ਇਕ ਸੋਧ ਬਿੱਲ ਲਿਆਂਦਾ ਗਿਆ ਸੀ। ਇਸ ਦੇ ਆਧਾਰ 'ਤੇ 2015 'ਚ ਨਵਾਂ ਕਾਨੂੰਨ ਬਣਾਇਆ ਗਿਆ ਸੀ ਪਰ ਭਾਰਤੀ ਕਾਨੂੰਨ ਕੁਝ ਹੱਦ ਤੱਕ ਲਚਕਦਾਰ ਹੈ ਤੇ ਨਸ਼ਾ ਤਸਕਰ, ਡਰੱਗ ਮਾਫ਼ੀਆ ਕਾਨੂੰਨ ਦੀ ਲਚਕਤਾ, ਸਿਆਸੀ ਮਿਲੀਭੁਗਤ ਤੇ ਪ੍ਰਭਾਵ ਦਾ ਫ਼ਾਇਦਾ ਉਠਾ ਕੇ ਪੁਲਿਸ ਤੇ ਕਾਨੂੰਨ ਦੀ ਪਕੜ ਤੋਂ ਆਸਾਨੀ ਨਾਲ ਬਚ ਨਿਕਲਦੇ ਹਨ। ਭਾਰਤ ਨੂੰ ਸਿੰਗਾਪੁਰ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ ਜਿੱਥੇ ਨਸ਼ਾ ਵਿਰੋਧੀ ਕਾਨੂੰਨ ਸਾਰੀ ਦੁਨੀਆ ਤੋਂ ਸਖ਼ਤ ਹਨ। ਜ਼ਿਕਰਯੋਗ ਹੈ ਕਿ ਉੱਥੋਂ ਦੇ ਕਾਨੂੰਨ ਤਹਿਤ ਜੇ ਕੋਈ 500 ਗ੍ਰਾਮ ਤੋਂ ਵੱਧ ਗਾਂਜੇ ਜਾਂ 15 ਗ੍ਰਾਮ ਤੋਂ ਵੱਧ ਹੈਰੋਇਨ ਦੀ ਤਸਕਰੀ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ।

# ਔਰਤਾਂ 'ਤੇ ਹੁੰਦੇ ਤਸ਼ੱਦਦ ਈਰਾਨ ਦੀ ਜੇਲ੍ਹਾਂ ਬਦਨਾਮ ਕਿਉਂ

ਬਿਨਾਂ ਖਿੜਕੀ ਦੇ ਇੱਕ ਕੋਠੜੀ ਵਿੱਚ ਫਰਸ਼ ਤੇ ਇਕੱਲੀ ਬੈਠੀ ਨਸੀਮ ਨੂੰ ਦੂਜਿਆਂ ਨੂੰ ਤਸੀਹੇ ਦੇਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਗਾਰਡ ਦਰਵਾਜ਼ਾ ਜ਼ੋਰ-ਜ਼ੋਰ ਨਾਲ ਭੰਨਦਾ ਹੈ ਅਤੇ ਕਹਿੰਦਾ ਹੈ, "ਕੀ ਤੈਨੂੰ ਕੁੱਟਮਾਰ ਦੀਆਂ ਆਵਾਜ਼ਾਂ ਆ ਰਹੀਆਂ ਹਨ, ਤਿਆਰ ਹੋ ਜਾ , ਅਗਲੀ ਵਾਰੀ ਤੇਰੀ ਹੈ।" ਉਨ੍ਹਾਂ ਕੋਲੋਂ ਰੋਜ਼ਾਨਾ "10-12 ਘੰਟੇ ਪੁੱਛਗਿੱਛ ਕੀਤੀ ਜਾਂਦੀ ਸੀ" ਅਤੇ ਵਾਰ-ਵਾਰ ਫਾਂਸੀ ਦੀ ਧਮਕੀ ਦਿੱਤੀ ਜਾਂਦੀ ਸੀ। ਖਾਲ੍ਹੀ ਕੋਠੜੀ, ਜੋ ਮੁਸ਼ਕਲ ਦੋ-ਕੁ ਮੀਟਰ ਚੌੜੀ ਹੋਣੀ, ਉਸ ਵਿੱਚ ਨਾ ਤਾਂ ਕੋਈ ਬਿਸਤਰਾ ਸੀ ਅਤੇ ਨਾ ਹੀ ਕੋਈ ਬਾਥਰੂਮ। 36 ਸਾਲਾ ਹੇਅਰ ਡ੍ਰੈਸਰ ਨੂੰ ਚਾਰ ਮਹੀਨੇ ਇਕਾਂਤ ਕੈਦ ਵਿੱਚ ਬਿਤਾਉਣ ਤੋਂ ਬਾਅਦ ਈਰਾਨ ਦੀ ਬਦਨਾਮ ਏਵਿਨ ਜੇਲ੍ਹ ਵਿੱਚ ਪ੍ਰਵੇਸ਼ ਮਿਲਿਆ। ਉਨ੍ਹਾਂ ਨੇ ਪੁੱਛ-ਪੜਤਾਲ ਕਰਨ ਵਾਲਿਆਂ ਨੂੰ ਹੀ ਦੇਖਿਆ ਸੀ। ਉਨ੍ਹਾਂ ਨੂੰ ਲੱਗਾ ਕਿ ਉਹ "ਮਰ ਜਾਵੇਗੀ ਅਤੇ ਕਿਸੇ ਨੂੰ ਪਤਾ ਨਹੀਂ ਲੱਗੇਗਾ।" ਅਸੀਂ ਨਸੀਮ ਅਤੇ ਹੋਰਨਾਂ ਔਰਤਾਂ ਲਈ ਰੋਜ਼ਾਨਾ ਜ਼ਿੰਦਗੀ ਬਾਰੇ ਜਾਣਨ ਲਈ ਭਰੋਸੇਯੋਗ ਸਰੋਤਾਂ ਤੋਂ ਵੇਰਵੇ ਇਕੱਠੇ ਕੀਤੇ ਹਨ, ਜੋ ਵਰਤਮਾਨ ਵਿੱਚ ਏਵਿਨ ਜੇਲ੍ਹ ਵਿੱਚ ਬੰਦ ਹਨ। ਸਤੰਬਰ 2022 ਵਿੱਚ 22 ਸਾਲਾ ਮਾਹਸਾ ਅਮੀਨੀ ਦੀ ਮੌਤ ਤੋਂ ਬਾਅਦ "ਔਰਤਾਂ, ਜੀਵਨ, ਆਜ਼ਾਦੀ" ਵਿਰੋਧ ਪ੍ਰਦਰਸ਼ਨਾਂ ਦੇ ਸਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਹਜ਼ਾਰਾਂ ਲੋਕਾਂ ਵਿੱਚੋਂ ਕਈ ਲੋਕ ਸ਼ਾਮਲ ਸਨ। ਮਾਹਸਾ ਨੂੰ ਕਥਿਤ ਤੌਰ ਤੇ ਈਰਾਨੀ ਕਾਨੂੰਨਾਂ ਨੂੰ ਤੋੜਨ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਦੇ ਤਹਿਤ ਔਰਤਾਂ ਨੂੰ ਹਿਜਾਬ ਪਹਿਨਣਾ ਜ਼ਰੂਰੀ ਹੈ ਅਤੇ ਪੁਲਿਸ ਹਿਰਾਸਤ ਵਿੱਚ ਉਨ੍ਹਾਂ ਦੀ ਮੌਤ ਹੋ ਗਈ ਸੀ। ਹਾਲਾਂਕਿ ਲੋਕਾਂ ਨੇ ਰਿਹਾਅ ਹੋਣ ਤੋਂ ਬਾਅਦ ਏਵਿਨ ਦੀਆਂ ਸਥਿਤੀਆਂ ਬਾਰੇ ਗੱਲ ਕੀਤੀ ਹੈ, ਪ ਰ ਕੈਦੀਆਂ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਹਾਸਿਲ ਕਰਨਾ ਦੁਰਲਭ ਹੈ, ਜਦਕਿ ਉਹ ਅਜੇ ਵੀ ਅੰਦਰ ਹਨ।



ਜੋ ਅਸੀਂ ਸੁਣਿਆ ਹੈ, ਉਹ ਨਾ ਸਿਰਫ਼ ਬੇਰਹਿਮੀ ਨੂੰ ਦਰਸਾਉਂਦਾ ਹੈ, ਬਲਕਿ ਗੁੰਝਲਦਾਰ ਵਿਰੋਧਾਭਾਸ ਦਾ ਸਥਾਨ ਜਿੱਥੇ ਕੈਦੀ ਔਰਤਾਂ ਦੇ ਅਧਿਕਾਰਾਂ ਲਈ ਮੁਹਿੰਮ ਚਲਾਉਂਦੇ ਰਹਿੰਦੇ ਹਨ, ਉਨ੍ਹਾਂ ਦੇ ਲਗਾਈਆਂ ਗਈਆਂ ਪਾਬੰਦੀਆਂ ਨੂੰ ਚੁਣੌਤੀ ਦਿੰਦੇ ਰਹਿੰਦੇ ਹਨ। ਕੁਝ ਹੈਰਾਨੀਜਨਕ ਪਲ਼ ਵੀ ਹਨ, ਇੱਕ ਕੈਦੀ, ਜਿਸ ਨੂੰ ਕਈ ਵਾਰ ਆਪਣੇ ਪਤੀ ਨਾਲ ਇਕੱਲੇ ਸਮਾਂ ਬਿਤਾਉਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਉਹ ਗਰਭਵਤੀ ਵੀ ਹੋ ਗਈ ਹੈ। ਨਸੀਮ ਨੂੰ ਰੈਪ ਮਿਊਜ਼ਿਕ ਅਤੇ ਮੇਕਅੱਪ ਕਰਨਾ ਪਸੰਦ ਹੈ। ਉਨ੍ਹਾਂ ਨੂੰ ਆਪਣੇ ਦੋਸਤਾਂ ਨਾਲ ਅਪ੍ਰੈਲ 2023 ਵਿੱਚ ਹੋਏ ਰੋਸ-ਮੁਜ਼ਾਹਰਿਆਂ ਤੋਂ ਬਾਅਦ ਹਿਰਾਸਤ ਵਿੱਚ ਲਿਆ ਗਿਆ ਸੀ, ਜਿਨ੍ਹਾਂ ਵਿੱਚੋਂ ਇੱਕ ਨੂੰ ਸਰਕਾਰੀ ਕਾਰਵਾਈ ਦੌਰਾਨ ਮਾਰ ਦਿੱਤਾ ਗਿਆ ਸੀ। ਉਹ "ਸੜਕ 'ਤੇ ਮਰਨ ਵਾਲਿਆਂ ਬਾਰੇ ਸੋਚ ਕੇ ਪੁਛ ਪੜਤਾਲ ਤੋਂ ਬਚ ਗਈ। ਜਦੋਂ ਨਸੀਮ ਇਕਾਂਤ ਜੇਲ੍ਹ ਵਿੱਚੋਂ ਬਾਹਰ ਆਈ ਤਾਂ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਦੇਖਿਆ, ਉਨ੍ਹਾਂ ਨੇ ਉਸ ਦੇ ਸਰੀਰ 'ਤੇ ਕੱਟ ਅਤੇ ਸੱਟਾਂ ਦੇ ਨਿਸ਼ਾਨਾਂ ਬਾਰੇ ਦੱਸਿਆ ਹੈ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਉਸ ਨੂੰ ਝੂਠੇ ਬਿਆਨ ਦੇਣ ਲਈ ਤਸੀਹੇ ਦਿੱਤੇ ਗਏ ਹਨ।

ਰੋਸ ਮੁਜ਼ਾਹਰਿਆਂ ਤੋਂ ਬਾਅਦ ਰੇਜ਼ਵਾਨੇਹ ਨੂੰ ਉਨ੍ਹਾਂ ਦੇ ਪਤੀ ਦੇ ਨਾਲ ਸਾਲ 2023 ਵਿੱਚ ਵੀ ਗ੍ਰਿਫਤਾਰ ਕੀਤਾ ਗਿਆ ਸੀ। ਉਹ ਦੋਵੇਂ ਏਵਿਨ ਪਹੁੰਚ ਗਏ, ਜਿੱਥੇ ਮਰਦਾਂ ਅਤੇ ਔਰਤਾਂ ਲਈ ਵੱਖਰੇ ਸੈਕਸ਼ਨ ਹੁੰਦੇ ਹਨ। ਉਸ ਦੀ ਪੁੱਛ-ਗਿੱਛ ਕਰਨ ਵਾਲਿਆਂ ਨੇ ਕਿਹਾ ਕਿ ਉਹ ਉਸ ਦੇ ਪਤੀ ਨੂੰ ਮਾਰ ਦੇਣਗੇ ਅਤੇ "ਉਸ ਨੂੰ ਇੰਨਾ ਕੁੱਟਣਗੇ ਕਿ ਉਹ ਕੋਲੇ ਵਰਗਾ ਕਾਲਾ ਅਤੇ ਬੈਂਗਣ ਵਾਂਗ ਬੈਂਗਣੀ ਹੋ ਜਾਵੇਗਾ।"

ਇਕਾਂਤ ਕੈਦ, ਪੁੱਛਗਿੱਛ ਅਤੇ ਬੇਇੱਜ਼ਤੀ ਤੋਂ ਬਾਅਦ, ਨਸੀਮ ਨੂੰ ਮਹਿਲਾ ਵਿੰਗ ਵਿਚ ਲਿਜਾਇਆ ਗਿਆ, ਜਿੱਥੇ ਰੇਜ਼ਵਾਨੇਹ ਸਮੇਤ ਲਗਭਗ 70 ਲੋਕਾਂ ਨੂੰ ਰੱਖਿਆ ਗਿਆ, ਜਿਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਸਿਆਸੀ ਇਲਜ਼ਾਮਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਇਹ ਉਹ ਥਾਂ ਹੈ ਜਿੱਥੇ ਬ੍ਰਿਟਿਸ਼-ਈਰਾਨੀ ਨਾਗਰਿਕ ਨਾਜ਼ਨੀਨ ਜ਼ਗਰੀ-ਰਤਸਿਲਫ਼ੇ ਨੇ ਆਪਣੀ ਸਜ਼ਾ ਦੇ ਲਗਭਗ ਚਾਰ ਸਾਲ ਬਿਤਾਏ, ਜਿਨ੍ਹਾਂ ਨੂੰ 2022 ਵਿੱਚ ਯੂਕੇ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ।

ਇੱਥੇ ਜ਼ਿਆਦਾਤਰ ਔਰਤਾਂ, ਆਪਣੀ ਸਰਗਰਮੀ ਕਾਰਨ, ਪ੍ਰਚਾਰ ਫੈਲਾਉਣ, ਸ਼ਾਸਨ ਵਿਰੁੱਧ ਹਥਿਆਰ ਚੁੱਕਣ ਅਤੇ ਕੌਮੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਵਰਗੇ ਜੁਰਮਾਂ ਲਈ ਸਜ਼ਾ ਭੁਗਤ ਚੁੱਕੀਆਂ ਹਨ। ਉਹ ਚਾਰ ਭੀੜ-ਭੜੱਕੇ ਵਾਲੀਆਂ ਕੋਠੜੀਆਂ ਵਿੱਚ ਰਹਿੰਦੀਆਂ ਹਨ, ਹਰੇਕ ਕੋਠੜੀ ਵਿੱਚ 20 ਲੋਕ ਹੁੰਦੇ ਹਨ, ਬੰਕ ਬੈੱਡ, ਤਿੰਨ-ਉੱਚੇ ਸਟੈਕ ਵਾਲੇ ਹਨ।

ਤੰਗ ਕਮਰਿਆਂ ਵਿੱਚ ਇਕੱਠੇ ਰਹਿਣ ਨਾਲ ਅਕਸਰ ਮਨ-ਮੁਟਾਅ ਹੁੰਦਾ ਹੈ ਅਤੇ ਕਦੇ-ਕਦੇ ਲੜਾਈ-ਝਗੜੇ ਵੀ ਹੁੰਦੇ ਹਨ, ਸਰੀਰਕ ਅਤੇ ਮੌਖਿਕ ਦੋਵਾਂ ਹੀ ਤਰ੍ਹਾਂ ਦੇ। ਪਰ ਔਰਤਾਂ ਇੱਕ-ਦੂਜੇ ਨਾਲ ਮਜ਼ਬੂਤ ਰਿਸ਼ਤੇ ਵੀ ਬਣਾਉਂਦੀਆਂ ਹਨ। ਠੰਢ ਵਿੱਚ, "ਹਰ ਕੋਈ ਠੰਢ ਨਾਲ ਕੰਬ ਰਿਹਾ ਹੁੰਦਾ ਹੈ" ਅਤੇ ਔਰਤਾਂ ਗਰਮ ਰਹਿਣ ਲਈ "ਗਰਮ ਪਾਣੀ ਦੀਆਂ ਬੋਤਲਾਂ ਲੈ ਕੇ ਘੁੰਮਦੀਆਂ ਹਨ।" ਗਰਮੀਆਂ ਵਿੱਚ ਉਹ ਪਸੀਨੇ ਨਾਲ ਭਿੱਜ ਜਾਂਦੀਆਂ ਹਨ। ਇੱਕ ਛੋਟੀ ਜਿਹੀ ਰਸੋਈ ਵਾਲਾ ਖੇਤਰ ਹੈ, ਜਿਸ ਵਿੱਚ ਦੋ ਚੁੱਲੇ ਹਨ, ਜੇਕਰ ਉਨ੍ਹਾਂ ਕੋਲ ਜੇਲ੍ਹ ਦੀ ਦੁਕਾਨ ਤੋਂ ਖਾਣਾ ਖਰੀਦਣ ਲਈ ਲੋੜੀਂਦੇ ਪੈਸੇ ਹਨ, ਤਾਂ ਉਹ ਆਪਣੇ ਲਈ ਖਾਣਾ ਬਣਾ ਸਕਦੀਆਂ ਹਨ ਤਾਂ ਜੋ ਉਨ੍ਹਾਂ ਦੀ ਕੋਠੜੀ ਵਿੱਚ ਭੋਜਨ ਦੀ ਬੁਨਿਆਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ।

ਕੋਰੀਡੋਰ ਦੇ ਅੰਤ ਵਿੱਚ ਇੱਕ ਹਨੇਰਾ, ਗੰਦਾ ਖੇਤਰ ਸਿਗਰਟਨੋਸ਼ੀ ਖੇਤਰ ਵਜੋਂ ਕੰਮ ਆਉਂਦਾ ਹੈ। ਪੌਦਿਆਂ ਲਈ ਥੋੜ੍ਹੀ ਥਾਂ ਅਤੇ ਵਾਲੀਬਾਲ ਨੈੱਟ ਵਾਲਾ ਇੱਕ ਛੋਟਾ ਸੀਮਿੰਟ ਵਾਲਾ ਵੀ ਹੈ। ਉਹ ਆਪਣੇ ਕੱਪੜੇ ਪਾ ਸਕਦੀਆਂ ਹਨ ਅਤੇ ਆਪਣੇ ਰਹਿਣ ਵਾਲੇ ਕੁਆਰਟਰਾਂ ਵਿੱਚ ਆਜ਼ਾਦੀ ਨਾਲ ਘੁੰਮ ਸਕਦੀਆਂ ਸਨ, ਜਿਸ ਵਿੱਚ ਦੋ ਬਾਥਰੂਮ ਵੀ ਹਨ। ਹਰ ਸ਼ਾਮ, ਉਹ ਟਾਇਲਟ ਦੀ ਵਰਤੋਂ ਕਰਨ ਅਤੇ ਆਪਣੇ ਦੰਦਾਂ ਨੂੰ ਬੁਰਸ਼ ਕਰਨ ਲਈ ਕਤਾਰ ਵਿੱਚ ਖੜ੍ਹੇ ਹੋਣਾ ਪੈਂਦਾ ਸੀ। ਇੱਥੇ ਸੀ, ਰੇਜ਼ਵਾਨੇਹ ਨੇ ਜਦੋਂ ਲਗਭਗ ਚਾਰ ਮਹੀਨੇ ਜੇਲ੍ਹ ਬਿਤਾਏ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਹ ਗਰਭਵਤੀ ਹੈ। ਉਹ ਕਈ ਸਾਲਾਂ ਤੋਂ ਬਾਂਝਪਨ ਨਾਲ ਜੂਝ ਰਹੇ ਸਨ ਅਤੇ ਉਨ੍ਹਾਂ ਨੇ ਬੱਚਾ ਹੋਣ ਦੀ ਉਮੀਦ ਛੱਡ ਦਿੱਤੀ ਸੀ। ਪਰ ਏਵਿਨ ਦੇ ਨਿਯਮਾਂ ਅਨੁਸਾਰ, ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਤੀ (ਅਜੇ ਵੀ ਪੁਰਸ਼ ਵਿੰਗ ਵਿੱਚ ਇੱਕ ਕੈਦੀ ਹਨ) ਨੂੰ ਕਦੇ-ਕਦਾਈਂ ਨਿੱਜੀ ਤੌਰ 'ਤੇ ਮਿਲਣ ਦੀ ਇਜਾਜ਼ਤ ਦਿੱਤੀ ਜਾਂਦੀ ਸੀ ਅਤੇ ਇਹਨਾਂ ਵਿੱਚੋਂ ਇੱਕ ਮੌਕੇ 'ਤੇ, ਉਹ ਗਰਭਵਤੀ ਹੋ ਗਈ ਸੀ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਗਰਭਵਤੀ ਹੈ ਤਾਂ ਉਹ "ਕਈ ਦਿਨਾਂ ਤੱਕ ਰੋਈ।" ਉਨ੍ਹਾਂ ਨੇ ਦੇਖਿਆ ਕਿ "ਸਭ ਤੋਂ ਭੈੜੀ ਚੀਜ਼ ਜੇਲ੍ਹ ਦੇ ਅੰਦਰ ਮਾਨਸਿਕ ਦਬਾਅ ਅਤੇ ਤਣਾਅ ਸੀ"। ਭੀੜ-ਭੜੱਕੇ ਵਾਲੀਆਂ ਕੋਠੜੀਆਂ ਵਿੱਚ ਇੱਕ ਸ਼ਾਂਤ ਜਗ੍ਹਾ ਲੱਭਣਾ, ਜਿੱਥੇ ਲੋਕ ਆਪਣੇ ਬਿਸਤਰੇ 'ਤੇ ਬੈਠ ਕੇ ਜ਼ਿਆਦਾਤਰ ਦਿਨ ਬਿਤਾਉਂਦੇ ਹਨ, ਇੱਕ ਲਗਾਤਾਰ ਚੁਣੌਤੀ ਸੀ।

ਜੇਲ੍ਹ ਵਿੱਚ ਉਨ੍ਹਾਂ ਨੂੰ ਸੇਬ ਦੇ ਜੂਸ, ਰੋਟੀ ਅਤੇ ਮੀਟ ਲਈ ਤਰਸਣਾ ਪੈਂਦਾ ਸੀ, ਜੋ ਕਿ ਹਾਸਲ ਕਰਨਾ ਮੁਸ਼ਕਲ ਸੀ। ਜਦੋਂ ਉਹ ਜੇਲ੍ਹ ਦੀ ਦੁਕਾਨ ਤੋਂ ਕੁਝ ਮੀਟ ਖਰੀਦਣ ਦੇ ਯੋਗ ਹੋਈ ਸੀ, ਤਾਂ ਇਹ ਬਾਹਰੀ ਮੀਟ ਦੀ ਕੀਮਤ ਨਾਲੋਂ ਘੱਟੋ ਘੱਟ ਦੁੱਗਣਾ ਮਹਿੰਗਾ ਸੀ। ਜੇਲ੍ਹ ਨੇ ਆਖ਼ਰਕਾਰ ਉਨ੍ਹਾਂ ਨੂੰ ਚਾਰ ਮਹੀਨਿਆਂ ਮਗਰੋਂ ਅਲਟਰਾਸਾਊਂਡ ਸਕੈਨ ਕਰਵਾਉਣ ਦੀ ਇਜਾਜ਼ਤ ਦਿੱਤੀ ਗਈ ਅਤੇ ਡਾਕਟਰਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦੇ ਕੁੜੀ ਹੋਣ ਵਾਲੀ ਹੈ।

ਜਿਵੇਂ ਕਿ ਉਨ੍ਹਾਂ ਨੇ "ਹਰ ਧੜਕਣ ਨੂੰ ਸੁਣਿਆ, ਉਮੀਦ ਦੀ ਭਾਵਨਾ ਮਜ਼ਬੂਤ ਹੋ ਗਈ।" ਪਰ ਉਨ੍ਹਾਂ ਨੂੰ ਡਰ ਸੀ ਕਿ ਜੇਲ੍ਹ ਦੇ ਹਾਲਾਤ ਬੱਚੇ ਦੀ ਸਿਹਤ ਨੂੰ ਖ਼ਤਰੇ ਵਿੱਚ ਪਾ ਸਕਦੇ ਹਨ। ਰੇਜ਼ਵਾਨੇਹ ਸਿਰਫ਼ ਆਪਣੀ ਖ਼ੁਰਾਕ ਬਾਰੇ ਹੀ ਚਿੰਤਤ ਨਹੀਂ ਸਨ, ਉਨ੍ਹਾਂ ਨੂੰ ਮਿਰਗੀ ਹੈ ਅਤੇ ਤਣਾਅ ਤੋਂ ਬਚਣ ਦੀ ਲੋੜ ਸੀ। ਜੇਲ੍ਹ ਦੇ ਡਾਕਟਰਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਗਰਭਪਾਤ ਦਾ ਖ਼ਤਰਾ ਹੈ। ਵਿਦਾ ਇੱਕ ਪੱਤਰਕਾਰ ਹਨ ਅਤੇ ਉਨ੍ਹਾਂ ਨੂੰ ਚਿੱਤਰਕਾਰੀ ਕਰਨਾ ਪਸੰਦ ਹੈ। ਉਹ ਕੈਨਵਸ ਲਈ ਬੈੱਡਸ਼ੀਟਾਂ ਦੀ ਵਰਤੋਂ ਕਰਦੇ ਹਨ ਅਤੇ ਹੋਰ ਔਰਤਾਂ ਦੀਆਂ ਤਸਵੀਰਾਂ ਬਣਾਉਂਦੇ ਹਨ। ਵਿਦਾ ਨੂੰ ਚੇਤਾਵਨੀ ਦਿੱਤੀ ਜਾਂਦੀ ਕਿ ਕੋਈ ਵੀ ਅਜਿਹੀ ਚੀਜ਼ ਨਾ ਤਸਵੀਰ ਵਿੱਚ ਉਲੀਕੇ, ਜਿਸ ਦਾ ਕੋਈ ਲੁਕਿਆ ਹੋਇਆ ਅਰਥ ਹੋਵੇ। ਉਨ੍ਹਾਂ ਨੇ ਵਿਹੜੇ ਦੀ ਕੰਧ 'ਤੇ ਟੁੱਟੀਆਂ ਇੱਟਾਂ ਨੂੰ ਪੇਂਟ ਕੀਤਾ, ਜਿਸ ਦੇ ਪਿੱਛੇ ਹਰਾ ਜੰਗਲ ਸੀ।

Sale

# Store Closing Soon

Sale

50 ਤੋਂ 70 ਫੀਸਦੀ ਤੱਕ ਛੋਟ

# PREET FABRICS & APPLIANCE



**Every Thing Must Go**

APPLIANCES & PARKER PENS, OSTER BLENDERS

Watches (Seiko, Citizen & Swistar)

Shavers & Trimmers Cellular Phones

and OSTER BLENDERS

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।

**556 MOWRY AVE. FREMONT. CA 94538**

**Tel- 510-797-7111**

Milan Cuisine

# Milan Cuisine

## Authentic Indian Flavors, Right Here in Fremont

Enjoy a wide range of Indian dishes, from mouth-watering appetizers to rich curries and biryanis.

ਨਵਾਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ

ਭਾਰਤੀ ਖਾਣਿਆਂ ਦਾ ਅਸਲੀ ਸੁਆਦ ਹੁਣ ਫਰੀਮਾਂਟ ਵਿਚ ਵੀ ਮਿਲਦਾ ਹੈ

ਵੱਡੀਆਂ ਪਾਰਟੀਆਂ / ਕੇਟਰਿੰਗ ਦਾ ਪ੍ਰਬੰਧ ਹੈ



We Specialize in **BREAKFAST, LUNCH, DINNER, TAKE-OUT**

OPEN 7 DAYS @ 10:00am - 10:00 pm

Indoor seating capacity of 200+ guests for parties and small functions. Patio seating capacity: 25+ guests

Call for booking/reservation



For Limited Time offer

Breakfast (Chhole Bhatture or Praunthe) $9.99

Lunch or Dinner (Thali) $12.99 VEG | $17.99 NON VEG

**(510) 358-2350**



ਪਰਦੇਸ ਟਾਇਮਜ ਦਾ ਨਾਂ ਲੈਣ 'ਤੇ ਕੇਟਰਿੰਗ ਵਿਚ 10% ਛੋਟ



**3860 Mowry Ave. Fremont CA. 94538, Fremont Plaza, Backside Baskin Robbins**

info@milancuisine.com www.milancuisine.com